SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ

# ਦੇਸ਼ ਦੁਆਬਾ

VOL -10 ISSUE - 38
December 29, 2021
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਨਵੇਂ ਸਾਲ 2022 ਦੀਆਂ ਲੱਖ-ਲੱਖ ਵਧਾਈਆਂ। ਅਸੀਂ ਦੁਆ ਕਰਦੇ ਹਾਂ ਕਿ ਨਵਾਂ ਸਾਲ ਆਪ ਸਭ ਲਈ ਆਪਾਰ ਖੁਸ਼ੀਆਂ-ਖੇੜੇ, ਤੰਦਰੁਸਤੀਆਂ ਲੈ ਕੇ ਆਵੇ।

**ਗੁਰੂ ਘਰ ਦੇ ਸਬੰਧਤ ਪ੍ਰੋਗਰਾਮਾਂ ਬਾਰੇ ਜਾਣਕਾਰੀ ਲਈ ਦੇਖੋ ਪੰਨਾ ਨੰਬਰ 17**

# ਲੱਖਾਂ ਸੰਗਤਾਂ ਦੀ ਸ਼ਮੂਲੀਅਤ ਨਾਲ ਸ਼ਹੀਦੀ ਜੋੜ ਮੇਲਾ ਸੰਪੰਨ

## ਦੂਜੇ ਦਿਨ ਮੁੱਖ ਮੰਤਰੀ ਚੰਨੀ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ 'ਚ ਨਤਮਸਤਕ ਹੋਏ





**ਫ਼ਤਹਿਗੜ੍ਹ ਸਾਹਿਬ (ਬਿਊਰੋ)–** ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰ ਕੌਰ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਸ਼ਹੀਦੀ ਸਭਾ ਭਾਵੇਂ ਬੀਤੇ ਦਿਨੀਂ ਸਮਾਪਤ ਹੋ ਗਈ ਸੀ, ਪਰ ਸ਼ਰਧਾਲੂਆਂ ਦੀ ਇਸ ਪਵਿੱਤਰ ਸਥਾਨ 'ਤੇ ਨਤਮਸਤਕ ਹੋਣ ਲਈ ਆਮਦ ਅਜੇ ਜਾਰੀ ਰਹੀ। ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ 96ਵੇਂ ਕਰੋੜੀ ਦੀ ਅਗਵਾਈ ਹੇਠ ਗੁਰਦੁਆਰਾ ਬਿਬਾਨਗੜ੍ਹ ਛਾਉਣੀ ਬੁੱਢਾ ਦਲ ਤੋਂ ਮਹੱਲਾ ਕੱਢਿਆ ਗਿਆ। ਇਸ ਤੋਂ ਪਹਿਲਾਂ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਹੈਡ ਗ੍ਰੰਥੀ ਬਾਬਾ ਮੱਘਰ ਸਿੰਘ ਨੇ ਗੁਰਬਾਣੀ ਦਾ ਕੀਰਤਨ ਕੀਤਾ। ਬਾਬਾ ਬਲਬੀਰ ਸਿੰਘ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਾਰ ਸਿੰਘ, ਬਾਬਾ ਫ਼ਤਹਿ ਸਿੰਘ ਤੇ ਮਾਤਾ ਗੁਜਰੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਸ਼ਹੀਦੀ ਜੋੜ ਮੇਲ ਦੇ ਦੂਜੇ ਦਿਨ ਜਿੱਥੇ ਲੱਖਾਂ ਦੀ ਗਿਣਤੀ ਵਿੱਚ ਸੰਗਤ ਨਤਮਸਤਕ ਹੋਈ, ਉੱਥੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਗੁਰੂ ਘਰ ਵਿਚ ਮੱਥਾ ਟੇਕਿਆ।

**(ਬਾਕੀ ਸਫਾ 7 'ਤੇ)**

ਦੇਸ਼ ਦੁਆਬਾ

**2022**

**ਨਵੇਂ ਸਾਲ ਦੀਆਂ ਲੱਖ-ਲੱਖ ਮੁਬਾਰਕਾਂ**

Prem Kumar Chumber 916-947-8920

ਅਦਾਰਾ 'ਦੇਸ਼ ਦੁਆਬਾ' ਅਤੇ ਅੰਬੇਦਕਰ ਟਾਈਮਜ਼ ਵੱਲੋਂ ਆਪਣੇ ਸਾਰੇ ਹੀ ਮਾਣਯੋਗ ਪਾਠਕਾਂ, ਪ੍ਰਸ਼ੰਸਕਾਂ, ਸਹਿਯੋਗੀਆਂ, ਇਸ਼ਤਿਹਾਰਦਾਤਿਆਂ ਅਤੇ ਸਮੂਹ ਮਾਨਵਤਾ ਨੂੰ ਨਵੇਂ ਸਾਲ 2022 ਦੀਆਂ ਲੱਖ-ਲੱਖ ਵਧਾਈਆਂ। ਅਸੀਂ ਦੁਆ ਕਰਦੇ ਹਾਂ ਕਿ ਨਵਾਂ ਸਾਲ ਸਾਡੇ-ਤੁਹਾਡੇ ਜੀਵਨ ਵਿਚ ਖੁਸ਼ੀਆਂ-ਖੇੜੇ ਲੈ ਕੇ ਆਵੇ ਅਤੇ ਆਲਮੀ ਪੱਧਰ ਤੇ ਮਨੁੱਖਤਾ ਸ਼ਾਂਤੀ-ਸਹਿਹੋਂਦ ਨਾਲ ਵੱਸੇ।

**-ਪ੍ਰੇਮ ਕੁਮਾਰ ਚੁੰਬਰ (ਸੰਪਾਦਕ)**

# ਚੰਡੀਗੜ੍ਹ ਚੋਣਾਂ 'ਚ ਜੇਤੂ ਆਪ ਲਈ ਹੁਣ ਬਹੁਮਤ ਬਣਿਆ ਚਿੰਤਾ

**ਚੰਡੀਗੜ੍ਹ (ਬਿਊਰੋ)–** ਚੰਡੀਗੜ੍ਹ ਨਗਰ ਨਿਗਮ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਸਭ ਤੋਂ ਵੱਧ ਸੀਟਾਂ ਲੈ ਕੇ ਮੋਹਰੀ ਰਹੀ ਹੈ ਪਰ ਮੇਅਰ ਬਣਾਉਣ ਲਈ ਕਿਸੇ ਕੋਲ ਬਹੁਮਤ ਨਾ ਹੋਣ ਕਾਰਨ ਪੇਚਾ ਫਸ ਗਿਆ ਹੈ, ਜਿਸ ਲਈ ਸਾਰੀਆਂ ਸਿਆਸੀ ਪਾਰਟੀਆਂ ਜੋੜ-ਤੋੜ ਕਰ ਰਹੀਆਂ ਹਨ। ਇਸ ਦੌਰਾਨ ਆਮ ਆਦਮੀ ਪਾਰਟੀ (ਆਪ) ਪੰਜਾਬ ਮਾਮਲਿਆਂ ਦੇ ਸਹਿ-ਇੰਚਾਰਜ ਰਾਘਵ ਚੱਢਾ ਨੇ ਭਾਜਪਾ 'ਤੇ 'ਆਪ' ਦੇ ਤਿੰਨ ਕੌਂਸਲਰ ਖ਼ਰੀਦਣ ਦੇ ਦੋਸ਼ ਲਾਏ ਹਨ। 'ਆਪ' ਨੇ ਭਾਜਪਾ ਦੀ ਅਜਿਹੀ ਰਾਜਨੀਤੀ ਨੂੰ ਜਨਤਕ ਕਰਨ ਦੇ ਮੰਤਵ ਨਾਲ ਆਪਣੇ ਕੌਂਸਲਰਾਂ ਦੇ ਘਰਾਂ ਦੇ ਬਾਹਰ ਸੀਸੀਟੀਵੀ ਕੈਮਰੇ ਲਾ ਦਿੱਤੇ ਹਨ। ਇਸ ਤੋਂ ਇਲਾਵਾ ਮੋਬਾਈਲ ਰਿਕਾਰਡਿੰਗ ਮੋਡ 'ਤੇ ਲਾਉਣ ਦੀ ਹਦਾਇਤ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਭਾਜਪਾ ਮੁੜ ਅਜਿਹੀ ਕੋਸ਼ਿਸ਼ ਕਰਦੀ ਹੈ ਤਾਂ ਮੋਬਾਈਲ ਅਤੇ ਸੀਸੀਟੀਵੀ ਕੈਮਰਿਆਂ ਦੀ ਰਿਕਾਰਡਿੰਗ ਜਨਤਕ ਕੀਤੀ ਜਾਵੇਗੀ। ਸ੍ਰੀ ਚੱਢਾ ਨੇ ਦੋਸ਼ ਲਾਇਆ ਕਿ ਨਿਗਮ ਚੋਣਾਂ ਦੇ ਨਤੀਜੇ ਆਉਣ ਤੋਂ ਬਾਅਦ ਭਾਜਪਾ ਦੇ ਸੀਨੀਅਰ ਲੀਡਰਾਂ ਨੇ 'ਆਪ' ਦੇ ਤਿੰਨ ਕੌਂਸਲਰਾਂ ਨਾਲ ਸੰਪਰਕ ਕਰ ਕੇ ਪੈਸੇ ਦਾ ਲਾਲਚ ਦਿੱਤਾ ਜਿਸ ਵਿੱਚੋਂ ਦੋ ਕੌਂਸਲਰਾਂ ਨੂੰ 50-50 ਲੱਖ ਰੁਪਏ ਅਤੇ ਇੱਕ ਕੌਂਸਲਰ ਨੂੰ 75 ਲੱਖ ਰੁਪਏ ਦੇਣ ਦੀ




**(ਬਾਕੀ ਸਫਾ 4 'ਤੇ)**

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
MANDEEP SANDHU
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
BJ
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook
Follow us on Twitter
rajasweetsandcatering
rajasweets




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੈਂਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD. # 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com




HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com




Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# ਕਿਸਾਨ ਜਥੇਬੰਦੀਆਂ ਦੀ ਸਿਆਸਤ 'ਚ ਐਂਟਰੀ, ਪੰਜਾਬ ਚੋਣਾਂ 'ਚ ਬਣੇਗਾ ਪੰਜਵਾਂ ਕੋਣ

**ਚੰਡੀਗੜ੍ਹ** – ਹਾਲੇ ਤਕ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਆਹਮੋ-ਸਾਹਮਣੇ ਦੀ ਲੜਾਈ ਦਾ ਲੁਤਫ ਲੈਂਦੇ ਰਹੇ। ਵੋਟਰਾਂ ਨੇ ਪਿਛਲੀਆਂ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਦੇ ਰੂਪ ਵਿਚ ਲੜਾਈ ਦਾ ਤੀਸਰਾ ਕੋਣ ਵੀ ਦੇਖਿਆ ਸੀ। ਇਸ ਵਾਰ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੇ ਰਿਸ਼ਤੇ 'ਚ ਆਈ ਦਰਾੜ ਅਤੇ ਕੈਪਟਨ ਅਮਰਿੰਦਰ ਸਿੰਘ ਵੱਲੋਂ ਆਪਣੀ ਪਾਰਟੀ ਬਣਾ ਕੇ ਭਾਜਪਾ ਨਾਲ ਜਾਣ ਤੋਂ ਬਾਅਦ ਲੜਾਈ ਸਮਕੋਣੀ ਹੋ ਗਈ ਸੀ ਪਰ ਕਿਸਾਨ ਜਥੇਬੰਦੀਆਂ ਨੇ ਅੱਜ ਸੰਯੁਕਤ ਸਮਾਜ ਮੋਰਚਾ ਬਣਾ ਕੇ ਪੰਜਵਾਂ ਕੋਣ ਬਣਨ ਦੀ ਕੋਸ਼ਿਸ਼ ਕੀਤੀ ਹੈ। ਨਿਸ਼ਚਿਤ ਰੂਪ ਵਿਚ ਤਿੰਨ ਖੇਤੀ ਕਾਨੂੰਨਾਂ ਨੂੰ ਲੈ ਕੇ ਚੱਲੇ ਅੰਦੋਲਨ ਵਿਚ ਸਾਰੀਆਂ ਕਿਸਾਨ ਜਥੇਬੰਦੀਆਂ ਇਕ ਪਲੇਟਫਾਰਮ 'ਤੇ ਆ ਗਈਆਂ ਹਨ ਅਤੇ ਲੋਕਾਂ ਦੀ ਹਮਦਰਦੀ ਉਨ੍ਹਾਂ ਦੇ ਨਾਲ ਰਹੀ ਹੈ ਪਰ ਸਿਆਸੀ ਰੂਪ ਵਿਚ ਵੱਖ-ਵੱਖ ਵਿਚਾਰਧਾਰਾਵਾਂ ਵਿਚ ਵੰਡੀਆਂ ਕਿਸਾਨ ਜਥੇਬੰਦੀਆਂ ਕੀ ਚੋਣ ਰਾਜਨੀਤੀ ਵਿਚ ਵੀ ਲੋਕਾਂ ਦੀ ਉਹੀ ਹਮਦਰਦੀ ਪ੍ਰਾਪਤ ਕਰ ਸਕਣਗੇ ਜਾਂ ਉਨ੍ਹਾਂ ਦਾ ਹਾਲ ਵੀ ਮਨਪ੍ਰੀਤ ਬਾਦਲ ਦੀ ਪੀਪੀਪੀ ਵਰਗਾ ਹੋਵੇਗਾ।

ਇਸ ਸਵਾਲ ਦਾ ਉੱਤਰ ਹਾਲੇ ਭਵਿੱਖ ਦੇ ਗਰਭ ਵਿਚ ਹੈ ਪਰ ਇਕ ਗੱਲ ਤਾਂ ਨਿਸ਼ਚਿਤ ਹੈ ਕਿ ਕਿਸਾਨਾਂ ਦੇ ਚੋਣ ਮੈਦਾਨ ਵਿਚ ਆਉਣ ਨਾਲ ਕਈ ਸਮੀਕਰਨ ਬਦਲ ਜਾਣਗੇ।



ਸ਼੍ਰੋਮਣੀ ਅਕਾਲੀ ਦਲ-ਬਸਪਾ ਗੱਠਜੋੜ, ਆਮ ਆਦਮੀ ਪਾਰਟੀ ਅਤੇ ਕਾਂਗਰਸ ਤਿੰਨੋਂ ਦਾ ਹੀ ਦਿਹਾਤੀ ਸੀਟਾਂ 'ਤੇ ਨੁਕਸਾਨ ਹੋਵੇਗਾ ਕਿਉਂਕਿ ਭਾਰਤੀ ਜਨਤਾ ਪਾਰਟੀ ਦਾ ਤਾਂ ਪਹਿਲਾਂ ਤੋਂ ਹੀ ਦਿਹਾਤੀ ਵਰਗ 'ਚ ਕੋਈ ਆਧਾਰ ਨਹੀਂ ਹੈ, ਇਸ ਲਈ ਉਸ ਦਾ ਜ਼ਿਆਦਾ ਨੁਕਸਾਨ ਨਹੀਂ ਹੋਵੇਗਾ। ਜੱਟ ਸਿੱਖ ਕਿਸਾਨੀ ਵੋਟ ਬੈਂਕ ਵਿਚ ਸਭ ਤੋਂ ਵੱਡਾ ਆਧਾਰ ਸ਼੍ਰੋਮਣੀ ਅਕਾਲੀ ਦਲ ਦਾ ਹੈ ਪਰ ਉਨ੍ਹਾਂ ਦੇ ਇਹ ਵੋਟਰ ਪੰਥਕ ਤੌਰ 'ਤੇ ਵੀ ਪਾਰਟੀ ਨਾਲ ਜੁੜੇ ਹਨ। ਉਨ੍ਹਾਂ ਦੇ ਸਾਹਮਣੇ ਸਭ ਤੋਂ ਵੱਡਾ ਸਵਾਲ ਇਹ ਖੜ੍ਹਾ ਹੋਣ ਵਾਲਾ ਹੈ ਕਿ ਉਹ ਪੰਥਕ ਪਾਰਟੀ ਕੋਲ ਜਾਣ ਜਾਂ ਕਿਸਾਨੀ ਮੋਰਚੇ ਵੱਲ। ਅਕਾਲੀ ਆਗੂਆਂ ਨੇ ਕਿਸਾਨਾਂ ਵੱਲੋਂ ਚੋਣ ਲੜਨ ਦੇ ਇਰਾਦਿਆਂ ਨੂੰ ਭਾਂਪ ਕੇ ਆਪਣੀ ਲੜਾਈ ਪਹਿਲਾਂ ਹੀ ਪੰਥਕ ਬਣਾ ਲਈ ਹੈ। ਜੇ ਉਹ ਇਸ ਵੋਟ ਬੈਂਕ ਨੂੰ ਆਪਣੇ ਵੱਲ ਖਿੱਚਣ ਵਿਚ ਕਾਮਯਾਬ ਨਾ ਹੋਏ ਤਾਂ ਸਭ ਤੋਂ ਵੱਡਾ ਨੁਕਸਾਨ ਉਨ੍ਹਾਂ ਨੂੰ ਹੀ ਹੋਣ ਵਾਲਾ ਹੈ। ਕਾਂਗਰਸ ਦਾ ਵੀ ਦਿਹਾਤੀ ਸੈਕਟਰ ਵਿਚ ਚੰਗਾ ਆਧਾਰ ਹੈ। ਪਿੰਡਾਂ ਦੀ ਧੜੇਬੰਦੀ ਕਾਰਨ ਉਨ੍ਹਾਂ ਨੂੰ ਚੰਗਾ ਖਾਸਾ ਵੋਟ ਬੈਂਕ ਇਥੋਂ ਮਿਲਦਾ ਹੈ। ਪੰਜ ਏਕੜ ਤਕ ਦੇ ਕਿਸਾਨਾਂ ਦਾ ਦੋ ਲੱਖ ਰੁਪਏ ਤਕ ਦਾ ਕਰਜ਼ਾ ਮਾਫ ਕਰਕੇ ਉਹ ਇਸ ਵੋਟ ਬੈਂਕ ਨੂੰ ਹਾਸਲ ਕਰਨ ਦੀ ਆਸ ਲਗਾਈ ਬੈਠੀ ਹੈ। ਇਸੇ ਤਰ੍ਹਾਂ ਆਮ ਆਦਮੀ ਪਾਰਟੀ ਨੂੰ ਵੀ ਪਿਛਲੀਆਂ ਚੋਣਾਂ ਵਿਚ ਵੱਡੀ ਗਿਣਤੀ ਵਿਚ ਵੋਟਾਂ ਕਿਸਾਨਾਂ ਨੂੰ ਮਿਲੀਆਂ ਸਨ ਪਰ ਪਾਰਟੀ ਆਪਣੇ ਨਿਸ਼ਾਨੇ 'ਤੇ ਪੂਰੀ ਨਹੀਂ ਉੱਤਰ ਸਕੀ ਅਤੇ 20 ਵਿਚੋਂ 11 ਵਿਧਾਇਕ ਜਾਂ ਤਾਂ ਪਾਰਟੀ ਨੂੰ ਛੱਡ ਗਏ ਜਾਂ ਰਾਜਨੀਤੀ ਤੋਂ ਹੀ ਬਾਹਰ ਹੋ ਗਏ। ਪਾਰਟੀ ਕੋਲ ਦਿਹਾਤੀ ਸੈਕਟਰ ਵਿਚ ਵਿਚਾਰਕ ਕਾਡਰ ਵੋਟ ਵੀ ਨਹੀਂ ਹੈ। ਕਿਸਾਨਾਂ ਦਾ ਮੋਰਚਾ ਆਮ ਆਦਮੀ ਪਾਰਟੀ ਨੂੰ ਹੀ ਸਭ ਤੋਂ ਵੱਧ ਨੁਕਸਾਨ ਪਹੁੰਚਾ ਸਕਦਾ ਹੈ ਪਰ ਇਕ ਗੱਲ ਸਾਫ ਹੈ ਕਿ ਕਿਸਾਨਾਂ ਦਾ ਮੋਰਚਾ ਬਣਨ ਨਾਲ ਪੰਜਾਬ ਵਿਚ ਸਿਆਸੀ ਸਮੀਕਰਨ ਹੁਣ ਇਕ ਵਾਰ ਫਿਰ ਤੋਂ ਬਦਲਣਗੇ।

## 5 ਜਨਵਰੀ ਨੂੰ ਫਿਰੋਜ਼ਪੁਰ ਆਉਣਗੇ ਮੋਦੀ

**ਫਿਰੋਜ਼ਪੁਰ** – ਕਿਸਾਨ ਅੰਦੋਲਨ ਤੋਂ ਬਾਅਦ ਪਹਿਲੀ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ 5 ਜਨਵਰੀ ਨੂੰ ਪੰਜਾਬ ਦੌਰੇ 'ਤੇ ਆਉਣਗੇ। ਉਨ੍ਹਾਂ ਦਾ ਫਿਰੋਜ਼ਪੁਰ ਵਿਚ ਪੀਜੀਆਈ ਸੈਟੇਲਾਈਟ ਸੈਂਟਰ ਦਾ ਨੀਂਹ ਪੱਥਰ ਰੱਖੇ ਜਾਣ ਦਾ ਪ੍ਰੋਗਰਾਮ ਹੈ। ਪੰਜਾਬ ਚੋਣਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸੂਬੇ ਲਈ ਕਿਸੇ ਅਹਿਮ ਪੈਕੇਜ ਦਾ ਐਲਾਨ ਕਰਨ ਦੀ ਸੰਭਾਵਨਾ ਵੀ ਹੈ। ਇਸ 'ਚ ਸਨਅਤਾਂ ਜਾਂ ਖੇਤੀ ਖੇਤਰ ਨੂੰ ਰਾਹਤ ਵੀ ਦਿੱਤੀ ਜਾ ਸਕਦੀ ਹੈ।ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਗੁਰੂ ਹਰਸਹਾਏ ਤੋਂ ਵਿਧਾਇਕ ਰਾਣਾ ਗੁਰਮੀਤ ਸਿੰਘ ਸੋਢੀ ਭਾਜਪਾ ਜੁਆਇੰਨ ਕੀਤੀ ਸੀ। ਉਸ ਸਮੇ ਉਨ੍ਹਾਂ ਹੁਸੈਨੀਵਾਲਾ ਬਾਰਡਰ ਖੁਲ੍ਹਵਾਉਣ ਬਾਰੇ ਕਿਹਾ ਸੀ। ਪ੍ਰਧਾਨ ਮੰਤਰੀ ਦੀ ਫੇਰੀ ਨਾਲ ਹੁਸੈਨੀਵਾਲਾ ਬਾਰਡਰ ਖੁੱਲ੍ਹਣ ਦੀ ਸੰਭਾਵਨਾ ਵੀ ਵਧ ਗਈ ਹੈ।ਇੱਥੇ ਇਹ ਵੀ ਦੱਸਣਯੋਗ ਹੈ ਕਿ ਪ੍ਰਧਾਨ



ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਦਾ ਆਖਰੀ ਦੌਰਾ ਨਵੰਬਰ 2019 ਨੂੰ ਕੀਤਾ ਸੀ ਜਦੋਂ ਉਨ੍ਹਾਂ ਨੇ ਕਰਤਾਰਪੁਰ ਲਾਂਘੇ ਦੇ ਖੁੱਲ੍ਹਣ ਮੌਕੇ ਆਈਸੀਪੀ ਦਾ ਉਦਘਾਟਨ ਕੀਤਾ ਸੀ।ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਿੰਨ ਜਨਵਰੀ ਨੂੰ ਪੰਜਾਬ ਦੌਰੇ 'ਤੇ ਆਉਣ ਦੀ ਚਰਚਾ ਸੀ। ਕਾਂਗਰਸ ਹਾਈਕਮਾਨ ਤਰਫੋਂ ਪੰਜਾਬ ਚੋਣਾਂ ਦੇ ਪ੍ਰਚਾਰ ਦੇ ਮਹੂਰਤ ਲਈ 3 ਜਨਵਰੀ ਨੂੰ ਹੀ ਰਾਹੁਲ ਗਾਂਧੀ ਦੀ ਪੰਜਾਬ ਦੇ ਮੋਗਾ ਜ਼ਿਲ੍ਹੇ ਵਿਚ ਰੈਲੀ ਰੱਖੀ ਗਈ ਹੈ।ਦੋ ਕੌਮੀ ਪਾਰਟੀਆਂ ਦੇ ਵੱਡੇ ਆਗੂਆਂ ਦੀ ਪੰਜਾਬ ਫੇਰੀ ਪਿੱਛੋਂ ਚੋਣ ਮੈਦਾਨ ਹੋਰ ਭਖੇਗਾ।

## ਇੰਝ ਹੀ ਨਹੀਂ ਲਿਆ ਕਿਸਾਨ ਸੰਗਠਨਾਂ ਨੇ ਰਾਜਨੀਤੀ 'ਚ ਉਤਰਨ ਦਾ ਫੈਸਲਾ

**ਚੰਡੀਗੜ੍ਹ** – ਪੰਜਾਬ ਦੀਆਂ 25 ਕਿਸਾਨ ਜਥੇਬੰਦੀਆਂ ਨੇ ਸਾਂਝਾ ਸਮਾਜ ਮੋਰਚਾ ਬਣਾ ਕੇ 2022 ਦੀਆਂ ਵਿਧਾਨ ਸਭਾ ਚੋਣਾਂ ਲੜਨ ਦਾ ਫੈਸਲਾ ਕੀਤਾ ਹੈ। ਇਹ ਸਭ ਕੁਝ ਅਚਾਨਕ ਨਹੀਂ ਹੋਇਆ। 26 ਨਵੰਬਰ 2020 ਨੂੰ ਪਹਿਲੀ ਵਾਰ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਨੇ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਦਿੱਲੀ ਦੀ ਯਾਤਰਾ ਕੀਤੀ। ਕਿਸਾਨ ਆਗੂਆਂ ਦੀਆਂ ਸਿਆਸੀ ਖਾਹਿਸ਼ਾਂ ਵੀ ਮਜ਼ਬੂਤ ਹੁੰਦੀਆਂ ਗਈਆਂ ਕਿਉਂਕਿ ਕਿਸਾਨ ਅੰਦੋਲਨ ਦਿੱਲੀ ਦੀ ਸਰਹੱਦ 'ਤੇ ਖੇਤੀ ਕਾਨੂੰਨਾਂ ਵਿਰੁੱਧ ਵਧਦਾ ਗਿਆ। ਕਿਸਾਨ ਜਥੇਬੰਦੀਆਂ ਵੱਲੋਂ 25 ਦਸੰਬਰ ਨੂੰ ਵਿਧਾਨ ਸਭਾ ਦੀਆਂ ਚੋਣਾਂ ਲੜਨ ਦਾ ਫੈਸਲਾ ਕੋਈ ਅਚਨਚੇਤ ਨਹੀਂ, ਸਗੋਂ ਯੋਜਨਾਬੱਧ ਸੀ। ਕਿਸਾਨ ਜਥੇਬੰਦੀਆਂ ਦੇ ਚੋਣ ਮੈਦਾਨ ਵਿਚ ਉਤਰਨ ਦੀ ਚਰਚਾ ਪਿਛਲੇ ਕਾਫੀ ਸਮੇਂ ਤੋਂ ਨਹੀਂ, ਸਗੋਂ ਲੰਬੇ ਸਮੇਂ ਤੋਂ ਚੱਲ ਰਹੀ ਸੀ। ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਦਾ ਨਾਂ ਅਕਸਰ ਕਿਸੇ ਨਾ ਕਿਸੇ ਪਾਰਟੀ ਨਾਲ ਜੁੜਿਆ ਰਹਿੰਦਾ ਸੀ। ਇੱਥੋਂ ਤਕ ਕਿ ਰਾਜੇਵਾਲ ਨੂੰ ਵੀ ਪਹਿਲਾਂ ਸਪੱਸ਼ਟ ਕਰਨਾ ਪਿਆ ਸੀ ਕਿ ਉਹ ਆਮ ਆਦਮੀ ਪਾਰਟੀ ਦਾ ਮੁੱਖ ਮੰਤਰੀ ਦਾ ਚਿਹਰਾ ਨਹੀਂ ਹੋਵੇਗਾ, ਕਿਉਂਕਿ ਉਨ੍ਹਾਂ ਦਾ ਨਾਂ ਲਗਾਤਾਰ ਆਮ ਆਦਮੀ ਪਾਰਟੀ ਨਾਲ ਜੋੜਿਆ ਜਾ ਰਿਹਾ ਸੀ। ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੁਦ ਅੱਗੇ ਆ ਕੇ ਖੇਤੀ ਬਿੱਲ ਵਾਪਸ ਲੈਣ ਦਾ ਐਲਾਨ ਕੀਤਾ ਸੀ, ਉਦੋਂ ਤੋਂ ਹੀ ਕਿਸਾਨ ਜਥੇਬੰਦੀਆਂ ਲਈ ਸਿਆਸੀ ਮੈਦਾਨ ਵਿਚ ਉਤਰਨ ਦਾ ਰਾਹ ਖੁੱਲ੍ਹਿਆ ਸੀ, ਕਿਉਂਕਿ ਜੇਕਰ ਕਿਸਾਨ ਆਗੂਆਂ ਨੇ ਖੇਤੀ ਬਿੱਲ ਵਾਪਸ ਲਏ ਬਿਨਾਂ ਸਿਆਸੀ ਪਾਰਟੀ ਬਣਾਈ ਤਾਂ ਉਨ੍ਹਾਂ ਦਾ। ਇਰਾਦਾ ਚੰਗੀ ਤਰ੍ਹਾਂ ਜਾਣਦਾ ਸੀ। ਇਹ ਪਤਾ ਚਲਦਾ ਹੈ ਕਿ ਖੇਤੀਬਾੜੀ ਬਿੱਲਾਂ ਦਾ ਵਿਰੋਧ ਸਿਆਸੀ ਹੈ। ਇਹੀ ਕਾਰਨ ਹੈ ਕਿ 25 ਕਿਸਾਨ ਜਥੇਬੰਦੀਆਂ ਨੇ ਚੋਣ ਲੜਨ ਤੇ ਬਲਬੀਰ ਸਿੰਘ ਰਾਜੇਵਾਲ ਨੂੰ ਆਪਣਾ ਮੁੱਖ ਮੰਤਰੀ ਚਿਹਰਾ ਬਣਾਉਣ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਉਸ ਸਮੇਂ ਵੀ ਲਿਆ ਗਿਆ ਜਦੋਂ ਸੂਬੇ ਵਿਚ ਕਿਸੇ ਵੇਲੇ ਵੀ ਚੋਣ ਜ਼ਾਬਤਾ ਲਾਗੂ ਹੋ ਸਕਦਾ ਹੈ। ਕਿਸਾਨ ਜਥੇਬੰਦੀਆਂ ਦੇ ਇਸ ਫੈਸਲੇ ਦਾ ਖੱਬੇ ਪੱਖੀ ਕਿਸਾਨ ਜਥੇਬੰਦੀਆਂ ਨੇ ਵਿਰੋਧ ਕੀਤਾ। ਕਿਸਾਨ ਆਗੂ ਦਰਸ਼ਨ ਪਾਲ ਨੇ ਤਾਂ ਇੱਥੋਂ ਤਕ ਕਹਿ ਦਿੱਤਾ ਕਿ ਇਸ ਨਾਲ ਕਿਸਾਨ ਅੰਦੋਲਨ ਨੂੰ ਨੁਕਸਾਨ ਹੋਵੇਗਾ, ਜਿਹੜੇ ਲੋਕ ਫਰਸ਼ 'ਤੇ ਹਨ, ਉਹ ਫਰਸ਼ 'ਤੇ ਹੋਣਗੇ। ਉਂਝ ਚੋਣਾਂ ਵਿਚ ਕਿਸਾਨ ਜਥੇਬੰਦੀਆਂ ਦੇ ਦਾਖ਼ਲੇ ਨਾਲ ਸੂਬੇ ਦੇ ਸਿਆਸੀ ਸਮੀਕਰਨ ਵੀ ਬਦਲਣ ਵਾਲੇ ਹਨ ਕਿਉਂਕਿ ਹੁਣ ਤਕ ਚੋਣਾਂ ਚਾਰ ਕੋਣਾਂ ਦੀਆਂ ਹੁੰਦੀਆਂ ਸਨ, ਜੋ ਹੁਣ ਪੰਜ ਕੋਣਾਂ ਵਿਚ ਬਦਲ ਜਾਣਗੀਆਂ।

SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਪੰਜਾਬ ਕੇਸਰੀ ਜੇਤੂ ਗੁਰਪਾਲ ਸਿੰਘ ਪਹਿਲਵਾਨ ਦੀ ਸ਼ਾਦੀ ਡਾ.ਕਰਨਜੋਤ ਕੌਰ ਨਾਲ ਹੋਈ

**ਜਲੰਧਰ-** ਪਦਮ ਸ੍ਰੀ ਕਰਤਾਰ ਸਿੰਘ ਆਈ. ਰਿਟਾਇਰ ਦੇ ਛੋਟੇ ਭਰਾ ਭਾਰਤ ਮੱਲ ਖਿਤਾਬ ਜੇਤੂ ਸਰਵਣ ਸਿੰਘ ਐਸ. ਪੀ. ਦੇ ਸਪੁੱਤਰ ਅੰਤਰ ਰਾਸ਼ਟਰੀ ਤੇ ਪੰਜਾਬ ਕੇਸਰੀ ਜੇਤੂ ਪਹਿਲਵਾਨ ਗੁਰਪਾਲ ਸਿੰਘ ਢਿੱਲੋਂ ਦਾ ਸ਼ੁਭ ਆਨੰਦ ਕਾਰਜ ਰੁਸਤਮ-ਏ-ਜਮ੍ਹਾਂ ਦਾਰਾ ਸਿੰਘ ਪਹਿਲਵਾਨ ਦੇ ਛੋਟੇ ਭਰਾ ਸਰਦਾਰਾ ਸਿੰਘ ਰੰਧਾਵਾ ਦੀ ਲੜਕੀ ਸਰਬਜੀਤ ਕੌਰ ਦੀ ਲਾਡਲੀ ਸਪੁੱਤਰੀ ਡਾ. ਕਰਨਜੋਤ ਕੌਰ ਨਾਲ ਵਿਆਹ ਗੁਰਮਰਿਆਦਾ ਅਨੁਸਾਰ ਹੋਇਆ। ਇਸ ਮੌਕੇ ਪਿੰਡ ਪੱਖੋ ਕੇ ਆਨੰਦ ਕਾਰਜ ਸਮੇਂ ਦਾਦਾ ਹਰਭਜਨ ਸਿੰਘ ਪਹਿਲਵਾਨ ਪੱਖੋਕੇ, ਪਿਤਾ ਅਮਰੀਕ ਸਿੰਘ, ਅਲਵਿੰਦਰ ਸਿੰਘ ਪੱਖੋਕੇ, ਅਮਰੀਕਾ ਨਿਵਾਸੀ ਸੰਗਰਾਮ ਸਿੰਘ



ਪਹਿਲਵਾਨ ਰੁਸਤਮ-ਏ-ਜਮ੍ਹਾਂ ਦਾਰਾ ਸਿੰਘ ਪਹਿਲਵਾਨ ਦੇ ਵੱਡੇ ਲੜਕੇ ਪ੍ਰਦੂਮਣ ਸਿੰਘ (ਮੇਰਠ), ਅਜੀਤ ਸਿੰਘ ਸੰਧੂ (ਯੂ. ਐਸ. ਏ.), ਆਕਾਸ਼ਦੀਪ ਸਿੰਘ, ਸਰਵਣ ਸਿੰਘ ਢਿੱਲੋਂ, ਰਾਜਪਾਲ ਸਿੰਘ (ਟਰਾਂਟੋ) ਸਮੇਤ ਦੇਸ਼ ਵਿਦੇਸ਼ 'ਚੋਂ ਖੇਡ ਜਗਤ ਦੀਆਂ ਨਾਮਵਰ ਸ਼ਖਸੀਅਤਾਂ ਨੇ ਪਹੁੰਚ ਨਵੀਂ ਜੋੜੀ ਨੂੰ ਆਸ਼ੀਰਵਾਦ ਦਿੱਤਾ ਅਤੇ ਵਧਾਈਆਂ ਦੇ ਕੇ ਹਾਜ਼ਰੀ ਲਗਵਾਈ। ਅਮਰੀਕਾ ਤੋਂ ਜਸਵਿੰਦਰਪਾਲ ਸਿੰਘ ਪੱਖੋਕੇ ਆਪਣੇ ਸਪੁੱਤਰਾਂ ਡਾ. ਸਵੈਮਾਨ ਸਿੰਘ ਤੇ ਸੰਗਰਾਮ ਸਿੰਘ ਨੂੰ ਵਿਚੋਲਗੀ ਦੀ ਸੇਵਾ ਨਿਭਾਉਣ ਦੀ ਸ਼ਲਾਘਾ ਕੀਤੀ। ਡਾ. ਸਵੈਮਾਨ ਸਿੰਘ ਦੇ ਸਹਿਯੋਗੀ ਰਾਜਿੰਦਰ ਸਿੰਘ ਜਾਨੀਆਂ ਵਿਚੋਲਗੀ 'ਚ ਸੇਵਾ ਕਰਨ ਦਾ ਸਵਾਗਤ ਕੀਤਾ ਗਿਆ।

# ਚੰਡੀਗੜ੍ਹ ਚੋਣਾਂ 'ਚ ਜੇਤੂ ਆਪ ਲਈ ਹੁਣ ਬਹੁਮਤ ਬਣਿਆ ਚਿੰਤਾ

**(ਸਫਾ 1 ਦੀ ਬਾਕੀ)**

ਪੇਸ਼ਕਸ਼ ਕੀਤੀ ਗਈ। ਉਨ੍ਹਾਂ ਕਿਹਾ ਕਿ 'ਆਪ' ਦੇ ਕੌਂਸਲਰ ਉਸ ਮਿੱਟੀ ਦੇ ਨਹੀਂ ਬਣੇ ਜੋ ਅਜਿਹੇ ਲਾਲਚ ਜਾਂ ਕਿਸੇ ਹੋਰ ਹਥਕੰਡੇ ਵਿੱਚ ਆ ਜਾਣਗੇ। ਚੰਡੀਗੜ੍ਹ ਨਗਰ ਨਿਗਮ ਵਿੱਚ ਹੁਣ ਤੱਕ ਕਾਂਗਰਸ ਨੇ 12 ਅਤੇ ਭਾਜਪਾ ਨੇ 13 ਸਾਲ ਹਕੂਮਤ ਕੀਤੀ ਹੈ। ਇਸ ਦੌਰਾਨ ਦੋਵੇਂ ਪਾਰਟੀਆਂ ਵੱਲੋਂ ਕੀਤੀ ਗਈ ਕਥਿਤ ਭ੍ਰਿਸ਼ਟਾਚਾਰ ਦੀ ਰਾਜਨੀਤੀ ਤੋਂ ਬਾਅਦ ਹੁਣ ਚੰਡੀਗੜ੍ਹ ਵਾਸੀਆਂ ਨੇ ਇੱਕ ਬਦਲ ਦੇ ਰੂਪ ਵਿੱਚ 'ਆਪ' ਨੂੰ ਸਮਰਥਨ ਦਿੱਤਾ ਹੈ।ਸ੍ਰੀ ਚੱਢਾ ਨੇ ਦੋਸ਼ ਲਾਇਆ ਕਿ ਭਾਜਪਾ ਨੇ ਗੋਆ, ਅਰੁਣਾਚਲ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਵਾਂਗ ਇੱਥੇ ਚੰਡੀਗੜ੍ਹ ਵਿੱਚ ਵੀ ਇਹ 'ਅਪ੍ਰੇਸ਼ਨ ਕਮਲ' ਚਲਾ ਕੇ ਕੌਂਸਲਰਾਂ ਨੂੰ ਖ਼ਰੀਦਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿ ਭਾਜਪਾ ਦੇ ਲਾਲਚ ਵਿੱਚ ਕਾਂਗਰਸ ਵਾਲੇ ਆ ਸਕਦੇ ਹਨ 'ਆਪ' ਵਾਲੇ ਨਹੀਂ।

**ਧਮਾਕੇਦਾਰ ਐਂਟਰੀ 'ਤੇ ਬੋਲੇ ਅਰਵਿੰਦ ਕੇਜਰੀਵਾਲ**

ਚੰਡੀਗੜ੍ਹ ਨਗਰ ਨਿਗਮ ਚੋਣਾਂ 'ਚ ਆਮ ਆਦਮੀ ਪਾਰਟੀ ਨੂੰ ਜਿੱਤ ਮਿਲੀ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪੰਜਾਬ 'ਚ ਜਨਤਾ ਬਦਲਾਅ ਚਾਹੁੰਦੀ ਹੈ। ਇਸ ਲਈ ਚੰਡੀਗੜ੍ਹ ਦੇ ਲੋਕਾਂ ਨੇ ਅੱਜ ਭ੍ਰਿਸ਼ਟ ਰਾਜਨੀਤੀ ਨੂੰ ਨਕਾਰਦੇ ਹੋਏ ਓਓਫ ਦੀ ਇਮਾਨਦਾਰ ਸਿਆਸਤ ਨੂੰ ਚੁਣਿਆ ਹੈ। ਦਰਅਸਲ ਚੰਡੀਗੜ੍ਹ 'ਚ ਭਾਜਪਾ ਦੇ ਮੇਅਰ,



ਸਾਬਕਾ ਮੇਅਰ, ਪਾਰਟੀ ਪ੍ਰਧਾਨ ਅਤੇ ਭਾਜਪਾ ਯੁਵਾ ਮੋਰਚਾ ਦੇ ਪ੍ਰਧਾਨ ਚਾਰੋਂ ਹੀ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਤੋਂ ਹਾਰ ਗਏ ਹਨ। ਇਸ ਕਾਰਨ ਆਮ ਆਦਮੀ ਪਾਰਟੀ ਦੇ ਆਗੂ ਬੇਹੱਦ ਖੁਸ਼ ਹਨ ਤੇ ਅਰਵਿੰਦ ਕੇਜਰੀਵਾਲ ਨੇ ਸੋਸ਼ਲ ਮੀਡੀਆ ਰਾਹੀਂ ਲੋਕਾਂ ਵਿੱਚ ਇਹ ਖੁਸ਼ੀ ਸਾਂਝੀ ਕੀਤੀ ਹੈ।ਦਰਅਸਲ ਚੰਡੀਗੜ੍ਹ ਨਿਗਮ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਨੂੰ ਸਿਰਫ਼ ਇੱਕ ਸੀਟ ਮਿਲੀ ਹੈ। ਜਾਣਕਾਰੀ ਮੁਤਾਬਕ ਨਿਗਮ ਚੋਣਾਂ 'ਚ ਭਾਜਪਾ ਅਤੇ ਆਮ ਆਦਮੀ ਪਾਰਟੀ ਵਿਚਾਲੇ ਕਾਂਟੇ ਦੀ ਟੱਕਰ ਸੀ। ਭਾਜਪਾ ਲਈ ਸਭ ਤੋਂ ਵੱਡੀ ਚੁਣੌਤੀ ਇਹ ਸੀ ਕਿ ਵਾਰਡ 17 'ਚ ਮੇਅਰ ਰਹੇ ਰਵਿਕਾਂਤ ਸ਼ਰਮਾ ਵੀ ਆਮ ਆਦਮੀ ਪਾਰਟੀ ਦੇ ਸਾਹਮਣੇ ਆਪਣਾ ਬਚਾਅ ਨਹੀਂ ਕਰ ਸਕੇ। ਹਾਲਾਂਕਿ ਭਾਜਪਾ ਦੇ ਡਿਪਟੀ ਮੇਅਰ ਮਹੇਸ਼ਇੰਦਰ ਸਿੱਧੂ ਮਾਮੂਲੀ ਵੋਟਾਂ ਨਾਲ ਜਿੱਤ ਗਏ ਹਨ। ਇਸ ਦੇ ਨਾਲ ਹੀ ਦਿੱਲੀ 'ਚ 'ਆਪ' ਆਗੂ ਰਾਘਵ ਚੱਢਾ ਨੇ ਵੀ ਚੰਡੀਗੜ੍ਹ ਨਿਗਮ ਚੋਣਾਂ ਜਿੱਤਣ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ।ਉਨ੍ਹਾਂ ਇਸ ਲਈ 'ਆਪ' ਅਤੇ ਅਰਵਿੰਦ ਕੇਜਰੀਵਾਲ ਵੱਲੋਂ ਚੰਡੀਗੜ੍ਹ ਵਾਸੀਆਂ ਦਾ ਧੰਨਵਾਦ ਕੀਤਾ। ਲੋਕਾਂ ਨੇ ਸਾਡੇ ਵਰਗੀ ਛੋਟੀ ਤੇ ਇਮਾਨਦਾਰ ਪਾਰਟੀ ਨੂੰ ਲੋਕਾਂ ਨੇ ਇੰਨਾ ਪਿਆਰ ਅਤੇ ਵਿਸ਼ਵਾਸ ਦਿੱਤਾ ਹੈ, ਜਿਸ ਨੇ ਪਹਿਲੀ ਵਾਰ ਇੱਥੇ ਚੋਣ ਲੜੀ ਹੈ। ਚੰਡੀਗੜ੍ਹ ਸਿਰਫ਼ ਟ੍ਰੇਲਰ ਹੈ, ਪੰਜਾਬ ਫ਼ਿਲਮ ਹੈ। ਚੰਡੀਗੜ੍ਹ ਦੇ ਲੋਕਾਂ ਨੇ ਸਭ ਨੂੰ ਨਕਾਰ ਕੇ 'ਆਪ' ਨੂੰ ਚੁਣਿਆ ਹੈ। ਇਸ ਤੋਂ ਸਪੱਸ਼ਟ ਹੈ ਕਿ ਪੰਜਾਬ ਦੇ ਲੋਕ ਬਦਲਾਅ ਚਾਹੁੰਦੇ ਹਨ।

BERKSHIRE HATHAWAY
HomeServices

Karen Sandhu

REALTOR ®

Karen.sandhu@bhhsdrysdale.com
www.karensandhu.bhhsdrysdale.com
DRE # 02166294

209-276-5289



Drysdale Properties
3421 Brookside Rd., Ste. B
Stockton, CA 95219

An independently owned and operated member of BHH Affilates, LLC

Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder Singh
Cell : 530-870-6600
Fax : (530) 870-1429
532, Houston St.
West Sacramento, CA 95691




Email: myfuturetruck@gmail.com

## ਕੈਲੀਫੋਰਨੀਆ ਖਬਰਨਾਮਾ (ਹੁਸਨ ਲੜੋਆ ਬੰਗਾ)

# ਕੋਰੋਨਾ ਵਾਇਰਸ ਓਮੀਕਰੋਨ ਨੇ ਕ੍ਰਿਸਮਸ ਦੇ ਜਸ਼ਨਾਂ ਵਿਚ ਪਾਇਆ ਵਿਘਨ, ਸੈਂਕੜੇ ਉਡਾਨਾਂ ਰੱਦ ਹੋਣ ਕਾਰਨ ਇਕੱਠੇ ਨਹੀਂ ਹੋ ਸਕੇ ਪ੍ਰਵਾਰ

**ਸੈਕਰਾਮੈਂਟੋ 26 ਦਸੰਬਰ-** ਪੂਰੇ ਅਮਰੀਕਾ ਵਿਚ ਕ੍ਰਿਸਮਸ ਦੇ ਜਸ਼ਨ ਮਨਾਏ ਗਏ ਪਰੰਤੂ ਤੇਜੀ ਨਾਲ ਫੈਲ ਰਹੇ ਕੋਰੋਨਾ ਦੇ ਨਵੇਂ ਰੂਪ ਓਮੀਕਰੋਨ ਦੇ ਡਰ ਕਾਰਨ ਬਹੁਤ ਸਾਰੇ ਥਾਵਾਂ 'ਤੇ ਕੁਰਸੀਆਂ ਖਾਲੀ ਰਹੀਆਂ। 1000 ਦੇ ਕਰੀਬ ਉਡਾਣਾਂ ਰੱਦ ਹੋਣ ਕਾਰਨ ਪ੍ਰਵਾਰ ਇਕੱਠੇ ਨਹੀਂ ਹੋ ਸਕੇ ਤੇ ਨਾ ਹੀ ਦੋਸਤ-ਮਿੱਤਰ ਕ੍ਰਿਸਮਸ ਮਨਾਉਣ ਲਈ ਆਪਣੇ ਨਿਸ਼ਚਤ ਸਥਾਨਾਂ 'ਤੇ ਪਹੁੰਚ ਸਕੇ। ਓਮੀਕਰੋਨ ਕਾਰਨ ਰੋਕਾਂ ਦਾ ਨਵਾਂ ਦੌਰ ਸ਼ੁਰੂ ਹੋ ਚੁੱਕਾ ਹੈ। ਇਸ ਲਈ ਵੀ ਕ੍ਰਿਸਮਸ ਸਮਾਗਮ ਕਰ ਰਹੇ ਤੇ ਲੋਕਾਂ ਨੇ ਸਾਵਧਾਨੀਆਂ ਵਰਤ ਕੇ ਇਕ ਦੂਸਰੇ ਨਾਲ ਖੁਸ਼ੀਆਂ ਸਾਂਝੀਆਂ ਕੀਤੀਆਂ।



ਬਹੁਤ ਸਾਰੇ ਕਾਗਜ਼ਾਂ ਘਰਾਂ ਵਿਚ ਨਿੱਜੀ ਸੇਵਾਵਾਂ ਰੱਦ ਕਰ ਦਿੱਤੀਆਂ ਗਈਆਂ। ਸੇਂਟ ਫਰਾਂਸਿਸ ਐਕਜ਼ਾਵੀਅਰ ਨਿਊਯਾਰਕ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ "ਇਸ ਸਾਲ ਵੀ ਆਮ ਵਾਂਗ ਕ੍ਰਿਸਮਸ ਮਨਾਉਣ ਦੀ ਆਸ ਉਪਰ ਓਮੀਕਰੋਨ ਨੇ ਪਾਣੀ ਫੇਰ ਦਿੱਤਾ ਹੈ। ਬੇਯਕੀਨੀ ਤੇ ਡਰ ਦਾ ਸਾਇਆ ਕਾਇਮ ਹੈ। ਅਜੇ ਵੀ ਕੋਵਿਡ ਸਾਡਾ ਪਿੱਛਾ ਨਹੀਂ ਛੱਡ ਰਿਹਾ ਪਰੰਤੂ ਇਸ ਸਭ ਦੇ ਦਰਮਿਆਨ ਅਸੀਂ ਕ੍ਰਿਸਮਸ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ ਹਨ।

# ਅਮੈਰੀਕਨ ਲਾਅ ਇੰਸਟੀਚਿਊਟ ਵਿਚ ਭਾਰਤੀ ਮੂਲ ਦੇ 3 ਅਮਰੀਕੀ ਮੈਂਬਰ ਸ਼ਾਮਿਲ

**ਸੈਕਰਾਮੈਂਟੋ 26 ਦਸੰਬਰ-** ਅਮੈਰੀਕਨ ਲਾਅ ਇੰਸਟੀਚਿਊਟੀ ਨੇ ਆਪਣੀ ਕਾਰਜਕੁਸ਼ਲਤਾ ਵਿਚ ਬੇਹਤਰੀ ਲਿਆਉਣ ਦੇ ਮਕਸਦ ਨਾਲ 59 ਨਵੇਂ ਮੈਂਬਰ ਸ਼ਾਮਿਲ ਕੀਤੇ ਹਨ ਜਿਨ੍ਹਾਂ ਵਿਚ ਭਾਰਤੀ ਮੂਲ ਦੇ 3 ਅਮਰੀਕੀ ਵੀ ਸ਼ਾਮਿਲ ਹਨ। ਅਮੈਰਕੀਨ ਲਾਅ ਇੰਸਟੀਚਿਊਟ ਇਕ ਆਜ਼ਾਦ ਸੰਸਥਾ ਹੈ ਜੋ ਕਾਨੂੰਨਾਂ, ਸਿਧਾਤਾਂ ਤੇ ਮਾਡਲ ਕੋਡਜ ਦੀ ਵਿਆਖਿਆ ਕਰਨ ਦਾ ਕੰਮ ਕਰਦੀ ਹੈ।



ਇੰਸਟੀਚਿਊਟ ਦੇ ਪ੍ਰਧਾਨ ਡੇਵਿਡ ਐਫ ਲੇਵੀ ਨੇ ਜਾਰੀ ਬਿਆਨ ਵਿਚ ਕਿਹਾ ਹੈ ਕਿ ਨਿਆਂ ਪ੍ਰਸ਼ਾਸਨ ਤੇ ਕਾਨੂੰਨ ਦੇ ਰਾਜ ਨੂੰ ਕਾਇਮ ਰਖਣ ਦਾ ਮਿਸ਼ਨ ਸਫਲਤਾ ਪੂਰਵਕ ਅੱਗੇ ਵਧ ਰਿਹਾ ਹੈ। ਇੰਸਟੀਚਿਊਟ ਵਿਚ ਚੁਣ ਗਏ 3 ਭਾਰਤੀਆਂ ਵਿਚ ਰੂਪਾਲੀ ਡੇਸਾਈ ਫੋਨਿਕਸ, (ਐਰੀਜ਼ੋਨਾ), ਪ੍ਰੋਫੈਸਰ ਅਨਿਲ ਕਲਹਣ ਫਿਲਾਡੈਲਫੀਆ ਤੇ ਪ੍ਰੋਫੈਸਰ ਸ਼ੋਬਾ ਸਿਵਾਪ੍ਰਸਾਦ ਵਾਧੀਆ ਸ਼ਾਮਿਲ ਹਨ।

# ਸੈਨੇਟ ਵੱਲੋਂ ਭਾਰਤੀ ਮੂਲ ਦੀ ਸ਼ਾਲਿਨਾ ਕੁਮਾਰ ਦੀ ਜੱਜ ਵਜੋਂ ਨਿਯੁਕਤੀ ਦੀ ਪੁਸ਼ਟੀ

**ਸੈਕਰਾਮੈਂਟੋ 24 ਦਸੰਬਰ-** ਬੀਤੇ ਦਿਨ ਸੈਨੇਟ ਨੇ ਰਾਸ਼ਟਰਪਤੀ ਜੋ ਬਾਈਡਨ ਵੱਲੋਂ ਭਾਰਤੀ ਮੂਲ ਦੀ ਅਮਰੀਕਨ ਮਹਿਲਾ ਸ਼ਾਲਿਨਾ ਕੁਮਾਰ ਦੀ ਸੰਘੀ ਜੱਜ ਵਜੋਂ ਕੀਤੀ ਨਿਯੁਕਤੀ ਨੂੰ ਪ੍ਰਵਾਨਗੀ ਦੇ ਦਿੱਤੀ। ਉਹ ਮਿਸ਼ੀਗਨ ਦੇ ਪੂਰਬੀ ਜ਼ਿਲ੍ਹੇ ਦੀ ਜ਼ਿਲ੍ਹਾ ਅਦਾਲਤ ਵਿਚ ਜੱਜ ਵਜੋਂ ਸੇਵਾਵਾਂ ਨਿਭਾਵੇਗੀ। ਅਮਰੀਕੀ ਸੈਨੇਟਰ ਡੈਬੀ ਸਟਾਬੇਨੋਅ ਤੇ ਗੈਰੀ ਪੀਟਰਜ ਨੇ ਇਹ ਐਲਾਨ ਕਰਦਿਆਂ ਕਿਹਾ ਕਿ



ਸ਼ਾਲਿਨਾ ਕੁਮਾਰ ਪਹਿਲੀ ਭਾਰਤੀ ਮੂਲ ਦੀ ਅਮਰੀਕਨ ਔਰਤ ਹੈ ਜੋ ਮਿਸ਼ੀਗਨ ਵਿਚ ਸੰਘੀ ਜੱਜ ਵਜੋਂ ਨਿਯੁਕਤ ਹੋਈ ਹੈ। ਸੈਨੇਟਰਾਂ ਨੇ ਕਿਹਾ ਹੈ ਕਿ ਕੁਮਾਰ ਓਕਲੈਂਡ ਕਾਊਂਟੀ ਵਿਚ ਸਿਕਸਥ ਸਰਕਟ ਕੋਰਟ ਦੀ ਸਤਿਕਾਰਤ ਮੁੱਖ ਜੱਜ ਹੈ ਤੇ ਅਸੀਂ ਜਾਣਦੇ ਹਾਂ ਕਿ ਉਹ ਇਕ ਸੰਘੀ ਜੱਜ ਵਜੋਂ ਵੀ ਆਪਣੀਆਂ ਸ਼ਾਨਦਾਰ ਸੇਵਾਵਾਂ ਨੂੰ ਜਾਰੀ ਰਖੇਗੀ।

# ਸਾਬਕਾ ਪੁਲਿਸ ਅਧਿਕਾਰੀ ਕਿਮ ਪੋਟਰ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਕਰਾਰ, ਜੇਲ੍ਹ ਭੇਜਿਆ

**ਸੈਕਰਾਮੈਂਟੋ 24 ਦਸੰਬਰ-** ਮਿਨੀਸੋਟਾ ਦੇ ਸਾਬਕਾ ਪੁਲਿਸ ਅਧਿਕਾਰੀ ਕਿਮ ਪੋਟਰ ਨੂੰ ਮਿਨੀਆਪੋਲਿਸ ਦੇ ਨੀਮ ਸ਼ਹਿਰੀ ਖੇਤਰ ਬਰੁਕਲਿਨ ਸੈਂਟਰ ਵਿਚ ਇਕ ਟਰੈਫਿਕ ਸਟਾਪ 'ਤੇ ਗੋਲੀਆਂ ਚਲਾ ਕੇ ਡੌਂਟ ਰਾਈਟ ਨਾਮੀ ਵਿਅਕਤੀ ਦੀ ਹੱਤਿਆ ਕਰ ਦੇਣ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ ਹੈ। ਮਿਨੀਆਪੋਲਿਸ ਦੀ ਜਿਲ੍ਹਾ ਜੱਜ ਰੀਗਿਨਾ ਚੂ ਨੇ ਜਦੋਂ ਫੈਸਲਾ ਸੁਣਾਇਆ ਤਾਂ 49 ਸਾਲਾ ਪੋਟਰ ਜਜ਼ਬਾਤੀ ਹੋ ਗਈ ਜਦ ਕਿ ਉਸ ਦੇ ਇਕ ਵਕੀਲ ਨੇ ਆਪਣਾ ਚੇਹਰਾ ਥੋਹੜੇ ਸਮੇ ਲਈ ਮੇਜ਼ ਉਪਰ ਰਖ ਦਿੱਤਾ ਜੋ ਪ੍ਰਤਖ ਤੌਰ 'ਤੇ ਪ੍ਰੇਸ਼ਾਨ ਨਜਰ ਆ ਰਿਹਾ ਸੀ। ਅਦਾਲਤ ਵਿਚ ਪੋਟਰ ਦਾ ਪਤੀ ਤੇ ਰਾਈਟ ਦੇ ਮਾਤਾ-ਪਿਤਾ ਹਾਜਰ ਸਨ। ਜਦੋਂ ਪੋਟਰ ਨੂੰ ਫਸਟ ਡਿਗਰੀ ਕਤਲ ਲਈ ਦੋਸ਼ੀ ਠਹਿਰਾਇਆ ਤਾਂ ਰਾਈਟ ਦੀ ਮਾਂ ਦੇ ਅੱਖਾਂ ਵਿਚੋਂ ਹੰਝੂ ਵਗ ਤੁਰੇ। ਬਚਾਅ ਪੱਖ ਦੇ ਵਕੀਲ ਪਾਲ ਇੰਘ ਨੇ ਜੱਜ ਨੂੰ ਬੇਨਤੀ ਕੀਤੀ ਕਿ ਜਦੋਂ ਤੱਕ ਉਸ ਦੇ ਮੁਵੱਕਲ ਨੂੰ ਸਜ਼ਾ ਨਹੀਂ ਸੁਣਾਈ



ਜਾਂਦੀ,ਉਸ ਨੂੰ ਜਮਾਨਤ ਉਪਰ ਰਿਹਾਅ ਕਰ ਦਿੱਤਾ ਜਾਵੇ ਪਰੰਤੂ ਜੱਜ ਨੇ ਇਹ ਬੇਨਤੀ ਰੱਦ ਕਰਦਿਆਂ ਪੋਟਰ ਨੂੰ ਹਿਰਾਸਤ ਵਿਚ ਲੈਣ ਦਾ ਹੁਕਮ ਦਿੱਤਾ। ਵਕੀਲ ਨੇ ਕਿਹਾ ਕਿ ਪੋਟਰ ਨੂੰ ਆਪਣੇ ਕੀਤੇ 'ਤੇ ਪਛਤਾਵਾ ਹੈ ਤੇ ਉਸ ਤੋਂ ਸਮਾਜ ਨੂੰ ਕੋਈ ਖਤਰਾ ਨਹੀਂ ਹੈ। ਸਰਕਾਰੀ ਵਕੀਲਾਂ ਨੇ ਪੋਟਰ ਨੂੰ ਹਿਰਾਸਤ ਵਿਚ ਰਖਣ ਦੀ ਬੇਨਤੀ ਕਰਦਿਆਂ ਕਿਹਾ ਕਿ ਪੋਟਰ ਰਾਜ ਤੋਂ ਬਾਹਰ ਰਹਿੰਦੀ ਹੈ। ਜ਼ਿਲ੍ਹਾ ਜੱਜ ਨੇ ਆਪਣੇ ਫੈਸਲੇ ਵਿਚ ਲਿਖਿਆ ਕਿ ਮੈ ਇਸ ਮਾਮਲੇ ਨੂੰ ਹੋਰ ਮਾਮਲਿਆਂ ਤੋਂ ਵੱਖਰਾ ਰਖ ਕੇ ਵਿਚਾਰ ਨਹੀਂ ਸਕਦੀ। ਇਸ 'ਤੇ ਪੁਲਿਸ ਨੇ ਪੋਟਰ ਨੂੰ ਹਿਰਾਸਤ ਵਿਚ ਲੈ ਲਿਆ।

ਰਾਈਟ ਦੇ ਪਰਿਵਾਰ ਨੇ ਫੈਸਲੈ ਉਪਰ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਪੁੱਤਰ ਦੀ ਬੇਤੁਕੀ ਹੱਤਿਆ ਵਾਸਤੇ ਜੁੰਮੇਵਾਰੀ ਤੇ ਜਵਾਬਦੇਹੀ ਤਾਂ ਬਣਦੀ ਹੈ। ਅਸੀਂ ਉਹ ਦਿਨ ਨਹੀਂ ਭੁੱਲੇ ਜਦੋਂ ਬਿਨਾਂ ਕਿਸੇ ਕਾਰਨ ਗੋਲੀਆਂ ਚਲਾ ਕੇ ਸਾਡੇ ਪੁੱਤਰ ਨੂੰ ਜਾਨੋਂ ਮਾਰ ਦਿੱਤਾ ਗਿਆ ਸੀ।

# ਕ੍ਰਿਸਮਿਸ ਦੀ ਸਵੇਰ ਨੂੰ ਲੱਗੀ ਭਿਆਨਕ ਅੱਗ ਵਿਚ ਸੜਨ ਨਾਲ ਪਿਤਾ ਤੇ ਉਸ ਦੇ ਦੋ ਪੁੱਤਰਾਂ ਦੀ ਮੌਤ

**ਸੈਕਰਾਮੈਂਟੋ 27 ਦਸੰਬਰ-** ਪੈਨਸਿਲਵੈਨੀਆ ਦੇ ਕੁਆਕਰਟਾਊਨ ਵਿਚ ਇਕ ਪਰਿਵਾਰ ਲਈ ਕ੍ਰਿਸਮਿਸ ਦੀ ਸਵੇਰ ਬਹੁਤ ਭਿਆਨਕ ਸਾਬਤ ਹੋਈ ਤੇ ਘਰ ਵਿਚ ਲੱਗੀ ਅੱਗ ਵਿਚ ਸੜ ਕੇ ਪਿਤਾ ਤੇ ਉਸ ਦੇ ਦੋ ਪੁੱਤਰਾਂ ਦੀ ਮੌਤ ਹੋ ਗਈ ਜਦ ਕਿ ਪਤਨੀ ਤੇ ਵੱਡੇ ਪੁੱਤਰ ਦਾ ਕਿਸੇ ਤਰਾਂ ਬਚਾ ਹੋ ਗਿਆ। ਅੱਗ ਐਨੀ ਭਿਆਨਕ ਸੀ ਦੋ ਕੁੱਤੇ ਵੀ ਸੜ ਕੇ ਮਰ ਗਏ। ਉਨ੍ਹਾਂ ਨੂੰ ਵੀ ਭੱਜਣ ਦਾ ਮੌਕਾ ਨਹੀਂ ਮਿਲਿਆ। ਇਹ ਘਟਨਾ ਪੂਰਬੀ ਪੈਨਸਿਲਵੈਨੀਆ ਦੀ ਹੈ ਜਿਥੇ ਇਕ ਘਰ ਵਿਚ "ਕ੍ਰਿਸਮਿਸ ਟਰੀ" ਪੂਰੀ ਤਰਾਂ ਸਜਾਇਆ ਹੋਇਆ ਸੀ। ਉਸ ਉਪਰ ਬੱਲਬ ਆਦਿ ਲੱਗੇ ਹੋਏ ਸਨ। ਅਧਿਕਾਰੀ ਘਟਨਾ ਦੀ ਜਾਂਚ ਕਰ ਰਹੇ ਹਨ ਪਰੰਤੂ ਮੁੱਢਲੀ ਜਾਂਚ ਤੋਂ ਸੰਕੇਤ ਮਿਲੇ ਹਨ ਕਿ ਅੱਗ "ਕ੍ਰਿਸਮਿਸ ਟਰੀ" ਉਪਰ ਲੱਗੇ ਬੱਲਬ ਤੋਂ ਸ਼ੁਰੂ ਹੋਈ ਜੋ ਭਾਂਬੜ ਦਾ ਰੂਪ ਅਖਤਿਆਰ ਕਰ ਗਈ। ਮ੍ਰਿਤਕਾਂ ਦੀ ਪਛਾਣ ਐਰਿਕ ਕਿੰਗ (41) ਤੇ ਉਸ ਦੇ 11 ਤੇ 8 ਸਾਲ ਪੁੱਤਰਾਂ ਕ੍ਰਮਵਾਰ ਲਿਐਮ ਤੇ ਪੈਟਰਿਕ ਵਜੋਂ ਹੋਈ ਹੈ।

ਕੁਆਕਰਟਾਊਨ ਪੁਲਿਸ ਮੁੱਖੀ ਮੈਕਲਰੀ ਨੇ ਕਿਹਾ ਹੈ ਕਿ ਅੱਗ ਲੱਗਣ ਦੇ ਕਾਰਨ ਦਾ ਪਤਾ ਲਾਉਣ ਲਈ ਹਾਲਾਂ ਕਿ ਅੰਤਿਮ ਸਿੱਟੇ 'ਤੇ ਨਹੀਂ ਪੁੱਜੇ ਪਰੰਤੂ ਹਾਲਾਤ ਤੋਂ ਪੂਰੀ ਤਰਾਂ ਸਪੱਸ਼ਟ ਹੋ ਜਾਂਦਾ ਹੈ ਕਿ ਅੱਗ ਘਰ ਵਿਚ ਸਜਾਏ ਕ੍ਰਿਸਮਿਸ ਟਰੀ' ਤੋਂ ਸ਼ੁਰੂ ਹੋਈ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਦਰੱਖਤ ਅਸਲੀ ਸੀ ਤੇ ਉਸ ਉਪਰ ਰੋਸ਼ਨੀਆਂ ਆਦਿ ਲਾਈਆਂ ਗਈਆਂ ਸਨ। ਉਨ੍ਹਾਂ ਕਿਹਾ ਕਿ ਅੱਗ ਏਨੀ ਭਿਆਨਕ ਸੀ ਕਿ ਮੌਕੇ ਉਪਰ ਪੁੱਜੇ ਪੁਲਿਸ ਅਧਿਕਾਰੀ ਵੀ ਘਰ ਵਿਚ ਦਾਖਲ ਹੋਣ ਵਿੱਚ ਨਾਕਾਮ ਰਹੇ। ਅੱਗ ਨਾਲ ਘਰ ਪੂਰੀ ਤਰਾਂ ਸੜ ਕੇ ਸਵਾਹ ਹੋ ਗਿਆ ਜੋ ਲੱਕੜ ਦੇ ਢਾਂਚੇ ਉਪਰ ਬਣਾਇਆ ਗਿਆ ਸੀ। ਘਰ ਵਿਚ ਬਣੀ ਇਕ ਕੰਧ ਕਾਰਨ ਪਰਿਵਾਰ ਦੇ ਬਾਕੀ ਜੀਅ ਬਚ ਗਏ।

# ਭਾਰਤੀ ਮੂਲ ਦੇ ਅਸ਼ਵਿਨ ਵਾਸਨ ਸਿਹਤ ਕਮਿਸ਼ਨਰ ਨਿਯੁਕਤ

**ਸੈਕਰਾਮੈਂਟੋ 27 ਦਸੰਬਰ-** ਨਿਊਯਾਰਕ ਦੇ ਮੇਅਰ ਐਰਿਕ ਐਡਮਜ ਨੇ ਭਾਰਤੀ ਮੂਲ ਦੇ ਅਮਰੀਕੀ ਡਾਕਟਰ ਅਸ਼ਵਿਨ ਵਾਸਨ ਨੂੰ "ਡਿਪਾਰਟਮੈਂਟ ਆਫ ਹੈਲਥ ਐਂਡ ਮੈਂਟਲ ਹਾਈਜੀਨ" ਦਾ ਕਮਿਸ਼ਨਰ ਨਿਯੁਕਤ ਕੀਤਾ ਹੈ। ਉਹ 15




ਮਾਰਚ 2022 ਨੂੰ ਅਹੁੱਦਾ ਸੰਭਾਲਣਗੇ। ਡਾਕਟਰ ਅਸ਼ਵਿਨ ਜਨਤਿਕ ਸਿਹਤ ਸੰਬਧੀ ਸੀਨੀਅਰ ਸਲਾਹਕਾਰ ਵਜੋਂ ਕੰਮ ਕਰਨਗੇ। ਮੇਅਰ ਨੇ ਐਲਾਨ ਕੀਤਾ ਹੈ ਕਿ 15 ਮਾਰਚ 2022 ਤੱਕ ਮੌਜੂਦਾ ਕਮਿਸ਼ਨਰ ਡਾਕਟਰ ਡਵੇ ਏ ਚੌਕਸ਼ੀ ਆਪਣੀਆਂ ਸੇਵਾਵਾਂ ਜਾਰੀ ਰਖਣਗੇ। ਜਾਰੀ ਪ੍ਰੈਸ ਬਿਆਨ ਵਿਚ ਕਿਹਾ ਗਿਆ ਹੈ ਕਿ ਡਾਕਟਰ ਵਾਸਨ ਕੋਵਿਡ-19 ਨਾਲ ਸਬੰਧਤ ਸਾਰੀਆਂ ਨੀਤੀਆਂ ਸਬੰਧੀ ਸਲਾਹ ਦੇਣਗੇ ਤੇ ਉਹ ਪ੍ਰਮੁੱਖ ਆਗੂ ਦੀ ਭੂਮਿਕਾ ਨਿਭਾਉਣਗੇ। ਡਾਕਟਰ ਵਾਸਨ ਨੂੰ ਜਨਤਿਕ ਸਿਹਤ ਸੇਵਾਵਾਂ ਵਿਚ ਕੰਮ ਕਰਨ ਦਾ 20 ਸਾਲਾਂ ਦਾ ਲੰਬਾ ਤਜਰਬਾ ਹੈ।

# ਅਮਰੀਕਾ ਵਿਚ ਕੋਰੋਨਾ ਪਾਜ਼ਟਿਵ ਲੋਕਾਂ ਲਈ ਇਕਾਂਤਵਾਸ ਦਾ ਸਮਾਂ ਘਟਾ ਕੇ 5 ਦਿਨ ਕੀਤਾ

**ਸੈਕਰਾਮੈਂਟੋ 28 ਦਸੰਬਰ-** 'ਸੈਂਟਰ ਫਾਰ ਡਸੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ' (ਸੀ ਡੀ ਸੀ) ਨੇ ਕੋਰੋਨਾ ਪਾਜ਼ਟਿਵ ਲੋਕਾਂ ਲਈ ਇਕਾਂਤਵਾਸ ਦਾ ਸਮਾਂ ਘਟਾ ਦਿੱਤਾ ਹੈ ਤੇ ਉਸ ਨੇ ਸਿਫਾਰਿਸ਼ ਕੀਤੀ ਹੈ ਕਿ ਇਕਾਂਤਵਾਸ ਦਾ ਸਮਾਂ 10 ਦਿਨਾਂ ਤੋਂ ਘਟਾ ਕੇ 5 ਦਿਨ ਕਰ ਦਿੱਤਾ ਜਾਵੇ। ਇਸੇ ਤਰਜ 'ਤੇ ਸਿਹਤ ਅਧਿਕਾਰੀਆਂ ਨੇ ਪਾਜ਼ਟਿਵ ਵਿਅਕਤੀਆਂ ਦੇ ਸੰਪਰਕ ਵਿਚ ਆਏ ਲੋਕਾਂ ਲਈ ਵੀ ਇਕਾਂਤਵਾਸ ਦਾ ਸਮਾਂ ਘਟਾ ਕੇ 5 ਦਿਨ ਕਰ ਦਿੱਤਾ ਹੈ। ਇਹ ਤਬਦੀਲੀਆਂ ਓਮੀਕਰੋਨ ਵਾਇਰਸ ਦੇ ਮਾਮਲੇ ਵਧਣ ਤੇ ਹਸਪਤਾਲਾਂ, ਏਅਰਲਾਈਨਾਂ ਤੇ ਕਾਰੋਬਾਰੀ ਅਦਾਰਿਆਂ ਵਿਚ ਸਟਾਫ ਦੀ ਘਾਟ ਪ੍ਰਤੀ ਪ੍ਰਗਟਾਈ ਜਾ ਰਹੀ ਚਿੰਤਾ ਦਰਮਿਆਨ ਕੀਤੀਆਂ ਗਈਆਂ ਹਨ। ਖੋਜ ਵਿਚ ਕਿਹਾ ਗਿਆ ਹੈ ਕਿ ਓਮੀਕਰੋਨ ਜੋ ਤੇਜੀ ਨਾਲ ਫੈਲਦਾ ਹੈ, ਨਾਲ ਹਲਕੀ ਬਿਮਾਰੀ ਹੁੰਦੀ ਹੈ। ਸੀ ਡੀ ਸੀ ਦੀ ਮੁੱਖੀ ਰੋਚਲ ਵਾਲੇਂਸਕੀ ਨੇ ਕਿਹਾ ਹੈ ਕਿ ਨਵੇਂ ਦਿਸ਼ਾ-ਨਿਰਦੇਸ਼ ਉਨ੍ਹਾਂ ਸਬੂਤਾਂ ਦੇ ਆਧਾਰ 'ਤੇ ਜਾਰੀ ਕੀਤੇ ਗਏ ਹਨ, ਜਿਨ੍ਹਾਂ ਵਿਚ ਕਿਹਾ ਗਿਆ ਹੈ ਕਿ ਕੋਰੋਨਾਵਾਇਰਸ ਤੋਂ ਪ੍ਰਭਾਵਿਤ ਲੋਕ ਲੱਛਣ ਵਿਕਸਤ ਹੋਣ ਤੋਂ ਦੋ ਦਿਨ ਪਹਿਲਾਂ ਤੇ 3 ਦਿਨ ਬਾਅਦ ਵਿਚ ਆਪਣੇ ਆਪ ਨੂੰ ਠੀਕ ਮਹਿਸੂਸ ਨਹੀਂ ਕਰਦੇ।

ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਓਮੀਕਰੋਨ ਦੇ ਮਾਮਲੇ ਵਧਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ "ਅਸੀਂ ਇਸ ਗੱਲ ਨੂੰ ਯਕੀਨੀ ਬਣਾਉਣਾ ਚਹੁੰਦੇ ਹਾਂ ਕਿ ਇਕ ਅਜਿਹੀ ਵਿਵਸਥਾ ਹੋਵੇ ਜਿਸ ਦੁਆਰਾ ਵਿਗਿਆਨਕ ਤੌਰ 'ਤੇ ਸਮਾਜ ਨੂੰ ਸੁਰੱਖਿਅਤ ਰਖਿਆ ਜਾ ਸਕੇ।

****

# ਫਲੋਰਿਡਾ ਦੇ ਇਕ ਸਟੋਰ ਵਿਚੋਂ 10 ਲੱਖ ਡਾਲਰ ਮੁੱਲ ਦੇ ਕੀਮਤੀ 'ਹੈਂਡਬੈਗਜ਼' ਹੋਏ ਚੋਰੀ



**ਸੈਕਰਾਮੈਂਟੋ 28 ਦਸੰਬਰ-** ਫਲੋਰਿਡਾ ਦੇ ਇਕ ਲਗਜ਼ਰੀ ਬਾਟੀਕ ਸਟੋਰ ਵਿਚੋਂ ਕੀਮਤੀ ਹੱਥ- ਬੈਲੇ (ਹੈਂਡਬੈਗਜ਼) ਚੋਰੀ ਹੋਣ ਦੀ ਖਬਰ ਹੈ। ਪਾਮ ਬੀਚ ਸਥਿਤ 'ਓਨਲੀ ਅਥੈਂਟਿਕਸ ਬਾਟੀਕ' ਦੇ ਮਾਲਕ ਵਿਰਗਿਲ ਰੋਜਰਜ ਨੇ ਦੱਸਿਆ ਕਿ ਚੋਰਾਂ ਨੇ ਰਾਤ ਵੇਲੇ ਖਿੜਕੀ ਭੰਨ ਕੇ ਹੱਥ-ਬੈਲੇ ਚੋਰੀ ਕੀਤੇ ਹਨ ਜਿਨ੍ਹਾਂ ਦੀ ਕੀਮਤ ਤਕਰੀਬਨ 10 ਲੱਖ ਡਾਲਰ ਬਣਦੀ ਹੈ। ਇਕ ਮੁਲਾਜ਼ਮ ਨੇ ਦੱਸਿਆ ਕਿ ਇਸ ਸਟੋਰ ਵਿਚ ਹਰਮਸ ਤੇ ਚੈਨਲ ਹੱਥ-ਬੈਲੇ, ਗਹਿਣੇ ਤੇ ਹੋਰ ਸਮਾਨ ਦੀ ਵਿਕਰੀ ਹੁੰਦੀ ਹੈ। ਉਸ ਨੇ ਕਿਹਾ ਕਿ 'ਓਨਲੀ ਅਥੈਂਟਿਕਸ ਬਾਟੀਕ' ਹਰਮਸ ਤੇ ਚੈਨਲ ਹੱਥ-ਬੈਲਿਆਂ ਦਾ ਇਕੋ ਇਕ ਭਰੋਸੇਮੰਦ ਡੀਲਰ ਹੈ। 8 ਬਰਕਿਨਜ ਤੇ 5 ਕੈਲੀਸ ਹੱਥ- ਬੈਲੇ ਚੋਰੀ ਹੋਈ ਹਨ ਇਨ੍ਹਾਂ ਵਿਚ ਸਭ ਤੋਂ ਵਧ ਕੀਮਤੀ ਕੈਲੀ ਦਾ 89000 ਡਾਲਰ ਤੇ ਬਰਕਿਨ ਦਾ 1,10,000 ਡਾਲਰ ਦਾ ਹੱਥ-ਬੈਲਾ ਹੈ।

ਦੇਸ਼ ਦੁਆਬਾ

# Living with Peace: Equality vs Power

Prem K. Chumber
Editor-In-Chief: www.ambedkartimes.com

The most common dilemma human beings face is peace at home and struggle for power in the world. Search for peace and equality at domestic level and efforts to gain, enhance and maintain power at the world level clash with each other. Another equally common dilemma is about the incompatibility between the goals nations pursue within their domestic sphere and their foreign policies. It is known to all of us that those nations which boast of the inherent culture of their respective democratic societies could be seen acting dictatorially when they bring some other nation(s) under their control be it in a colonial or neo-colonial set-up. British rule in India is a case in point. Now, Neo-Colonialism is another clear instance. This dilemma of democracy at home vs dictatorship abroad has its roots in what called phenomenon of 'nationalism' and aggressive pursuit of power in the domain of political and economic world. Since the treaty of Westphalia (1648), the idea of sovereignty of the territorially demarcated state boundaries divided the humanity into 'we' and 'others'. 'My nation' as distinguished from 'other nations' had come to stay as a dominant narrative. The narrative reduces "others" almost into aliens/enemy, especially in military terminology.

The sharp division between the internal (domestic) and the external (international) often goads nations to seek equality within their sovereign territorial jurisdiction and pursue power related goals in the anarchic domain of the globally contested political sphere. This division between internal and external political realms has its own peculiar logic to function which is linked with the all-pervasive dilemma of ideal of quality vs scramble for power. The desire to bring equality within leads to hunt for resources and markets abroad. When this practice becomes infectious pursuit among the powerful states it leads to serious confrontation between them. The last century's two world wars occurred within its first half were the outcome of the imperialistic scramble for more and more power.

Yet another less articulated but equally important factor related with the blind rush for power is the phenomenon of over-exploitation of the natural resources. It leads not only to the fast depletion of natural resourcesbut turn their consumption poisonous too. Corona-19 is the latest outcomeof our such uncaring and often over-exploitative approach towards MotherNature! Power creates lust for more and more profit. Whereas, equality asks for restraint. It demands for sharing of what we have and a collective living in communitarian set up... Power is individualistic. Equality is collaborative. Power pushes for war. Equality leads us to peace. But for the peace to prevail we need to decouple our ideal of equality from the scramble for power. Let us pray together that in the New Year 2022 ahead equality triumphs over power.

"Ambedkar Times" and "Desh Doaba" forum deeply appreciate the support it received from its sponsors, contributors, readers and well-wishers. A Big Thank You to all of you! With your support continuing and your kind encouragement, we promise you to serve you uninterruptedly with our utmost capacity in near future too.

**WISHING YOU ALL VERY HAPPY, HEALTHY AND PROSPEROUS 2022**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਨਵਾਂ ਸਾਲ ਅਤੇ ਸਾਡੇ ਕਰਮ



ਅਵਤਾਰ ਸਿੰਘ ਮਿਸ਼ਨਰੀ
510-432-5827

ਨਵਾਂ ਸਾਲ-ਉਹ ਹਰ ਸਮਾਂ ਹੀ ਨਿੱਤ ਨਵਾਂ ਹੈ ਜੋ-ਸਾਹਿਬ ਮੇਰਾ ਨੀਤਿ ਨਵਾਂ ਸਦਾ ਸਦਾ ਦਾਤਾਰੁ (੬੬੦) ਦੀ ਯਾਦ ਵਿੱਚ ਲੰਘੇ-ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ॥ ਜਿਤੁ ਦਿਨਿ ਵਿਸਰੇ ਪਾਰਬ੍ਰਹਮੁ ਫਿਟੁ ਭੁਲੇਰੀ ਰੁਤਿ (੩੧੮) ਸੋ ਕੋਈ ਵੀ ਨਿਮਖ, ਪਲ, ਘੜੀ, ਪਹਰ, ਮਹੂਰਤ, ਦਿਨ, ਰਾਤ ਹਫਤਾ, ਮਹੀਨਾ, ਸਾਲ ਅਤੇ ਸਦੀ ਮਾੜਾ ਨਹੀਂ ਸਗੋਂ ਚੰਗੇ ਮਾੜੇ ਸਾਡੇ ਕਰਮ ਹਨ। ਜਿਵੇਂ ਹਰ ਸਾਲ ਬਨਾਸਪਤੀ ਨੂੰ ਨਵੇਂ ਫੁੱਲ ਖਿੜਦੇ ਅਤੇ ਨਵੀਆਂ ਕਰੂੰਬਲਾਂ ਨਿਕਲਦੀਆਂ ਹਨ ਇਵੇਂ ਹੀ ਸਾਡੇ ਹਿਰਦੇ ਵਿੱਚ ਵੀ ਸ਼ੁਭ ਗੁਣਾਂ ਦੇ ਫੁੱਲ ਅਤੇ ਅਗਾਂਹ ਵਧੂ ਵਿਚਾਰਾਂ ਦੀਆਂ ਕਰੂੰਬਲਾਂ ਪੈਦਾ ਹੋਣੀਆਂ ਚਾਹੀਦੀਆਂ ਹਨ। ਜਿਵੇਂ ਕੱਟ ਕੇ ਪਰੂਣੀ ਕੀਤੀ ਵੇਲ ਨੂੰ ਵਧੀਆ ਫਲ ਲੱਗਦੇ ਨੇ ਇਵੇਂ ਹੀ ਬੁਰੇ ਕਰਮ, ਗੰਦੀ ਸੋਚ, ਪਿਛਾਂਹ ਖਿੱਚੂ ਪੁਰਾਣੇ ਤੇ ਬੋਸੇ ਵਿਚਾਰ ਜੋ ਭਰਮ-ਗਿਆਨੀਆਂ, ਮਿਥਿਹਾਸਕ ਗ੍ਰੰਥਾਂ ਅਤੇ ਮਨਮਤਿ ਰਾਹੀਂ ਸਾਡੇ ਹਿਰਦੇ-ਦਿਲ, ਦਿਮਾਗ ਵਿੱਚ ਪਾ ਅਤੇ ਅਮਰਵੇਲ ਵਾਂਗ ਉੱਪਰ ਚੜ੍ਹਾ ਦਿੱਤੇ ਨੇ, ਉਨ੍ਹਾਂ ਨੂੰ ਗੁਰੂ ਸ਼ਬਦ ਗਿਆਨ ਦੇ ਨਸ਼ਤ੍ਰ ਨਾਲ ਕੱਟ ਛੱਟ ਕੇ ਹਰ ਸਾਲ ਪਰੂਣੀ ਕਰਨ ਦੀ ਲੋੜ ਹੈ ਤਾਂ ਕਿ ਸ਼ੁਭ ਗੁਣਾਂ ਅਤੇ ਸਰਬ ਪ੍ਰਵਾਣਤ ਅਗਾਂਹ ਵਧੂ ਉਸਾਰੂ ਵਿਚਾਰਾਂ ਦੇ ਚੰਗੇ ਫਲ ਲੱਗ ਸੱਕਣ। ਜਿਵੇਂ ਹਰੇਕ ਕਾਰੋਬਾਰ ਭਾਵ ਕਿਰਤ ਕਮਾਈ ਕਰਨ ਵਾਲਾ ਇਨਸਾਨ ਲਾਭ ਵਾਸਤੇ ਕੰਮ ਕਰਦਾ ਹੈ। ਹਰ ਸਾਲ ਦੇ ਅਖੀਰ ਤੇ ਲੇਖਾ ਜੋਖਾ ਕਰਦੈ ਕਿ ਕਿੰਨ੍ਹਾ ਲਾਭ, ਘਾਟਾ, ਅਤੇ ਖਰਚਾ ਹੋਇਆ? ਮੈਂ ਅੱਗੇ ਕਿਵੇਂ ਕਰਨਾ ਹੈ? ਇਵੇਂ ਹਿਸਾਬ ਕਿਤਾਬ ਰੱਖਣਵਾਲਾ ਇਨਸਾਨ ਹਾਨ-ਲਾਭ ਬਾਰੇ ਸੋਚ ਕੇ ਆਪਣੀ ਦੁਨੀਆਵੀ ਜ਼ਿੰਦਗੀ ਹੋਰ ਚੰਗੀ ਬਣਾਉਣ ਦੀ ਕੋਸ਼ਿਸ਼ ਕਰਦੈ ਪਰ ਬੇਹਿਸਾਬਾ ਵਿਅਕਤੀ ਹਮੇਸ਼ਾਂ ਘਾਟੇ ਵਿੱਚ ਰਹਿੰਦਾ ਅਤੇ ਸੰਸਾਰੀ ਵੀ ਉਸ ਦੀ ਇਜ਼ਤ ਨਹੀਂ ਕਰਦੇ। ਇਵੇਂ ਹੀ ਸਿੱਖ ਨੇ ਵੀ ਇਹ ਲੇਖਾ ਜੋਖਾ ਕਰਨੈ ਕਿ ਮੈ ਹੁਣ ਤੱਕ "ਸ਼ਬਦ ਗੁਰੂ ਗ੍ਰੰਥ" ਸਿੱਖ ਰਹਿਤ ਮਰਯਾਦਾ, ਫਿਲੌਸਫੀ ਅਤੇ ਇਤਿਹਾਸ ਤੋਂ ਕੀ ਸਿਖਿਆ ਹੈ? ਸਿੱਖ ਦੇ ਅਰਥ ਹੀ ਸਿਖਿਆਰਥੀ ਨੇ ਜੋ ਹਮੇਸ਼ਾ ਸਿੱਖਦਾ ਰਹਿੰਦਾ ਹੈ। ਹਰੇਕ ਸਿੱਖ ਨੂੰ ਗੁਰਬਾਣੀ ਦਾ ਆਪ ਪਾਠ ਕਰਨਾ, ਅਰਥ ਸਿੱਖਣੇ ਅਤੇ ਕਮਉਣੇ ਚਾਹੀਦੇ ਹਨ। ਸਿੱਖ ਰਹਿਤ ਮਰਯਾਦਾ, ਸਿੱਖ ਫਿਲੌਸਫੀ ਅਤੇ ਇਤਿਹਾਸ ਆਪ ਪੜਦੇ ਜਾਂ ਸੁਣਦੇ ਰਹਿਣਾ ਚਾਹੀਦਾ ਹੈ। ਭੇਖੀ ਸਾਧਾਂ-ਸੰਤਾਂ, ਸੰਪ੍ਰਦਾਈਆਂ ਅਤੇ ਪੁਜਾਰੀਆਂ ਤੇ ਹੀ ਨਿਰੀ ਟੇਕ ਨਹੀਂ ਰੱਖਣੀ ਚਾਹੀਦੀ ਜੋ ਜੋਕਾਂ ਵਾਂਗ ਸਿੱਖ ਕੌਮ ਦਾ ਖੂਨ ਪੀਂਦੇ ਹੋਏ ਕੌਮ ਵਿੱਚ ਵਹਿਮ-ਭਰਮ, ਫੋਕਟ-ਕਰਮਕਾਂਡ, ਸੁੱਚ-ਭਿੱਟ, ਛੂਆ-ਛਾਤ ਅਤੇ ਜਾਤ-ਪਾਤ ਆਦਿ ਫਲਾ ਰਹੇ ਹਨ। ਜਿਨ੍ਹਾਂ ਨੇ ਅਗਾਂਹ ਵਧੂ ਸਿੱਖੀ ਨੂੰ ਪੱਥਰ ਯੁੱਗ ਦਾ ਧਰਮ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡੀ। ਜੋ ਬ੍ਰਾਹਮਣੀ ਗ੍ਰੰਥਾਂ ਦੀਆਂ ਬੇ-ਫਜ਼ੂਲ ਮਿਥਿਹਾਸਕ ਕਥਾ-ਕਹਾਣੀਆਂ, ਗੁਰਦੁਆਰਿਆਂ ਵਿੱਚ ਸੁਣਾ-ਸੁਣਾ ਕੇ, ਸਿੱਖੀ ਦਾ ਬ੍ਰਾਹਮਣੀਕਰਨ ਕਰੀ ਜਾ ਰਹੇ ਹਨ। ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਅਖੌਤੀ ਦਸਮ ਗ੍ਰੰਥ ਵਰਗੇ ਅਸ਼ਲੀਲ ਗੰਦੀ ਕਵਿਤਾ ਵਾਲੇ ਗ੍ਰੰਥ ਨੂੰ, ਹਿੱਕ ਦੇ ਜੋਰ ਨਾਲ ਪ੍ਰਕਾਸ਼ ਕਰਕੇ, ਸ਼ਬਦ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਘਟਾ ਕੇ, ਸਿੱਖ ਸਿਧਾਤਾਂ ਦੀਆਂ ਜੜ੍ਹਾਂ ਵੱਢ ਰਹੇ ਹਨ।

**ਨਵੇਂ ਸਾਲ ਵਿੱਚ ਕਰਨ ਤੇ ਛੱਡਣਯੋਗ ਕਰਮ**

ਆਓ ਨਵੇਂ ਸਾਲ ਤੇ ਪ੍ਰਣ ਕਰੀਏ ਕਿ ਅਸੀਂ ਔਗੁਣਾਂ ਦਾ ਤਿਆਗ ਕੇ ਸ਼ੁਭ ਗੁਣ ਧਾਰਨ ਕਰਾਂਗੇ। ਧਰਮ ਦੀ ਕਿਰਤ ਕਰਦੇ ਵੰਡ ਛਕਦੇ, ਅਕਾਲ ਪੁਰਖ ਦਾ ਨਾਮ ਜਪਾਂਗੇ। ਗੁਰਬਾਣੀ ਆਪ ਪੜ੍ਹਦੇ-ਪੜ੍ਹਾਂਦੇ, ਗਾਂਦੇ, ਵਿਚਾਰਦੇ ਅਤੇ ਧਾਰਦੇ ਹੋਏ ਹੋਰਨਾਂ ਨੂੰ ਵੀ ਸਿਖਾਉਂਦੇ, ਨਿਰਾ ਸਾਰੀ ਉਮਰ ਪਾਠੀਆਂ ਤੋਂ ਪਾਠ ਹੀ ਨਹੀਂ ਕਰਾਈ ਜਾਵਾਂਗੇ। ਹਰ ਗੁਰਦੁਆਰੇ ਨਾਲ ਲਾਇਬ੍ਰੇਰੀ, ਸਕੂਲ, ਕਾਲਜ ਆਦਿਕ ਖੋਲਾਂਗੇ ਜਿੱਥੇ ਦਨਿਆਵੀ ਵਿਦਿਆ ਦੇ ਨਾਲ-ਨਾਲ ਧਾਰਮਿਕ ਵਿਦਿਆ ਵੀ ਪ੍ਰਾਪਤ ਕੀਤੀ ਜਾ ਸਕੇ। ਗੁਰਦੁਆਰਿਆਂ, ਧਰਮ-ਅਸਥਾਨਾਂ ਵਿੱਚ ਪੜ੍ਹੇ ਲਿਖੇ ਯੋਗ ਪ੍ਰਚਾਰਕਾਂ ਅਤੇ ਰਾਗੀ ਗ੍ਰੰਥੀਆਂ ਨੂੰ ਭਰਤੀ ਕਰਾਂਗੇ, ਜੋ ਸ਼ਬਦ ਗੁਰੂ ਗ੍ਰੰਥ ਸਾਹਿਬ ਦੀ ਨਿਰੋਲ ਬਾਣੀ ਦੀ ਮਰਯਾਦਾ ਦੇ ਧਾਰਨੀ ਪ੍ਰਚਾਰਕ ਹੋਣ ਅਤੇ ਕਥਾ ਕੀਰਤਨ ਵਿੱਚ ਬ੍ਰਾਹਮਣੀ ਕਥਾ ਕਹਾਣੀਆਂ ਸੁਣਾ-ਸੁਣਾ ਕੇ ਸਿੱਖੀ ਦਾ ਭਗਵਾਕਰਨ ਨਾਂ ਕਰਨ। ਪੰਥ ਤੋਂ ਬਗੈਰ, ਕਿਸੇ ਭੇਖੀ ਸਾਧ-ਸੰਤ ਸੰਪ੍ਰਦਾਈ ਨੂੰ, ਮਾਨਤਾ ਨਹੀਂ ਦੇਵਾਂਗੇ ਅਤੇ ਨਾਂ ਹੀ ਆਪਣੇ ਜਾਂ ਆਪਣੇ ਤੋਂ ਵੱਡੀ ਕਿਸੇ ਵੀ ਹਸਤੀ ਦੇ ਨਾਂ ਦੇ ਅੱਗੇ-ਪਿਛੇ ਸੰਤ ਸ਼ਬਦ ਵਰਤਾਂਗੇ ਸਗੋਂ ਗੁਰੂ ਸਾਹਿਬ ਦੇ ਦਿੱਤੇ ਹੋਏ ਉਪਨਾਮ ਭਾਈ, ਬਾਬਾ, ਸਿੰਘ, ਕੌਰ ਅਤੇ ਸਰਦਾਰ ਆਦਿਕ ਸ਼ਬਦਾਂ ਦੀ ਵਰਤੋਂ ਕਰਾਂਗੇ। ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਕਿਸੇ ਵੀ ਪੋਥੀ ਜਾਂ ਅਖੌਤੀ ਦਸਮ ਗ੍ਰੰਥ ਆਦਿ ਦਾ ਪ੍ਰਕਾਸ਼ ਨਹੀਂ ਕਰਾਂਗੇ ਅਤੇ ਨਾਂ ਹੀ ਕਿਸੇ ਦੋਖੀ ਨੂੰ ਕਰਨ ਦੇਵਾਂਗੇ। ਨੋਟ-ਡੇਰੇਦਾਰ ਤੇ ਟਕਸਾਲੀ ਅਜਿਹਾ ਅਨਰਥ ਸ਼ਰੇਆਮ ਕਰ ਰਹੇ ਹਨ।

ਸਿੱਖ ਗੁਰਦੁਆਰਿਆਂ ਤੇ ਆਪਣੇ ਘਰਾਂ ਵਿੱਚੋਂ ਕੁੰਭ, ਨਾਰੀਅਲ, ਜੋਤਾਂ, ਮੌਲੀਆਂ, ਹਵਨਨੁਮਾਂ ਗੁਗਲ ਦੀਆਂ ਧੂਫਾਂ ਅਤੇ ਹਵਨ ਸਮੱਗਰੀਆਂ ਕੱਢਾਂਗੇ। ਸ਼ਬਦ ਗੁਰੂ ਗ੍ਰੰਥ ਸਹਿਬ ਦੇ ਪਾਠ ਨਾਲ ਇਹ ਸਾਰੀ ਬ੍ਰਾਹਮਣੀ ਪੂਜਾ ਸਮੱਗਰੀ ਨਹੀਂ ਰੱਖਾਂਗੇ ਅਤੇ ਨਾਂ ਹੀ ਕਿਸੇ ਨੂੰ ਰੱਖਣ ਦਿਆਂਗੇ। ਮਾਰੂ ਨਸ਼ਿਆਂ ਦਾ ਤਿਆਗ ਕਰਦੇ ਹੋਏ ਜਨਤਾ ਨੂੰ ਇਸ ਬਾਰੇ ਜਾਗਰੂਕ ਕਰਾਂਗੇ ਕਿਉਂਕਿ ਨਸ਼ਿਆਂ ਨਾਲ ਜਿੱਥੇ ਧੰਨ ਬਰਬਾਦ ਹੁੰਦਾ, ਬੇਇਜ਼ਤੀ ਹੁੰਦੀ, ਭਿਆਨਕ ਰੋਗ ਲਗਦੇ ਓਥੇ ਮਤਿ ਵੀ ਮਾਰੀ ਜਾਂਦੀ ਹੈ-ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥ ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥ ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥(੫੫੪)

ਔਰਤ ਦਾ ਮਰਦ ਦੇ ਬਰਾਬਰ ਸਨਮਾਨ ਤੇ ਧੀਆਂ ਦੀ ਭਰੂਣ ਹਤਿਆ ਨਹੀਂ ਕਰਾਂਗੇ ਕਿਉਂਕਿ ਇਹ ਮਾਨ ਸਿੱਖ ਕੌਮ ਦੇ ਬਾਨੀ ਬਾਬਾ ਗੁਰੂ ਨਾਨਕ ਸਾਹਿਬ ਨੇ ਬਖਸ਼ਦਿਆਂ ਫੁਰਮਾਇਆ-ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ (੪੭੩) ਜੇ ਮਰਦ ਗੁਰਬਾਣੀ ਦਾ ਪਾਠ ਕਥਾ ਕੀਰਤਨ ਗੁਰੂ ਘਰ ਦੀ ਹਰੇਕ ਪ੍ਰਕਾਰ ਸੇਵਾ ਕਰ ਸਕਦੈ ਤਾਂ ਔਰਤ ਵੀ ਇਹ ਸਭ ਕੁਝ ਕਰ ਸਕਦੀ ਹੈ। ਧਿਆਨ ਦਿਓ! ਸੰਪ੍ਰਦਾਈ ਤੇ ਕੇਸਾਧਾਰੀ ਬ੍ਰਾਹਮਣੀ ਟੋਲੇ ਅਜੋਕੇ ਸਿੰਘ ਸਹਿਬਾਨ ਰੂਪੀ ਆਦਿਕ ਅਖੌਤੀ ਆਗੂਆਂ ਨੇ ਬ੍ਰਹਾਮਣਾਂ ਵਾਂਗ ਹੀ ਸਿੱਖ ਔਰਤਾਂ ਤੇ ਵੀ ਅਜਿਹੀ ਮੰਨੂਵਾਦੀ ਪਾਬੰਦੀ ਲਾ ਰੱਖੀਐ ਜਿਸ ਨੂੰ ਰਲ ਕੇ ਤੋੜਾਂਗੇ ਕਿਉਂਕਿ ਗੁਰੂ ਅਮਰਦਾਸ ਸਾਹਿਬ ਜੀ ਨੇ ਵੀ ਬੀਬੀਆਂ ਨੂੰ ੫੨ ਪੀਹੜੇ ਬਖਸ਼ੇ ਸਨ। ਸਿੱਖ ਧਰਮ ਦੇ ਦਰਵਾਜੇ ਸਭ ਮਾਈ ਭਾਈ ਲਈ ਖੁਲ੍ਹੇ ਰੱਖਾਂਗੇ ਕਿਉਂਕਿ-ਸਭੇ ਸਾਂਝੀਵਾਲ ਸਦਾਇਨਿ (੯੭) ਅਤੇ ਉਪਦੇਸੁ ਚਹੁ ਵਰਨਾ ਕਉ ਸਾਂਝਾ (੭੪੭) ਵੱਧ ਤੋਂ ਵੱਧ ਬੋਲੀਆਂ (ਭਾਸ਼ਾਵਾਂ) ਵਿੱਚ ਗੁਰਬਾਣੀ, ਸਿੱਖ ਇਤਿਹਾਸ ਅਤੇ ਫਿਲੌਸਫੀ (ਸਿਧਾਂਤ) ਆਦਿਕ ਦਾ ਪ੍ਰਚਾਰ ਬੜੀ ਫਰਾਕ ਦਿਲੀ ਨਾਲ ਕਰਾਂਗੇ। ਇਹ ਸਭ ਗੁਰੂ ਦੀ ਗੋਲਕ ਨਾਲ ਅਤੇ ਸਿੱਖਾਂ ਦੇ ਦਸਵੰਧ ਨਾਲ ਹੋ ਸਕਦਾ ਹੈ। ਅੱਜ ਕੱਲ੍ਹ ਅਖਬਾਰਾਂ, ਰਸਾਲੇ, ਫੇਸ ਬੁੱਕ, ਸੀਡੀਆਂ, ਟੀ।ਵੀ।, ਮੂਵੀਆਂ ਅਤੇ ਈਮੇਲ ਇੰਟ੍ਰਨੈੱਟ ਆਦਿਕ ਦਾ ਜੁੱਗ ਹੈ। ਇਸ ਸਭ ਪ੍ਰਕਾਰ ਦੇ ਮੀਡੀਏ ਰਾਹੀਂ ਸਿੱਖੀ ਦਾ ਪ੍ਰਚਾਰ ਕਰਾਂਗੇ, ਇਸ ਨੂੰ ਗੁਰਬਾਣੀ ਦਾ ਪ੍ਰਚਾਰ ਸਮਝਾਂਗੇ ਨਾ ਕਿ ਬੇਅਦਬੀ।

ਕੁਝ ਸਵੇਦਨਸ਼ੀਲ ਮਸਲੇ ਜਿਵੇਂ ਰਾਗ ਮਾਲਾ, ਅਖੌਤੀ ਦਸਮ ਗ੍ਰੰਥ, ਸਿੱਖ ਬੀਬੀਆਂ ਦੀ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਅਤੇ ਪੰਜਾਂ ਪਿਆਰਿਆਂ ਵਿੱਚ ਲੱਗਨ ਦੀ ਸੇਵਾ, ਗੁਰਦੁਆਰਿਆਂ ਵਿੱਚ ਸਿੱਖ ਰਹਿਤ ਮਰਯਾਦਾ ਅਤੇ ਅਸਲੀ ਨਾਨਕਸ਼ਾਹੀ ਕੈਲੰਡਰ ਲਾਗੂ ਕਰਨਾਂ ਆਦਿਕ ਨੂੰ ਫੌਰਨ ਬੜੀ ਦ੍ਰਿੜਤਾ ਅਤੇ ਸੁਹਿਰਦਤਾ ਨਾਲ, ਨਿਕਟ ਭਵਿੱਖ ਵਿੱਚ ਹੱਲ ਕਰਾਂਗੇ

ਧਿਆਨਯੋਗ-ਮਰਯਾਦਾ ਚੋਂ ਭਗਾਉਤੀ (ਦੁਰਗਾ) ਖੂੰਖਾਰ ਕਲਪਿਤ ਦੇਵੀ ਦੀ ਅਰਾਧਨਾ ਅਰਦਾਸ ਚੋਂ ਦ੍ਰਿੜਤਾ ਨਾਲ ਛੱਡਾਂਗੇ। ਆਏ ਦਿਨ ਸਾਧਾਂ ਸੰਪ੍ਰਦਾਈਆਂ ਦੇ ਦਬਾਅ ਥੱਲੇ ਆ ਕੇ, ਅਖੌਤੀ ਜਥੇਦਾਰਾਂ ਵਲੋਂ, ਪੰਥਕ ਵਿਦਵਾਨਾਂ ਨੂੰ ਪੰਥ ਵਿੱਚੋ ਛੇਕਣਾ ਅਤੇ ਛੇਕਣ ਦੀਆਂ ਧਮਕੀਆਂ ਦੇਣ ਦੀ ਬਜਾਏ ਸਗੋਂ ਵਿਚਾਰ ਗੋਸ਼ਟੀਆਂ ਦਾ ਸਿਲਸਿਲਾ ਚਲਾ ਕੇ, ਵਿਚਾਰ ਵਿਟਾਂਦਰੇ ਅਤੇ ਪ੍ਰੇਮ ਪਿਆਰ ਰਾਹੀਂ ਮਸਲੇ ਹੱਲ ਕਰਾਂਗੇ। ਪੰਥਕ ਅਖ਼ਬਾਰਾਂ, ਰਸਾਲੇ, ਰੇਡੀਓ, ਲਿਖਾਰੀ ਅਤੇ ਜੋ ਅਦਾਰੇ ਸ਼ਬਦ ਗੁਰੂ ਗ੍ਰੰਥ ਸਹਿਬ ਦੀ ਵਿਚਾਰਧਾਰਾ ਅਤੇ ਗੁਰੂ ਸਿਧਾਂਤਾਂ ਵਾਲੀ ਸਿੱਖ ਰਹਿਤ ਮਰਯਾਦਾ ਦਾ ਡਟ ਕੇ ਪ੍ਰਚਾਰ ਕਰਦੇ ਨੇ, ਉਨ੍ਹਾਂ ਦੀ ਹਰ ਤਰ੍ਹਾਂ ਮਦਦ ਕਰਾਂਗੇ। ਮਰਯਾਦਾ ਵਿੱਚ ਕਰਨਣੋਗ ਤਬਦੀਲੀਆਂ ਸ਼ਬਦ ਗੁਰੂ ਗ੍ਰੰਥ ਦੀ ਸਿਧਾਂਤਕ ਕਸਵਟੀ ਤੇ ਕਰਾਂਗੇ। ਜੋ ਡੇਰੇ ਜਾਂ ਗੁਰਦੁਆਰੇ ਗੁਰ ਮਰਯਾਦਾ ਨੂੰ ਨਹੀਂ ਮੰਨਦੇ ਓਥੇ ਜਾਣਾ ਅਤੇ ਖੂਨ ਪਸੀਨੇ ਦੀ ਕੀਤੀ ਕਮਾਈ ਚੋਂ ਭੇਟਾ ਚੜਾਉਣੀ ਬੰਦ ਕਰਾਂਗੇ ਜੋ ਕੌਮੀ ਪੈਸੇ ਦੀ ਦੁਰਵਰਤੋਂ ਕਰ ਰਹੇ ਹਨ। ਨੋਟ-ਛੁੱਟੀਆਂ ਜਾਂ ਜਦੋਂ ਵੀ ਵਿਹਲ ਮਿਲੇ ਇਸਾਈ ਮਿਸ਼ਨਰੀਆਂ ਦੀ ਤਰ੍ਹਾਂ ਡੋਰ-ਟੂ-ਡੋਰ, ਹਰੇਕ ਮਾਈ ਭਾਈ ਪ੍ਰਚਾਰ ਕਰੇ ਅਤੇ ਗੁਰਮਤਿ ਸਬੰਧੀ ਵਧੀਆ ਲਿਟ੍ਰੇਚਰ ਵੰਡਿਆ ਜਾਵੇ। ਜੇ ਅਜਿਹਾ ਕਰਦੇ ਹਾਂ ਤਾਂ ਨਵਾਂ ਸਾਲ ਮੁਬਾਰਕ ਤੇ ਭਾਗਾਂਵਾਲਾ ਹੋ ਸਕਦੈ ਵਰਨਾਂ ਰਸਮੀ ਪਾਠ, ਕੀਰਤਨ, ਕਥਾ, ਢਾਡੀ ਦਰਬਾਰਾਂ, ਵੰਨ ਸੁਵੰਨੇ ਲੰਗਰ ਅਤੇ ਡੈਕੋਰੇਸ਼ਨਾਂ ਦਾ ਸਮੇਂ ਅਤੇ ਧੰਨ ਦੀ ਬਰਬਾਦੀ ਤੋਂ ਬਿਨਾ, ਕੋਈ ਬਹੁਤਾ ਫਾਇਦਾ ਨਹੀਂ ਹੋਣਾ, ਜਿਨ੍ਹਾਂ ਚਿਰ ਗੁਰੂ ਬਾਬਾ ਨਾਨਕ ਜੀ ਦੀ ਸੱਚੀ ਸੁੱਚੀ ਤੇ ਵਿਗਿਆਨਕ ਵਿਚਾਰਧਾਰਾ ਨੂੰ ਨਹੀਂ ਅਪਨਾਉਂਦੇ ਅਤੇ ਉਸ ਦਾ ਪ੍ਰਚਾਰ ਅਮਲੀ ਰੂਪ ਵਿੱਚ ਨਹੀਂ ਕਰਦੇ। ਪੁਜਰੀਵਾਦ, ਸਾਧਵਾਦ, ਭੇਖਵਾਦ, ਸੁੱਚ-ਭਿਟ, ਭਰਮ ਅਤੇ ਪਾਖੰਡਵਾਦ ਤੋਂ ਗੁਰੂ ਗਿਆਨ ਆਸਰੇ ਬਚ ਜਾਈਏ ਅਤੇ (ਏਕੁ ਪਿਤਾ ਏਕਸ ਕੇ ਹਮ ਬਾਰਿਕ-(੬੧੨) ਦਾ ਗੁਰੂ ਸਿਧਾਂਤ ਅਪਣਾ ਲਈਏ ਤਾਂ ਨਵਾਂ ਸਾਲ ਮੁਬਾਰਕ ਹੈ।

# ਚੋਣਾਂ ਵਾਲੇ ਸੂਬਿਆਂ 'ਚ ਤੇਜ਼ ਹੋਵੇ ਟੀਕਾਕਰਨ
## ਸਿਹਤ ਸਕੱਤਰ ਨਾਲ ਮੁਲਾਕਾਤ 'ਚ ਚੋਣ ਕਮਿਸ਼ਨ ਨੇ ਦਿੱਤਾ ਸੁਝਾਅ

**ਨਵੀਂ ਦਿੱਲੀ** – ਚੋਣ ਕਮਿਸ਼ਨ ਨੇ ਉੱਤਰ ਪ੍ਰਦੇਸ਼ ਸਮੇਤ ਜਿਨ੍ਹਾਂ ਪੰਜ ਸੂਬਿਆਂ 'ਚ ਅਗਲੇ ਸਾਲ ਵਿਧਾਨ ਸਭਾ ਚੋਣਾਂ ਹੋਣੀਆਂ ਹਨ, ਉੱਥੇ ਟੀਕਾਕਰਨ ਤੇਜ਼ ਕਰਨ ਦੀ ਸਲਾਹ ਦਿੱਤੀ ਹੈ। ਕੇਂਦਰੀ ਸਿਹਤ ਸਕੱਤਰ ਰਾਜੇਸ਼ ਭੂਸ਼ਣ ਨਾਲ ਚੋਣਾਂ ਵਾਲੇ ਸੂਬਿਆਂ 'ਚ ਕੋਰੋਨਾ ਇਨਫੈਕਸ਼ਨ ਤੇ ਓਮੀਕ੍ਰੋਨ ਵੈਰੀਐਂਟ ਤੋਂ ਪੈਦਾ ਸਥਿਤੀ ਦੀ ਸਮੀਖਿਆ ਦੌਰਾਨ ਕਮਿਸ਼ਨ ਨੇ ਇਹ ਸੁਝਾਅ ਦਿੱਤਾ। ਕਮਿਸ਼ਨ ਨੇ ਨਾਰਕੋਟਿਕਸ ਕੰਟਰੋਲ ਬਿਊਰੋ (ਐਨਸੀਬੀ) ਨੂੰ ਚੋਣਾਂ ਦੌਰਾਨ ਡਰੱਗ ਦੀ ਵਰਤੋਂ ਰੋਕਣ ਲਈ ਅਸਰਦਾਰ ਕਦਮ ਚੁੱਕਣ ਲਈ ਵੀ ਕਿਹਾ।ਲਗਪਗ ਇਕ ਘੰਟੇ ਤਕ ਚੋਣ ਕਮਿਸ਼ਨ ਦੇ ਨਾਲ ਚੱਲੀ ਬੈਠਕ 'ਚ ਸਿਹਤ ਸਕੱਤਰ ਨੇ ਕੋਰੋਨਾ ਦੇ ਹਾਲਾਤ ਤੇ ਟੀਕਾਕਰਨ ਦੀ ਸਥਿਤੀ ਦੀ ਵਿਸਥਾਰਤ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਦੇਸ਼ ਦੇ ਕੁਝ ਸੂਬਿਆਂ 'ਚ ਓਮੀਕ੍ਰੋਨ ਦੇ ਨਾਲ-ਨਾਲ ਕੋਰੋਨਾ ਇਨਫੈਕਸ਼ਨ 'ਚ ਵਾਧਾ ਦੇਖਿਆ ਜਾ ਰਿਹਾ ਹੈ ਤੇ ਸਰਕਾਰ ਇਸ ਨੂੰ ਰੋਕਣ ਲਈ ਹਰ ਸੰਭਵ ਕਦਮ ਚੁੱਕ ਰਹੀ ਹੈ। ਉਨ੍ਹਾਂ ਇਸ ਸਬੰਧ 'ਚ 21 ਦਸੰਬਰ ਨੂੰ ਸਿਹਤ ਮੰਤਰਾਲੇ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦਾ ਹਵਾਲਾ ਵੀ ਦਿੱਤਾ, ਜਿਸ ਵਿਚ ਸੂਬਿਆਂ ਨੂੰ ਨਵੇਂ ਕੰਟੇਨਮੈਂਟ ਉਪਾਵਾਂ ਤੇ ਕੋਰੋਨਾ ਤੋਂ ਬਚਾਅ ਦੇ ਉਪਾਵਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੇ ਨਿਰਦੇਸ਼ ਦਿੱਤੇ।ਸਿਹਤ ਸਕੱਤਰ ਭੂਸ਼ਣ ਨੇ ਇਹ ਵੀ ਕਿਹਾ ਕਿ ਓਮੀਕ੍ਰੋਨ ਵੈਰੀਐਂਟ ਦੇ ਕਾਰਨ ਕੋਰੋਨਾ ਦੀ ਤੀਜੀ ਲਹਿਰ ਦੇ ਸ਼ੱਕ ਨੂੰ ਖ਼ਾਰਜ ਨਹੀਂ ਕੀਤਾ ਜਾ ਸਕਦਾ, ਪਰ ਹਾਲੇ ਤਕ ਇਸ ਸਬੰਧ 'ਚ ਸਪਸ਼ਟ ਰੂਪ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਓਮੀਕ੍ਰੋਨ ਵੇਰੀਐਂਟ ਦੇ ਤੇਜ਼ੀ ਨਾਲ ਫੈਲਣ ਦੇ ਕਾਰਨ ਸੂਬਿਆਂ ਨੂੰ ਵੱਡੇ ਸਮਾਗਮਾਂ 'ਤੇ ਪਾਬੰਦੀ ਲਾਉਣ ਲਈ ਕਿਹਾ ਗਿਆ ਹੈ। ਚੋਣਾਂ ਦੌਰਾਨ ਵੀ ਇਸ ਦੀ ਪਾਲਣਾ ਕਰਨ ਲਈ ਕਿਹਾ ਗਿਆ ਹੈ। ਟੀਕਾਕਰਨ ਦੀ ਸਥਿਤੀ ਦੀ ਜਾਣਕਾਰੀ ਦਿੰਦੇ ਹੋਏ ਰਾਜੇਸ਼ ਭੂਸ਼ਣ ਨੇ ਕਿਹਾ ਕਿ ਗੋਆ ਤੇ ਉੱਤਰਾਖੰਡ 'ਚ 10 ਫ਼ੀਸਦੀ ਤੇ ਉੱਤਰ ਪ੍ਰਦੇਸ਼ 'ਚ 85 ਫ਼ੀਸਦੀ ਬਾਲਗ ਆਬਾਦੀ ਨੂੰ ਪਹਿਲੀ ਡੋਜ਼ ਲੱਗ ਚੁੱਕੀ ਹੈ। ਪੰਜਾਬ ਤੇ ਮਨੀਪੁਰ 'ਚ ਇਹ ਅੰਕੜਾ 80 ਫ਼ੀਸਦੀ ਤੋਂ ਹੇਠਾਂ ਹੈ। ਚੋਣ ਕਮਿਸ਼ਨ ਨੇ ਉੱਤਰ ਪ੍ਰਦੇਸ਼, ਪੰਜਾਬ ਤੇ ਮਨੀਪੁਰ 'ਚ ਟੀਕਾਕਰਨ ਦੀ ਰਫ਼ਤਾਰ ਤੇਜ਼ ਕਰ ਕੇ ਛੇਤੀ ਤੋਂ ਛੇਤੀ ਸਾਰੇ ਬਾਲਗ ਆਬਾਦੀ ਦਾ ਟੀਕਾਕਰਨ ਯਕੀਨੀ ਬਣਾਉਣ ਦਾ ਨਿਰਦੇਸ਼ ਦਿੱਤਾ।ਅਗਲੇ ਸਾਲ ਉੱਤਰ ਪ੍ਰਦੇਸ਼, ਉੱਤਰਾਖੰਡ, ਪੰਜਾਬ, ਗੋਆ ਤੇ ਮਨੀਪੁਰ 'ਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਉੱਤਰਾਖੰਡ, ਪੰਜਾਬ, ਗੋਆ ਤੇ ਮਨੀਪੁਰ ਵਿਧਾਨ ਸਭਾ ਦਾ ਕਾਰਜਕਾਲ ਅਗਲੇ ਸਾਲ ਮਾਰਚ ਵਿਚ ਖ਼ਤਮ ਹੋ ਰਿਹਾ ਹੈ ਜਦਕਿ ਉੱਤਰ ਪ੍ਰਦੇਸ਼ ਵਿਧਾਨ ਸਭਾ ਦਾ ਕਾਰਜਕਾਲ ਮਈ 'ਚ ਖ਼ਤਮ ਹੋਵੇਗਾ।ਚੋਣ ਕਮਿਸ਼ਨ ਨੇ ਐਨਸੀਬੀ, ਸਸ਼ਸਤਰ ਸੀਮਾ ਬਲ (ਐਸਐਸਬੀ), ਬੀਐਸਐਫ ਤੇ ਭਾਰਤ-ਤਿੱਬਤ ਸੀਮਾ ਪੁਲਿਸ (ਆਈਟੀਬੀਪੀ) ਦੇ ਸੀਨੀਅਰ ਅਧਿਕਾਰੀਆਂ ਨਾਲ ਵੀ ਬੈਠਕ ਕੀਤੀ। ਨਾਰਕੋਟਿਕਸ ਕੰਟਰੋਲ ਬਿਊਰੋ ਦੇ ਚੋਣਾਂ ਵਾਲੇ ਸੂਬਿਆਂ ਤੇ ਖ਼ਾਸ ਤੌਰ 'ਤੇ ਪੰਜਾਬ ਤੇ ਗੋਆ 'ਚ ਚੋਣਾਂ ਦੌਰਾਨ ਡਰੱਗ ਦੀ ਵੰਡ ਤੇ ਵਰਤੋਂ 'ਤੇ ਪੂਰੀ ਤਰ੍ਹਾਂ ਰੋਕ ਲਾਉਣ ਦਾ ਨਿਰਦੇਸ਼ ਦਿੱਤਾ। ਉੱਥੇ ਪਾਕਿਸਤਾਨ, ਚੀਨ ਤੇ ਨੇਪਾਲ ਦੀਆਂ ਸਰਹੱਦਾਂ 'ਤੇ ਤਾਇਨਾਤ ਬੀਐਸਐਫ, ਆਈਟੀਬੀਪੀ ਤੇ ਐਸਐਸਬੀ ਦੇ ਅਧਿਕਾਰੀਆਂ ਨੂੰ ਨਿਗਰਾਨੀ ਵਧਾਉਣ ਲਈ ਕਿਹਾ ਤਾਂ ਜੋ ਚੋਣਾਂ ਦੌਰਾਨ ਬੇਲੋੜੇ ਲੋਕਾਂ ਤੇ ਵਸਤਾਂ ਦੀ ਆਵਾਜਾਈ 'ਤੇ ਰੋਕ ਲਾਈ ਜਾ ਸਕੇ।



Postal Address of Desh Doaba : 5101 Doe Hollow Pl, Antelope, CA. 95843
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ


# ਡੈਨਵਰ ਖੇਤਰ ਵਿਚ ਗੋਲੀਆਂ ਮਾਰ ਕੇ 5 ਦੀ ਹੱਤਿਆ, ਪੁਲਿਸ ਅਧਿਕਾਰੀ ਸਮੇਤ ਦੋ ਜ਼ਖਮੀ

**ਸੈਕਰਾਮੈਂਟੋ 29 ਦਸੰਬਰ (ਹੁਸਨ ਲੜੋਆ ਬੰਗਾ)–** ਡੈਨਵਰ ਖੇਤਰ ਵਿਚ ਇਕ ਵਿਅਕਤੀ ਵੱਲੋਂ ਵੱਖ ਵੱਖ ਥਾਵਾਂ 'ਤੇ ਕੀਤੀ ਗਈ ਗੋਲੀਬਾਰੀ ਵਿਚ 5 ਲੋਕਾਂ ਦੀ ਮੌਤ ਹੋ ਗਈ। ਪੁਲਿਸ ਨੇ ਤਿੰਨ ਮ੍ਰਿਤਕਾਂ ਦੇ ਨਾਵਾਂ ਦਾ ਖੁਲਾਸਾ ਕੀਤਾ ਹੈ ਜਿਨ੍ਹਾਂ ਵਿਚ ਅਲੀਸੀਆ ਕਾਰਡਨਜ, ਡੈਨੀ ਸ਼ੋਫੀਲਡ (38) ਤੇ ਸਾਰਾਹ ਸਟੈਕ (28) ਸ਼ਾਮਿਲ ਹਨ। ਸਟੈਕ ਹਈਆਤ ਹੋਟਲ ਵਿਚ ਕਲਰਕ ਸੀ। ਪੁਲਿਸ ਨੇ ਮਾਰੇ ਗਏ ਦੋ ਵਿਅਕਤੀਆਂ ਦੇ ਨਾਂ ਜਾਰੀ ਨਹੀਂ ਕੀਤੇ। ਬਾਅਦ ਵਿਚ ਪੁਲਿਸ ਨਾਲ ਹੋਈ ਝੜਪ ਵਿਚ 47 ਸਾਲਾ ਹਮਲਾਵਰ ਲਿੰਡਨ ਜੇਮਜ ਮੈਕਲੀਓਡ ਵੀ ਮਾਰਿਆ ਗਿਆ। ਗੋਲੀਬਾਰੀ ਵਿਚ ਇਕ ਪੁਲਿਸ ਅਧਿਕਾਰੀ ਸਮੇਤ ਦੋ ਲੋਕ ਜ਼ਖਮੀ ਵੀ ਹੋਏ ਹਨ। ਜਿਨ੍ਹਾਂ ਦੀ ਹਾਲਤ ਬਾਰੇ ਕੁਝ ਪਤਾ ਨਹੀਂ ਲੱਗ ਸਕਿਆ। ਇਹ ਜਾਣਕਾਰੀ ਡੈਨਵਰ ਤੇ ਲੇਕਵੁੱਡ ਪੁਲਿਸ ਨੇ ਇਕ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਦਿੱਤੀ ਹੈ। ਡੈਨਵਰ ਦੇ ਪੁਲਿਸ ਮੁੱਖੀ ਪਾਲ ਪੇਜ਼ਨ ਨੇ ਕਿਹਾ ਕਿ ਲੜੀਵਾਰ ਗੋਲੀਆਂ ਚੱਲਣ ਦੀਆਂ ਘਟਨਾਵਾਂ ਵੱਖ ਵੱਖ ਥਾਵਾਂ 'ਤੇ ਵਾਪਰੀਆਂ ਤੇ ਆਖਿਰ ਲੇਕਵੁੱਡ ਨੇੜੇ ਸਮਾਪਤ ਹੋਈਆਂ ਜਿਥੇ ਹਮਲਾਵਰ ਪੁਲਿਸ ਹੱਥੋਂ ਮਾਰਿਆ ਗਿਆ।



# ਵਾਹਣ ਦੀ ਲਪੇਟ ਵਿਚ ਆ ਕੇ ਦੋ ਬੱਚਿਆਂ ਦੀ ਮੌਤ, 4 ਜ਼ਖਮੀ

**ਸੈਕਰਾਮੈਂਟੋ 29 ਦਸੰਬਰ (ਹੁਸਨ ਲੜੋਆ ਬੰਗਾ)–** ਦੱਖਣੀ ਫਲੋਰਿਡਾ ਵਿਚ ਬਰੋਵਰਡ ਕਾਊਂਟੀ ਵਿਚ ਇਕ ਵਾਹਣ ਦੀ ਲਪੇਟ ਵਿਚ ਆ ਕੇ 2 ਬੱਚਿਆਂ ਦੀ ਮੌਤ ਹੋ ਗਈ ਤੇ 4 ਹੋਰ ਜ਼ਖਮੀ ਹੋ ਗਏ। ਬਟਾਲੀਅਨ ਮੁੱਖੀ ਸਟੀਫਨ ਗੋਲਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਹਸਪਤਾਲ ਵਿਚ ਦਾਖਲ ਕਰਵਾਏ ਗਏ ਬੱਚਿਆਂ ਦੀ ਉਮਰ 1 ਸਾਲ ਤੋਂ ਲੈ ਕੇ 10 ਸਾਲ ਤੱਕ ਹੈ। ਉਨ੍ਹਾਂ ਦੱਸਿਆ ਕਿ ਕੁਝ ਬੱਚੇ ਗੰਭੀਰ ਹਾਲਤ ਵਿਚ ਹਨ। ਗੋਲਨ ਨੇ ਘਟਨਾ ਨੂੰ ਬਹੁਤ ਹੀ ਦੁੱਖਦਾਈ ਕਰਾਰ ਦਿੰਦਿਆਂ ਕਿਹਾ ਕਿ ਡਰਾਈਵਰ ਵਾਹਣ ਨੂੰ ਮੌਕੇ ਤੋਂ ਭਜਾ ਕੇ ਲੈ ਗਿਆ। ਬਰੋਵਰਡ ਕਾਊਂਟੀ ਸ਼ੈਰਿਫ ਦਫਤਰ ਦੇ ਬੁਲਾਰੇ ਬੀਬੀ ਮਿਰਾਂਡਾ ਗਰਾਸਮੈਨ ਨੇ ਕਿਹਾ ਹੈ ਕਿ ਵਾਹਣ ਨੇ ਰਿਹਾਇਸ਼ੀ ਖੇਤਰ ਵਿਚ ਬੱਚਿਆਂ ਨੂੰ ਕੁਚਲਿਆ ਹੈ। ਹਾਦਸੇ ਵਾਲੀ ਥਾਂ ਨੇੜੇ ਘਰਾਂ ਦੇ ਮਾਲਕਾਂ ਨੂੰ ਕਿਹਾ ਗਿਆ ਹੈ ਕਿ ਉਹ ਆਪਣੇ ਡੋਰਬੈੱਲ ਕੈਮਰਿਆਂ ਨੂੰ ਵੇਖਣ ਤਾਂ ਜੋ ਡਰਾਈਵਰ ਤੇ ਵਾਹਣ ਬਾਰੇ ਕੋਈ ਸੁਰਾਗ ਮਿਲ ਸਕੇ। ਉਨ੍ਹਾਂ ਕਿਹਾ ਕਿ ਅਧਿਕਾਰੀ ਘਟਨਾ ਵਾਪਰਨ ਦੇ ਹਾਲਾਤ ਬਾਰੇ ਜਾਣਕਾਰੀ ਇੱਕਠੀ ਕਰ ਰਹੇ ਹਨ।



# ਲੱਖਾਂ ਸੰਗਤਾਂ ਦੀ ਸ਼ਮੂਲੀਅਤ ਨਾਲ ਸ਼ਹੀਦ ਜੋੜ ਮੇਲਾ ਸੰਪੰਨ

(ਸਫਾ 1 ਦੀ ਬਾਕੀ)

ਇਸ ਦੌਰਾਨ ਵਿਧਾਇਕ ਕੁਲਜੀਤ ਸਿੰਘ ਨਾਗਰਾ, ਮਨਦੀਪ ਕੌਰ ਨਾਗਰਾ, ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਸੁਭਾਸ਼ ਸੂਦ, ਡਿਪਟੀ ਕਮਿਸ਼ਨਰ ਪੂਨਮਦੀਪ ਕੌਰ, ਜ਼ਿਲ੍ਹਾ ਪੁਲੀਸ ਮੁਖੀ ਸੰਦੀਪ ਗੋਇਲ ਅਤੇ ਮੈਨੇਜਰ ਗੁਰਦੀਪ ਸਿੰਘ ਕੰਗ ਨੇ ਵੀ ਮੱਥਾ ਟੇਕਿਆ। ਇੱਥੇ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਰਾਜਸੀ ਕਾਨਫ਼ਰੰਸ ਕੀਤੀ ਗਈ ਪਰ ਹੋਰ ਕਿਸੇ ਵੀ ਸਿਆਸੀ ਪਾਰਟੀ ਨੇ ਕਾਨਫ਼ਰੰਸ ਨਹੀਂ ਕੀਤੀ।

ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸ੍ਰੀ ਚੰਨੀ ਨੇ ਫ਼ਤਹਿਗੜ੍ਹ ਸਾਹਿਬ ਵਿਖੇ ਸ਼ਹੀਦ ਬਾਬਾ ਸੰਗਤ ਸਿੰਘ ਦੀ ਯਾਦਗਾਰ ਬਣਾਉਣ ਦਾ ਐਲਾਨ ਕਰਦਿਆਂ ਕਿਹਾ ਕਿ ਬਾਬਾ ਸੰਗਤ ਸਿੰਘ ਨੂੰ ਚਮਕੌਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਦਾ ਰੂਪ ਸਮਝ ਕੇ ਸ਼ਹੀਦ ਕੀਤਾ ਗਿਆ ਸੀ ਅਤੇ ਉਨ੍ਹਾਂ ਦੀ ਦੇਹ ਨੂੰ ਚਮਕੌਰ ਸਾਹਿਬ ਤੋਂ ਇੱਥੇ ਲਿਆਂਦਾ ਗਿਆ ਸੀ। ਉਨ੍ਹਾਂ ਦੱਸਿਆ ਕਿ ਸ਼ਹੀਦਾਂ ਨੂੰ ਨਮਨ ਕਰਦਿਆਂ ਪੰਜਾਬ ਸਰਕਾਰ ਨੇ ਚਮਕੌਰ ਸਾਹਿਬ ਤੇ ਫਤਹਿਗੜ੍ਹ ਸਾਹਿਬ ਨੂੰ ਜੋੜਦਿਆਂ ਇੱਥੋਂ ਸਰਹਿੰਦ ਵਾਲੀ ਜੀਟੀ ਰੋਡ ਤੋਂ ਅੱਗੇ ਚਮਕੌਰ ਸਾਹਿਬ ਤੱਕ ਹੁਸ਼ਿਆਰਪੁਰ ਵਾਲੀ ਮੁੱਖ ਸੜਕ ਨੂੰ ਆਪਸ 'ਚ ਜੋੜਦਿਆਂ ਬਣਾਏ ਜਾਣ ਵਾਲੇ ਸਰਕਟ ਦਾ ਨਾਮ ਮਾਤਾ ਗੁਜਰੀ ਮਾਰਗ ਰੱਖਿਆ ਹੈ ਅਤੇ ਇਸ ਨੂੰ ਕੌਮੀ ਮਾਰਗ ਬਣਾਉਣ ਲਈ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ ਹੈ।

# ਅਕਾਲੀਆਂ ਵੱਲੋਂ ਪੰਜਾਬੀਆਂ ਨਾਲ ਕਮਾਏ ਧ੍ਰੋ ਦਾ ਹਿਸਾਬ ਲਿਆ ਜਾਵੇਗਾ : ਚੰਨੀ

**ਧਰਮਕੋਟ –** ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਭਰੋਸਾ ਦਿੱਤਾ ਹੈ ਕਿ ਸ੍ਰੋਮਣੀ ਅਕਾਲੀ ਦਲ–ਭਾਜਪਾ ਗਠਜੋੜ ਸਰਕਾਰ ਵੱਲੋਂ ਆਪਣੇ 10 ਸਾਲਾਂ ਦੇ ਕਾਰਜਕਾਲ ਦੌਰਾਨ ਪੰਜਾਬ ਅਤੇ ਪੰਜਾਬੀਆਂ ਨਾਲ ਜੋ ਧ੍ਰੋ ਕਮਾਏ ਗਏ ਹਨ ਉਨਾਂ ਹਰੇਕ ਦਾ ਹਿਸਾਬ ਲਿਆ ਜਾਵੇਗਾ। ਸੂਬੇ ਦੇ ਨੌਜਵਾਨਾਂ ਨੂੰ ਨਸ਼ਿਆਂ ਵਿੱਚ ਧੱਕਣਾ, ਬੇਅਦਬੀ ਦੀਆਂ ਘਟਨਾਵਾਂ ਸਮੇਤ ਸੂਬੇ ਨੂੰ ਆਰਥਿਕ ਪੱਖੋਂ ਕੰਗਾਲ ਕਰਨ ਵਰਗੇ ਮੁੱਦਿਆਂ ਦਾ ਸੂਬੇ ਦੇ ਲੋਕ ਅਕਾਲੀਆਂ ਕੋਲੋਂ ਜਵਾਬ ਮੰਗਦੇ ਹਨ। ਜਿਸ ਦੀ ਸ਼ੁਰੂਆਤ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਕੇਸ ਦਰਜ ਕਰਨ ਨਾਲ ਹੋ ਗਈ ਹੈ। ਉਹ ਅੱਜ ਸਥਾਨਕ ਦਾਣਾ ਮੰਡੀ ਵਿਖੇ ਵਿਧਾਇਕ ਸੁਖਜੀਤ ਸਿੰਘ ਲੋਹਗੜ ਦੀ ਅਗਵਾਈ ਹੇਠ ਵੱਲੋਂ ਬੇਘਰੇ ਲੋਕਾਂ ਨੂੰ 5–5 ਮਰਲੇ ਦੇ ਪਲਾਟਾਂ ਦੀਆਂ ਸੰਨਦਾਂ ਵੰਡਣ ਲਈ ਆਯੋਜਿਤ ਕੀਤੇ ਗਏ ਰਾਜ ਪੱਧਰੀ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਭਰਵੇਂ ਇੱਕਠ ਨੂੰ ਸੰਬੋਧਨ ਕਰਦਿਆਂ ਚੰਨੀ ਨੇ ਕਿਹਾ ਕਿ ਦੇਸ਼ ਵਿੱਚ ਤਿੰਨ ਕਾਲੇ ਖੇਤੀ ਕਾਨੂੰਨ ਲਾਗੂ ਕਰਾਉਣ ਲਈ ਸ੍ਰੋਮਣੀ ਅਕਾਲੀ ਦਲ ਆਗੂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਰਲ਼ੇ ਹੋਏ ਸਨ। ਬੀਬੀ ਹਰਸਿਮਰਤ ਕੌਰ ਬਾਦਲ ਉਸ ਵਜ਼ਾਰਤ ਦਾ ਹਿੱਸਾ ਸੀ ਜਿਸ ਵਜ਼ਾਰਤ ਨੇ ਇਹ ਕਾਨੂੰਨ ਲਾਗੂ ਕੀਤੇ ਸਨ। ਹਰਸਿਮਰਤ ਨੂੰ ਕੇਂਦਰੀ ਵਜ਼ਾਰਤ ਛੱਡਣ ਲਈ ਲੋਕਾਂ ਖਾਸ ਕਰਕੇ ਪੰਜਾਬੀ ਕਿਸਾਨਾਂ ਦੇ ਰੋਹ ਨੇ ਮਜ਼ਬੂਰ ਕੀਤਾ। ਉਨਾਂ ਕਿਹਾ ਕਿ ਇਨਾਂ ਤਿੰਨ ਖੇਤੀ ਕਾਨੂੰਨਾਂ ਰਾਹੀਂ ਦੇਸ਼ ਦੀ ਕਿਸਾਨੀ ਨੂੰ ਖ਼ਤਮ ਕਰਨ ਦੀ ਸਾਜਿਸ਼ ਵਿੱਚ ਅਕਾਲੀ ਦਲ ਅਤੇ ਭਾਜਪਾ ਬਰਾਬਰ ਦੇ ਸਾਂਝੀਦਾਰ ਸਨ। ਉਨਾਂ ਕਿਹਾ ਕਿ ਕਿਸਾਨਾਂ ਦੀ ਜਿੱਤ ਵਿੱਚ ਹਰੇਕ ਵਰਗ ਦਾ ਯੋਗਦਾਨ ਹੈ। ਇਹ ਦੇਸ਼ ਦੀ ਲੜਾਈ ਸੀ ਜੋ ਕਿ ਪੰਜਾਬ ਦੇ ਬਹਾਦਰ ਕਿਸਾਨਾਂ ਨੇ ਮੂਹਰੇ ਹੋ ਕੇ ਲੜੀ ਹੈ ਅਤੇ ਇਸ ਵਿੱਚ ਮਿਸਾਲੀ ਜਿੱਤ ਹਾਸਿਲ ਕੀਤੀ ਹੈ। ਇਸ ਤੋਂ ਪਹਿਲਾਂ ਸਮਾਗਮ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਵਿੱਤ ਅਤੇ ਯੋਜਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਆਗਾਮੀ ਵਿਧਾਨ ਸਭਾ ਚੋਣਾਂ ਵਿੱਚ ਆਪਣੀ ਸਿਆਣਪ ਨਾਲ ਵੋਟ ਦੀ ਵਰਤੋਂ ਕਰਨ ।







ਗਲਾਸਗੋ/ ਲੰਡਨ ਖਬਰਨਾਮਾ (ਮਨਦੀਪ ਖੁਰਮੀ ਹਿੰਮਤਪੁਰਾ)

# ਸਕਾਟਲੈਂਡ: ਬਾਬਾ ਬੁੱਢਾ ਦਲ ਗਲਾਸਗੋ ਵੱਲੋਂ ਉੱਤਰਾਖੰਡ ਵਿਖੇ ਨਾਟਕ ਦੌਰਾਨ ਸਾਹਿਬਜਾਦਿਆਂ ਦੀ ਨਕਲ ਦੀ ਨਿਖੇਧੀ

## ਅਸੀਂ ਸਰਬੰਸਦਾਨੀ ਪਰਿਵਾਰ ਦੇ ਪੈਰਾਂ ਦੀ ਧੂੜ ਵੀ ਨਹੀਂ ਬਣ ਸਕਦੇ - ਹਰਜੀਤ ਸਿੰਘ ਖਹਿਰਾ

**ਗਲਾਸਗੋ–** ਉੱਤਰਾਖੰਡ ਦੇ ਸ਼ਹਿਰ ਬਾਜਪੁਰ ਦੇ ਗਿਆਨਦੀਪ ਗਲੋਬਲ ਸਕੂਲ ਵਿਖੇ ਮਾਤਾ ਗੁਜਰ ਕੌਰ ਜੀ ਤੇ ਸਾਹਿਬਜਾਦਿਆਂ ਦੀ ਨਕਲ ਦਾ ਮਾਮਲਾ ਪ੍ਰਕਾਸ਼ ਵਿੱਚ ਆਉਂਦਿਆਂ ਹੀ ਸਿੱਖ ਸੰਗਤਾਂ ਵੱਲੋਂ ਭਾਰੀ ਵਿਰੋਧ ਕੀਤਾ ਗਿਆ। ਜਿਸ ਦੇ ਸਿੱਟੇ ਵਜੋਂ ਸੰਗਤ ਦੀ ਹਾਜਰੀ ਵਿੱਚ ਸਕੂਲ ਦੇ ਸਾਬਤ ਸੂਰਤ, ਬਜੁਰਗ ਪ੍ਰਬੰਧਕ ਵੱਲੋਂ ਹੱਥ ਜੋੜ ਕੇ ਮੁਆਫੀ ਮੰਗਦਿਆਂ ਇਸ ਨੂੰ ਆਪਣੀ ਪਹਿਲੀ ਤੇ ਆਖਰੀ ਗਲਤੀ ਦੱਸਿਆ ਹੈ। ਨਸ਼ਰ ਹੋਈ ਇੱਕ ਵੀਡੀਓ ਅਨੁਸਾਰ ਉਕਤ ਬਜੁਰਗ ਪ੍ਰਬੰਧਕ ਸਿੱਖ ਸੰਗਤਾਂ ਕੋਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜਰੀ ਵਿੱਚ ਮਾਫੀ ਮੰਗਦਿਆਂ ਇਸ ਨੂੰ ਆਪਣਾ ਬੱਜਰ ਗੁਨਾਹ ਕਬੂਲ ਕਰ ਰਿਹਾ ਹੈ। ਨਾਲ ਹੀ ਉਸ ਵੱਲੋਂ ਸੰਗਤ ਨੂੰ ਅਪੀਲ ਕੀਤੀ ਹੈ ਕਿ ਜੇਕਰ ਸੰਗਤ ਉਸ ਦੇ ਇਸ ਮੁਆਫੀਨਾਮੇ ਤੋ ਸੰਤੁਸਟ ਨਹੀਂ ਤਾਂ ਉਹ ਸੰਗਤ ਵੱਲੋਂ ਦਿੱਤੀ ਜਾਣ ਵਾਲੀ ਹਰ ਸਜਾ



ਭੁਗਤਨ ਲਈ ਤਿਆਰ ਹੈ। ਇਸ ਘਟਨਾ 'ਤੇ ਪ੍ਰਤੀਕਰਮ ਦਿੰਦਿਆਂ ਬਾਬਾ ਬੁੱਢਾ ਦਲ ਗਲਾਸਗੋ ਦੇ ਮੁੱਖ ਸੇਵਾਦਾਰ ਹਰਜੀਤ ਸਿੰਘ ਖਹਿਰਾ ਨੇ ਕਿਹਾ ਕਿ ਅਸੀਂ ਆਮ ਇਨਸਾਨ ਮਾਤਾ ਗੁਜਰ ਕੌਰ ਅਤੇ ਸਾਹਿਬਜਾਦਿਆਂ ਦੇ ਪੈਰਾਂ ਦੀ ਧੂੜ ਦੇ ਸਮਾਨ ਵੀ ਨਹੀਂ ਹੋ ਸਕਦੇ। ਉਹਨਾਂ ਦੀ ਨਕਲ ਕਰਨਾ ਤਾਂ ਬਹੁਤ ਦੂਰ ਦੀ ਗੱਲ ਹੈ। ਉਹਨਾਂ ਅਪੀਲ ਕੀਤੀ ਕਿ ਸਿੱਖ ਭਾਵਨਾਵਾਂ ਨਾਲ ਜੁੜੇ ਅਜਿਹੇ ਮਾਮਲਿਆਂ ਪ੍ਰਤੀ ਹਰ ਕਿਸੇ ਨੂੰ ਸੁਚੇਤ ਰਹਿਣ ਦੀ ਲੋੜ ਹੈ। ਉਹਨਾਂ ਕਿਹਾ ਕਿ ਅਸੀਂ ਬਾਬਾ ਬੁੱਢਾ ਦਲ ਗਲਾਸਗੋ ਵੱਲੋਂ ਇਸ ਘਟਨਾ ਦੀ ਨਿਖੇਧੀ ਕਰਦੇ ਹਾਂ ਤੇ ਨਾਲ ਹੀ ਉਮੀਦ ਕਰਦੇ ਹਾਂ ਕਿ ਇਸ ਤਰ੍ਹਾਂ ਦੀ ਘਟਨਾ ਨੇੜ ਭਵਿੱਖ ਵਿੱਚ ਨਹੀਂ ਵਾਪਰੇਗੀ।

# ਗੁਰੂ ਨਾਨਕ ਸਿੱਖ ਗੁਰਦੁਆਰਾ ਵਿਖੇ ਸ਼ਹੀਦੀ ਹਫਤੇ ਸੰਬੰਧੀ ਵਿਸ਼ਾਲ ਸਮਾਗਮ ਕਰਵਾਏ

**ਗਲਾਸਗੋ–** ਜਦੋਂ ਦਸੰਬਰ ਮਹੀਨੇ ਦਾ ਸ਼ਹੀਦੀ ਹਫਤਾ ਆਉਂਦਾ ਹੈ ਤਾਂ ਹਰ ਕਿਸੇ ਦੀ ਅੱਖ ਖੂਨ ਦੇ ਅੱਥਰੂ ਰੋਂਦੀ ਨਜ਼ਰ ਆਉਂਦੀ ਹੈ। ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੀਆਂ ਕੁਰਬਾਨੀਆਂ ਯਾਦ ਕੀਤੀਆਂ ਜਾਂਦੀਆਂ ਹਨ। ਇਸੇ ਸੰਦਰਭ ਵਿੱਚ ਹੀ ਗੁਰੂ ਨਾਨਕ ਸਿੱਖ ਗੁਰਦੁਆਰਾ ਓਟੈਗੋ ਸਟਰੀਟ ਗਲਾਸਗੋ ਵਿਖੇ ਵਿਸ਼ਾਲ ਸ਼ਹੀਦੀ ਸਮਾਗਮ ਕਰਵਾਏ ਗਏ। ਸਰਕਾਰ ਵੱਲੋਂ ਜਾਰੀ ਕੀਤੀਆਂ ਕੋਵਿਡ ਹਦਾਇਤਾ ਦੀ ਪਾਲਣਾ ਕਰਦਿਆਂ ਹੋਏ ਇਸ ਸਮਾਗਮ ਦੌਰਾਨ ਗੁਰੂ ਘਰ ਦੇ ਕੀਰਤਨੀਏ ਭਾਈ ਅਰਵਿੰਦਰ ਸਿੰਘ ਤੇ ਤੇਜਵੰਤ ਦੇ ਜੱਥੇ ਵੱਲੋਂ, ਭਾਈ ਹਰਦੀਪ ਸਿੰਘ ਸੋਢੀ, ਕਰਮਜੀਤ ਸਿੰਘ ਮੀਨੀਆਂ, ਦਿਲਬਾਗ ਸਿੰਘ ਚਾਨਾ ਵੱਲੋਂ ਆਪੋ




ਆਪਣੇ ਸ਼ਬਦਾਂ ਦਾ ਗਾਇਨ ਕਰਕੇ ਸ਼ਹੀਦੀ ਦਿਹਾੜੇ 'ਤੇ ਹਾਜ਼ਰੀ ਭਰੀ ਗਈ। ਇਸ ਸਮੇਂ ਪ੍ਰਧਾਨ ਭੁਪਿੰਦਰ ਸਿੰਘ ਬਰਮੀਂ, ਸੋਹਣ ਸਿੰਘ ਸੋਂਦ, ਜਸਵੀਰ ਸਿੰਘ ਜੱਸੀ ਬਮਰਾਹ, ਮਨਦੀਪ ਖੁਰਮੀ ਹਿੰਮਤਪੁਰਾ, ਸਰਦਾਰਾ ਸਿੰਘ ਜੰਡੂ, ਹਿੰਦੂ ਮੰਦਿਰ ਗਲਾਸਗੋ ਦੇ ਅਚਾਰੀਆ ਮੇਧਨੀਪਤੀ ਮਿਸ਼ਰ ਸਮੇਤ ਵੱਖ ਵੱਖ ਬੁਲਾਰਿਆਂ ਨੇ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੀ ਲਾਸਾਨੀ ਕੁਰਬਾਨੀ ਨੂੰ ਸਜਦਾ ਕੀਤਾ। ਸਮਾਗਮ ਦੌਰਾਨ ਲੰਗਰ ਸੇਵਾ ਗੁਰੂ ਘਰ ਦੇ ਮੁੱਖ ਸੇਵਾਦਾਰ ਜਸਵੀਰ ਸਿੰਘ ਜੱਸੀ ਬਮਰਾਹ ਤੇ ਸ੍ਰੀਮਤੀ ਰਜਨੀ ਬਮਰਾਹ ਵੱਲੋਂ ਆਪਣੀ ਝੋਲੀ ਪੁਆਈ ਗਈ ਸੀ। ਸਮੁੱਚੇ ਸਮਾਗਮ ਦੌਰਾਨ ਮੰਚ ਸੰਚਾਲਕ ਦੇ ਫਰਜ਼ ਸਰਦਾਰਾ ਸਿੰਘ ਜੰਡੂ ਜੀ ਵੱਲੋਂ ਨਿਭਾਏ ਗਏ।

# ਸਕਾਟਲੈਂਡ: ਸਿਹਤ ਕਾਮਿਆਂ ਨੂੰ 6 ਮਹੀਨੇ 'ਚ ਝੱਲਣੇ ਪਏ 7000 ਸਰੀਰਕ ਹਮਲੇ

**ਗਲਾਸਗੋ–** ਸਕਾਟਲੈਂਡ ਵਿੱਚ ਸਿਹਤ ਕਾਮਿਆਂ ਨਾਲ ਆਮ ਨਾਗਰਿਕਾਂ ਵੱਲੋਂ ਦੁਰਵਿਵਹਾਰ ਸ਼ਰਾਬ ਅਤੇ ਹਿੰਸਾ ਦੀ ਸਾਂਝੇਦਾਰੀ ਵਜੋਂ ਦੇਖਿਆ ਜਾ ਰਿਹਾ ਹੈ। ਘਰੇਲੂ ਹਿੰਸਾ, ਪੁਲਿਸ 'ਤੇ ਹਮਲੇ, ਆਪਣੇ ਹੀ ਚੁਣੇ ਹੋਏ ਸਿਆਸਤਦਾਨਾਂ ਨੂੰ ਧਮਕੀਆਂ ਕਾਰਨ ਹਾਲਾਤ ਦਿਨ ਬ ਦਿਨ ਗੁੰਝਲਦਾਰ ਬਣਦੇ ਜਾ ਰਹੇ ਹਨ।

ਕੋਵਿਡ ਦੇ ਦੌਰ ਵਿੱਚ ਫਰੰਟਲਾਈਨ ਕਾਮਿਆਂ ਵੱਲੋਂ ਆਪਣੀ ਜਾਨ



ਜੋਖਮ ਵਿੱਚ ਪਾ ਕੇ ਵੀ ਆਪਣੀ ਨੌਕਰੀ ਕੀਤੀ ਗਈ। ਇਸ ਦੌਰਾਨ ਬਹੁਤ ਸਾਰੇ ਕਰਮਚਾਰੀਆਂ ਨੇ ਆਪਣੀਆਂ ਜਾਨਾਂ ਵੀ ਗਵਾਈਆਂ ਹਨ। ਪਰ ਸ਼ਰਮ ਦੀ ਗੱਲ ਇਹ ਹੈ ਕਿ ਪੈਰਾ ਮੈਡਿਕਸ, ਡਰਾਈਵਰ, ਨਰਸਾਂ, ਡਾਕਟਰ ਫਿਰ ਵੀ ਲੋਕਾਂ ਦੇ ਦੁਰਵਿਵਹਾਰ ਦੇ ਸ਼ਿਕਾਰ ਹੁੰਦੇ ਰਹੇ। ਇਸ ਸਬੰਧੀ ਅੰਕੜੇ ਹੈਰਾਨੀਜਨਕ ਵੀ ਹਨ ਤੇ ਸ਼ਰਮਿੰਦਗੀ ਭਰੇ ਵੀ ਕਿ ਐੱਨ ਐੱਚ ਐੱਸ ਸਟਾਫ ਨੂੰ ਲਗਭਗ 7000 ਸਰੀਰਕ ਹਮਲਿਆਂ ਦਾ ਸਾਹਮਣਾ ਕਰਨਾ ਪਿਆ ਹੈ। ਐਂਬੂਲੈਂਸ, ਐਕਸੀਡੈਂਟ ਐਂਡ ਐਮਰਜੈਂਸੀ ਸਟਾਫ ਅਕਸਰ ਹੀ ਪਹਿਲ ਦੇ ਆਧਾਰ 'ਤੇ ਅਜਿਹੇ ਸ਼ਰਮਨਾਕ ਕਾਰਿਆਂ ਦਾ ਸ਼ਿਕਾਰ ਹੁੰਦਾ ਹੈ। ਪਿਛਲੇ ਸਾਲ ਦੇ ਪਹਿਲੇ 6 ਮਹੀਨਿਆਂ ਵਿੱਚ ਐੱਨ ਐੱਚ ਐੱਸ ਲੋਥੀਅਨ ਦੇ ਸਟਾਫ ਨੂੰ 1000 ਤੋਂ ਵੱਧ, ਗਰੇਟਰ ਗਲਾਸਗੋ ਤੇ ਕਲਾਈਡ ਦੇ ਸਟਾਫ ਨੂੰ 2500 ਤੋਂ ਵੱਧ ਸਰੀਰਕ ਹਮਲੇ ਝੱਲਣੇ ਪਏ। ਇਹ ਅੰਕੜੇ ਉਦੋਂ ਨਸਰ ਹੋਏ ਹਨ ਜਦੋਂ ਕ੍ਰਿਸਮਸ ਪਾਰਟੀਆਂ ਦਾ ਦੌਰ ਖਤਮ ਹੋਣ ਉਪਰੰਤ ਕੋਰੋਨਾ ਕੇਸਾਂ ਵਿੱਚ ਵੀ ਅਥਾਹ ਵਾਧਾ ਵੇਖਣ ਨੂੰ ਮਿਲ ਰਿਹਾ ਹੈ। ਸਕਾਟਲੈਂਡ ਸਰਕਾਰ ਵੱਲੋਂ ਕਿਹਾ ਗਿਆ ਹੈ ਕਿ ਤਾਜਾ ਅੰਕੜਿਆਂ ਅਨੁਸਾਰ ਕ੍ਰਿਸਮਸ ਵਾਲੇ ਦਿਨ ਲਗਭਗ 9000 ਨਵੇਂ ਕੇਸ ਸਾਹਮਣੇ ਆਏ ਹਨ। ਬੌਕਸਿੰਗ ਡੇਅ ਵਾਲੇ ਦਿਨ ਇਹ ਗਿਣਤੀ 11030 'ਤੇ ਪਹੁੰਚ ਗਈ ਸੀ ਜਦਕਿ ਕੱਲ੍ਹ 10562 ਸੀ। ਅਜਿਹੇ ਦੌਰ ਵਿੱਚ ਵੀ ਜੇਕਰ ਅਸੀਂ ਆਪਣੇ ਇਰਦ ਗਿਰਦ ਸਾਡੀ ਜਾਨ ਸਲਾਮਤੀ ਲਈ ਕੰਮ ਕਰਦੇ ਸਿਹਤ ਕਾਮਿਆਂ ਲਈ ਸਤਿਕਾਰ ਭਰਿਆ ਰਵੱਈਆ ਨਹੀਂ ਰੱਖਦੇ ਤਾਂ ਅਸੀਂ ਇਨਸਾਨ ਅਖਵਾਉਣ ਦੇ ਵੀ ਹੱਕਦਾਰ ਨਹੀਂ।

'UNHAIN PARMESHVAR KAY RAAJHA KA PRACHAAR KARNAY AUR BEEMARON KO ACHAA KARNAY KAY LEAY BHEJA' (LUKE 9:2)
THE SAVIOR'S CHURCH
HINDI, PUNJABI, URDU
You are invited to be our guest
Sunday Service
12:00 PM
913 FLOYD AVE. MODESTO, CA 95350
FOR FURTHER INFORMATION CONTACT: +1 (209) 300-9483
ਇਥੇ ਬਿਮਾਰਾਂ ਲਈ ਖਾਸ ਤੋਰ ਤੇ ਦੁਆਵਾਂ ਕੀਤੀਆਂ ਜਾਂਦੀਆਂ ਹਨ, ਆਉ ਅਤੇ ਆਪਣੀ ਚੰਗੀਆਾਈ ਨੂੰ ਪ੍ਰਾਪਤ ਕਰੋ। ਇਹ ਸਾਰੀ ਸੇਵਾ ਮੁਫ਼ਤ ਕੀਤੀ ਜਾਂਦੀ ਹੈ। ਵਧੇਰੇ ਜਾਣਕਾਰੀ ਲਈ ਪਾਸਟਰ ਐਰੀਕ ਰਾਏ ਜੀ ਨਾਲ ਗੱਲ ਕਰੋ, ਅਸੀਂ ਪੰਜਾਬੀ ਹਿੰਦੀ ਅਤੇ ਉਰਦੂ ਬੋਲਦੇ ਹਾਂ।
209 687 6548, 209 300 9483
ਸਾਡੀ ਵੈਬ ਸਾਈਟ www.thesaviorschurch.net

A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics





Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਸਕਾਟਲੈਂਡ 'ਚ ਨਾਈਟ ਕਲੱਬ 27 ਦਸੰਬਰ ਤੋਂ ਤਿੰਨ ਹਫ਼ਤਿਆਂ ਲਈ ਰਹਿਣਗੇ ਬੰਦ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** ਸਕਾਟਲੈਂਡ ਵਿੱਚ ਸਰਕਾਰ ਦੁਆਰਾ ਕੋਰੋਨਾ ਵਾਇਰਸ ਦੇ ਓਮੀਕਰੋਨ ਵੇਰੀਐਂਟ ਨੂੰ ਫੈਲਣ ਤੋਂ ਰੋਕਣ ਲਈ ਕੋਸ਼ਿਸ਼ਾਂ ਜਾਰੀ ਹਨ। ਇਸੇ ਲੜੀ ਤਹਿਤ ਜਾਣਕਾਰੀ ਦਿੰਦਿਆਂ ਸਕਾਟਲੈਂਡ ਦੇ ਡਿਪਟੀ ਫਸਟ ਮਨਿਸਟਰ ਜੌਹਨ ਸਵਿੰਨੇ ਨੇ ਦੱਸਿਆ ਕਿ ਸਕਾਟਲੈਂਡ ਦੇ ਨਾਈਟ ਕਲੱਬ 27 ਦਸੰਬਰ ਤੋਂ ਤਿੰਨ ਹਫ਼ਤਿਆਂ ਲਈ ਬੰਦ ਹੋਣ ਵਾਲੇ ਹਨ। ਇਹ ਫੈਸਲਾ ਓਮੀਕਰੋਨ ਵੇਰੀਐਂਟ ਦੇ ਕਾਰਨ ਇਸ ਹਫਤੇ ਦੇ ਸ਼ੁਰੂ ਵਿੱਚ ਵੱਡੇ ਸਮਾਗਮਾਂ ਅਤੇ ਪਰਾਹੁਣਚਾਰੀ ਸਥਾਨਾਂ 'ਤੇ ਤਾਜ਼ਾ ਪਾਬੰਦੀਆਂ ਲਗਾਉਣ ਤੋਂ ਬਾਅਦ ਆਇਆ ਹੈ। ਸਵਿੰਨੇ ਅਨੁਸਾਰ ਨਾਈਟ ਕਲੱਬਾਂ ਨੂੰ ਗਾਹਕਾਂ ਵਿਚਕਾਰ 1 ਮੀਟਰ ਦੂਰੀ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕਰਨ ਦੀ ਜਗ੍ਹਾ ਤਿੰਨ



ਹਫ਼ਤਿਆਂ ਲਈ ਬੰਦ ਕਰਨ ਦੀ ਲੋੜ ਹੋਵੇਗੀ। ਉਨ੍ਹਾਂ ਕਿਹਾ ਕਿ ਪ੍ਰਭਾਵਿਤ ਕਾਰੋਬਾਰਾਂ ਦੀ ਸਹਾਇਤਾ ਲਈ ਫੰਡ ਉਪਲਬਧ ਕਰਵਾਏ ਜਾਣਗੇ।

ਇਸਦੇ ਇਲਾਵਾ ਨਾਈਟ ਕਲੱਬਾਂ ਕੋਲ ਪ੍ਰਭਾਵਸ਼ਾਲੀ ਢੰਗ ਨਾਲ ਬਾਰ ਬਣ ਕੇ ਖੁੱਲੇ ਰਹਿਣ ਦਾ ਬਦਲ ਹੋਵੇਗਾ ਪਰ ਸਰੀਰਕ ਦੂਰੀ ਅਤੇ ਟੇਬਲ ਸੇਵਾ ਨੂੰ ਲਾਗੂ ਕਰਨ ਦੀ ਜ਼ਰੂਰਤ ਹੋਵੇਗੀ। ਜਿਕਰਯੋਗ ਹੈ ਕਿ ਸਕਾਟਲੈਂਡ ਵਿੱਚ ਲੋਕਾਂ ਨੂੰ ਆਪਣੀਆਂ ਕ੍ਰਿਸਮਿਸ ਯੋਜਨਾਵਾਂ ਨੂੰ ਰੱਦ ਕਰਨ ਲਈ ਨਹੀਂ ਕਿਹਾ ਗਿਆ ਹੈ, ਪਰ ਜਿੰਨਾ ਸੰਭਵ ਹੋ ਸਕੇ ਘਰ ਵਿੱਚ ਰਹਿਣ ਅਤੇ ਕਿਸੇ ਵੀ ਇਕੱਠ ਨੂੰ ਤਿੰਨ ਘਰਾਂ ਤੱਕ ਸੀਮਤ ਕਰਨ ਲਈ ਕਿਹਾ ਗਿਆ ਹੈ।

# ਬੌਕਸਿੰਗ ਡੇਅ 'ਤੇ ਨਾਈਟ ਕਲੱਬ, ਰੈਸਟੋਰੈਂਟ ਤੇ ਜਿਊਲਰੀ ਸ਼ਾਪ ਦਾ ਗੇੜਾ ਦੇਣ ਵਾਲਾ ਨਿਕਲਿਆ ਓਮੀਕਰੋਨ ਪਾਜ਼ੇਟਿਵ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਓਮੀਕਰੋਨ ਕਰੋਨਾ ਵਾਇਰਸ ਦੇ ਖਤਰੇ ਨੂੰ ਲੈ ਕੇ ਨਿਊਜ਼ੀਲੈਂਡ ਸਰਕਾਰ ਪਹਿਲਾਂ ਹੀ ਕਈ ਤਰ੍ਹਾਂ ਦੇ ਫਿਕਰਾਂ ਵਿਚ ਦਿਨ ਰਾਤ ਕੱਟ ਰਹੀ




ਸੀ ਅਤੇ ਆਪਣੇ ਗੁਆਂਢੀ ਆਸਟਰੇਲੀਆ ਵਾਲਿਆਂ ਨੂੰ ਲਾਰਾ ਲਾਪਾ ਵੀ ਲਗਾ ਰਹੀ ਸੀ ਕਿ ਆਪਾਂ ਫਲਾਈਟਾਂ ਪਹਿਲਾਂ 17 ਜਨਵਰੀ ਨੂੰ ਅਤੇ ਫਿਰ ਫਰਵਰੀ ਅੰਤ ਵਿਚ ਖੋਲ੍ਹ ਦੇਣੀਆਂ ਹਨ। ਪਰ ਅੱਜ ਓਮੀਕਰੋਨ ਖਤਰੇ ਦੀ ਘੰਟੀ ਕਮਿਊਨਟੀ ਦੇ ਵਿਚ ਖੜਕ ਹੀ ਗਈ। 16 ਦਸੰਬਰ ਨੂੰ ਯੂ ਕੇ ਤੋਂ ਆਇਆ ਇਕ ਵਿਅਕਤੀ ਜੋ ਕਿ ਕਰੋਨਾ ਪਾਜ਼ੇਟਿਵ ਪਾਇਆ ਗਿਆ ਉਹ ਬੌਕਸਿੰਗ ਡੇਅ ਵਾਲੇ ਦਿਨ ਔਕਲੈਂਡ ਸਿਟੀ ਦੇ ਵਿਚ ਨਾਈਟ ਕਲੱਬ, ਬਾਰ, ਰੈਸਟੋਰੈਂਟ ਅਤੇ ਜਿਊਲਰੀ ਸ਼ਾਪ ਉਤੇ ਗਿਆ। ਇਹ ਵਿਅਕਤੀ ਐਮ। ਆਈ। ਕਿਊ ਤੋਂ ਬਾਅਦ ਤਿੰਨ ਦਿਨ ਆਪਣੇ ਘਰ ਹੀ ਇਕਾਂਤਵਾਸ ਕਰ ਰਿਹਾ ਸੀ, ਪਰ ਇਸਨੇ ਆਪਣੇ ਕਰੋਨਾ ਟੈਸਟ ਦੀ ਉਡੀਕ ਹੀ ਨਹੀਂ ਕੀਤੀ ਅਤੇ ਬਾਹਰ ਨਿਕਲ ਗਿਆ। ਜਿਹੜੇ ਲੋਕ ਉਸਦੇ ਸੰਪਰਕ ਵਿਚ ਆਏ ਉਨ੍ਹਾਂ ਨੂੰ ਅਗਲੇ 14 ਦਿਨ ਵਾਸਤੇ ਖਿਆਲ ਰੱਖਣ ਲਈ ਕਿਹਾ ਗਿਆ ਹੈ।

ਇਸ ਵੇਲੇ ਕਾਫੀ ਕੇਸ ਓਮੀਕਰੋਨ ਦੇ ਬਾਰਡਰ ਉਤੇ ਆ ਰਹੇ ਸਨ, ਪਰ ਉਨ੍ਹਾਂ ਨੂੰ ਇਕਾਂਤਵਾਸ ਕੀਤਾ ਜਾ ਰਿਹਾ ਸੀ। ਇਸ ਵੇਲੇ 71 ਓਮੀਕਰੋਨ ਦੇ ਕੇਸ ਇਕਾਂਤਵਾਸ ਦੇ ਪ੍ਰਬੰਧਕੀ ਹੋਟਲ ਵਿਚ ਹਨ। ਸਰਕਾਰ ਨੇ ਕਿਹਾ ਹੈ ਕਿ ਇਸ ਵੇਲੇ ਔਕਲੈਂਡ ਨੂੰ ਸੰਤਰੀ ਜ਼ੋਨ ਦੇ ਵਿਚ ਤਬਦੀਲ ਕਰਨ ਤੋਂ ਰੋਕਣ ਲਈ ਕੋਈ ਵਿਚਾਰ ਨਹੀਂ ਹੈ। ਕੱਲ੍ਹ 11 ਵਜੇ ਇਸ ਸਬੰਧੀ ਹੋਵੇਗੀ ਵਿਸ਼ੇਸ਼ ਸਰਕਾਰੀ ਅਨਾਊਂਸਮੈਂਟ।

# ਮੋਦੀ ਦੀ ਫਿਰੋਜ਼ਪੁਰ ਰੈਲੀ ਲਈ ਅਸ਼ਵਨੀ ਸ਼ਰਮਾ ਨੇ ਜੀਵਨ ਗੁਪਤਾ ਨੂੰ ਰੈਲੀ ਦਾ ਇੰਚਾਰਜ ਕੀਤਾ ਨਿਯੁਕਤ

**ਚੰਡੀਗੜ੍ਹ 29 ਦਸੰਬਰ–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 5 ਜਨਵਰੀ ਨੂੰ ਫਿਰੋਜ਼ਪੁਰ ਵਿਖੇ ਹੋਣ ਵਾਲੀ ਵਿਸ਼ਾਲ ਰੈਲੀ ਲਈ ਸੂਬਾ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਸੂਬਾ ਭਾਜਪਾ ਜਨਰਲ ਸਕੱਤਰ ਜੀਵਨ ਗੁਪਤਾ ਨੂੰ ਰੈਲੀ ਦਾ ਇੰਚਾਰਜ ਥਾਪਿਆ ਹੈ। ਜੀਵਨ ਗੁਪਤਾ ਨੇ ਮੋਦੀ ਦੀ ਇਸ ਰੈਲੀ ਦੀ ਨਿਗਰਾਨੀ ਅਤੇ ਪ੍ਰਬੰਧ ਕਰਨ ਲਈ ਪੂਰੀ ਤਾਕਤ ਲਾ ਦਿੱਤੀ ਹੈ। ਗੁਪਤਾ ਇਸ ਰੈਲੀ ਨਾਲ ਸਬੰਧਤ ਕੰਮਾਂ, ਪੰਡਾਲ ਦੇ ਪ੍ਰਬੰਧ, ਪ੍ਰਸ਼ਾਸਨਿਕ ਕੰਮਾਂ ਦੀ ਨਿਗਰਾਨੀ ਲਈ ਅੱਜ ਫਿਰੋਜ਼ਪੁਰ ਪੁੱਜ ਹੋਏ ਹਨ।



ਜੀਵਨ ਗੁਪਤਾ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਮੋਦੀ ਦੀ ਰੈਲੀ ਨੂੰ ਸਫ਼ਲ ਬਣ-ਾਉਣ ਲਈ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਅਧਿਕਾਰੀਆਂ ਨਾਲ ਰਾਬਤਾ ਕਾਇਮ ਕਰਕੇ ਪ੍ਰਬੰਧਕੀ ਜ਼ਿੰਮੇਵਾਰੀਆਂ ਲਗਾ ਦਿੱਤੀਆਂ ਗਈਆਂ ਹਨ ਅਤੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਗੁਪਤਾ ਨੇ ਕਿਹਾ ਕਿ ਇਸ ਰੈਲੀ ਵਿੱਚ ਲੱਖਾਂ ਦੀ ਗਿਣਤੀ ਵਿੱਚ ਲੋਕ ਆਪਣੇ ਚਹੇਤੇ ਪ੍ਰਧਾਨ ਮੰਤਰੀ ਨੂੰ ਦੇਖਣ ਅਤੇ ਉਨ੍ਹਾਂ ਦਾ ਸੰਬੋਧਨ ਸੁਣਨ ਲਈ ਵੱਡੇ ਕਾਫਲਿਆਂ ਦੇ ਰੂਪ ਵਿੱਚ ਇਥੇ ਪੁੱਜਣਗੇ। ਉਨ੍ਹਾਂ ਕਿਹਾ ਕਿ ਇਹ ਇਤਿਹਾਸਕ ਰੈਲੀ ਪੰਜਾਬ ਵਿੱਚ ਨਵਾਂ ਅਧਿਆਏ ਲਿਖੇਗੀ। ਇਸ ਰੈਲੀ ਨੂੰ ਲੈ ਕੇ ਭਾਜਪਾ ਵਰਕਰਾਂ ਅਤੇ ਆਮ ਲੋਕਾਂ ਵਿੱਚ ਭਾਰੀ ਉਤਸ਼ਾਹ ਹੈ।







# ਸਾਬਕਾ ਪੁਲਿਸ ਵਾਲਾ ਨਿਕਲਿਆ ਲੁਧਿਆਣਾ ਕੋਰਟ 'ਚ ਬੰਬ ਧਮਾਕਾ ਕਰਨ ਵਾਲਾ

**ਲੁਧਿਆਣਾ** – ਲੁਧਿਆਣਾ ਦੇ ਜ਼ਿਲ੍ਹਾ ਅਦਾਲਤੀ ਕੰਪਲੈਕਸ ਵਿੱਚ ਹੋਏ ਬੰਬ ਧਮਾਕੇ ਵਿੱਚ ਮਰਨ ਵਾਲੇ ਵਿਅਕਤੀ ਦੀ ਪਛਾਣ ਪੰਜਾਬ ਪੁਲਿਸ ਦੇ ਬਰਖ਼ਾਸਤ ਹੈਡ ਕਾਂਸਟੇਬਲ ਵਜੋਂ ਹੋਈ ਹੈ ਅਤੇ ਉਹ 30 ਸਾਲਾ ਗਗਨਦੀਪ ਸਿੰਘ ਸੀ ਜੋ ਖੰਨਾ ਦੇ ਲਲਹੇੜੀ ਰੋਡ ਦਾ ਰਹਿਣ ਵਾਲਾ ਸੀ। ਉਸ ਨੂੰ ਡਰੱਗ ਲਿੰਕ ਕੇਸ ' ਚ ਦੋ ਸਾਲ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ 2019 ਵਿਚ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ ਅਤੇ ਦੋ ਸਾਲ ਜੇਲ੍ਹ ਵਿੱਚ ਬਿਤਾਉਣ ਤੋਂ ਬਾਅਦ ਸਤੰਬਰ ਮਹੀਨੇ ਵਿੱਚ ਰਿਹਾਅ ਹੋਇਆ ਸੀ। ਲੁਧਿਆਣਾ ਜ਼ਿਲ੍ਹੇ ਦੇ ਖੰਨਾ ਸਦਰ ਥਾਣੇ ਵਿੱਚ ਹੁੰਦਿਆਂ, ਗਗਨਦੀਪ ਨੂੰ ਅਗਸਤ-2019 ਵਿੱਚ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ। ਡਰੱਗ ਮਾਫੀਆ ਨਾਲ ਸਬੰਧਾਂ ਕਾਰਨ ਉਸ ਨੂੰ ਪੰਜਾਬ ਪੁਲਸ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ। ਗਗਨਦੀਪ ਸਿੰਘ ਡਰੱਗ ਮਾਮਲੇ 'ਚ 2 ਸਾਲ ਤੱਕ ਜੇਲ 'ਚ ਰਿਹਾ ਅਤੇ ਉਹ 8 ਸਤੰਬਰ 2021 ਨੂੰ ਹੀ ਜ਼ਮਾਨਤ 'ਤੇ ਬਾਹਰ ਆਇਆ ਸੀ। ਪੁਲਿਸ ਸੂਤਰਾਂ ਅਨੁਸਾਰ ਗਗਨਦੀਪ ਸਿੰਘ ਖੰਨਾ ਦੇ ਗੁਰੂ ਤੇਗ ਬਹਾਦਰ ਨਗਰ ਦਾ ਰਹਿਣ ਵਾਲਾ ਸੀ। ਉਸ ਦੇ ਪਿਤਾ ਦਾ ਨਾਂ ਅਮਰਜੀਤ ਸਿੰਘ ਹੈ। ਪੰਜਾਬ ਪੁਲਿਸ ਦੀ ਐਸਟੀਐਫ ਨੇ ਗਗਨਦੀਪ ਸਿੰਘ ਨੂੰ 785 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਸੀ। ਉਹ ਇਕ ਔਰਤ ਨਾਲ ਮਿਲ ਕੇ ਨਸ਼ੇ ਦੀ ਤਸਕਰੀ ਕਰਦਾ ਸੀ। ਉਸ ਵਿਰੁੱਧ 11 ਅਗਸਤ 2019 ਨੂੰ ਐਸਟੀਐਫ ਥਾਣਾ ਫੇਜ਼-4, ਮੁਹਾਲੀ ਵਿਖੇ ਐਨਡੀਪੀਐਸ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਸੀ।

ਇਹ ਵੀ ਜਾਣਕਾਰੀ ਮਿਲੀ ਹੈ ਕਿ ਗਗਨਦੀਪ ਦੇ ਖਾਲਿਸਤਾਨੀ ਸੰਗਠਨ ਬੱਬਰ ਖਾਲਸਾ ਇੰਟਰਨੈਸ਼ਨਲ ਨਾਲ ਸਬੰਧ ਸਾਹਮਣੇ ਆ ਰਹੇ ਹਨ। ਇਸ ਧਮਾਕੇ ਪਿੱਛੇ ਪਾਕਿਸਤਾਨ ਬੈਠੇ ਹਰਵਿੰਦਰ ਸਿੰਘ ਰਿੰਦਾ ਸੰਧੂ ਦਾ ਨਾਂ ਆ ਰਿਹਾ ਹੈ, ਜੋ ਬੱਬਰ ਖਾਲਸਾ ਇੰਟਰਨੈਸ਼ਨਲ ਨਾਲ ਜੁੜਿਆ ਹੋਇਆ ਹੈ। ਦਾਅਵਾ ਕੀਤਾ ਜਾ ਰਿਹਾ ਹੈ ਕਿ ਗਗਨਦੀਪ ਅਦਾਲਤੀ ਕੰਪਲੈਕਸ ਦੇ ਬਾਥਰੂਮ ਵਿੱਚ ਪਹੁੰਚ ਕੇ ਆਪਣੇ ਮੋਬਾਈਲ ਫੋਨ ਰਾਹੀਂ ਬੰਬ ਨੂੰ ਐਕਟੀਵੇਟ ਕਰਨ ਦੀਆਂ ਹਦਾਇਤਾਂ ਲੈ ਰਿਹਾ ਸੀ। ਉਸੇ ਸਮੇਂ ਕੁਝ ਗੜਬੜ ਹੋਈ ਅਤੇ ਬੰਬ ਫਟ ਗਿਆ। ਇਸ ਵਿੱਚ ਗਗਨਦੀਪ ਸਿੰਘ ਖੁਦ ਵੀ ਮਾਰਿਆ ਗਿਆ ਸੀ। ਇਹ ਧਮਾਕਾ ਇੰਨਾ ਜ਼ਬਰਦਸਤ ਸੀ ਕਿ ਧਮਾਕੇ ਵਿੱਚ ਗਗਨਦੀਪ ਦੇ ਸਰੀਰ ਦੇ ਟੁਕੜੇ-ਟੁਕੜੇ ਹੋ ਗਏ। ਏਜੰਸੀਆਂ ਇਸ ਦੀ ਜਾਂਚ ਕਰ ਰਹੀਆਂ ਹਨ। ਕੇਂਦਰੀ ਜਾਂਚ ਏਜੰਸੀ ਐਨਆਈਏ ਨੇ ਧਮਾਕੇ ਵਾਲੀ ਥਾਂ ਤੋਂ ਮਿਲੇ ਡੋਂਗਲ ਦੇ ਮੋਬਾਈਲ ਸਿਮ ਨੰਬਰ ਤੋਂ ਗਗਨਦੀਪ ਦੀ ਪਛਾਣ ਕੀਤੀ। ਲੁਧਿਆਣਾ ਕੋਰਟ ਕੰਪਲੈਕਸ ਵਿੱਚ ਬੰਬ ਧਮਾਕਾ ਪਾਕਿਸਤਾਨ ਵਿੱਚ ਬੈਠੇ ਬੱਬਰ ਖਾਲਸਾ ਦੇ ਅੱਤਵਾਦੀ ਰਿੰਦਾ ਸੰਧੂ ਦੀ ਸਾਜ਼ਿਸ਼ ਸੀ, ਜੋ ਉਸ ਨੇ ਖੰਨਾ ਪੁਲਿਸ ਦੇ ਡਰੱਗ ਮਾਮਲੇ ਵਿੱਚ ਬਰਖਾਸਤ ਹੈਡ ਕਾਂਸਟੇਬਲ ਗਗਨਦੀਪ ਸਿੰਘ ਰਾਹੀਂ ਕਰਵਾਇਆ। ਗਗਨਦੀਪ ਰਿੰਦਾ ਦੇ ਦੋ ਸਾਲਾਂ ਦੀ ਜੇਲ੍ਹ ਦੌਰਾਨ ਸੰਪਰਕ ਵਿੱਚ ਆਇਆ ਸੀ। ਗਗਨਦੀਪ 4 ਮਹੀਨੇ ਪਹਿਲਾਂ ਜ਼ਮਾਨਤ 'ਤੇ ਬਾਹਰ ਆਇਆ ਸੀ ਉਸ ਦੀ ਅਗਲੀ ਪੇਸ਼ੀ 3 ਫਰਵਰੀ ਨੂੰ ਲੁਧਿਆਣਾ ਅਦਾਲਤ ਦੀ ਗਰਾਊਂਡ ਫਲੋਰ 'ਤੇ ਹੋਣੀ ਸੀ ਅਤੇ ਉਸ ਨੇ ਉਸੇ ਕੋਰਟ ਕੰਪਲੈਕਸ ਦੀ ਦੂਜੀ ਮੰਜ਼ਿਲ 'ਤੇ ਬੰਬ ਧਮਾਕਾ ਕਰ ਦਿੱਤਾ ਸੀ। ਪੁਲਿਸ ਨੂੰ ਸ਼ੱਕ ਹੈ ਕਿ ਗਗਨਦੀਪ ਸਿੰਘ ਲੁਧਿਆਣਾ ਜੇਲ 'ਚ 2 ਸਾਲਾਂ ਦੌਰਾਨ ਹੀ ਕਿਸੇ ਅੱਤਵਾਦੀ ਸੰਗਠਨ ਦੇ ਸੰਪਰਕ 'ਚ ਆਇਆ ਹੋ ਸਕਦਾ ਹੈ, ਉਦੋਂ ਹੀ ਉਸ ਨੇ ਜੇਲ ਤੋਂ ਬਾਹਰ ਆਉਂਦੇ ਹੀ 4 ਮਹੀਨਿਆਂ 'ਚ ਇਹ ਬੰਬ ਧਮਾਕਾ ਕਰ ਦਿੱਤਾ ਸੀ। ਗਗਨਦੀਪ ਬੰਬ ਫਿੱਟ ਕਰਵਾਉਣ ਲਈ ਅਦਾਲਤ ਪਹੁੰਚਿਆ ਸੀ। ਧਮਾਕੇ ਵਾਲੀ ਥਾਂ 'ਤੇ ਮਿਲੇ ਅੱਧੇ ਸੜੇ ਹੋਏ ਇੰਟਰਨੈਟ ਡੋਂਗਲ ਦੇ ਸਿਮ ਨੂੰ ਟ੍ਰੈਕ ਕਰਨ ਤੋਂ ਪਤਾ ਲੱਗਾ ਹੈ ਕਿ ਇਸ ਡੋਂਗਲ ਤੋਂ ਅਦਾਲਤ ਨੂੰ 13 ਇੰਟਰਨੈਟ ਕਾਲਾਂ ਕੀਤੀਆਂ ਗਈਆਂ ਸਨ, ਜਿਨ੍ਹਾਂ 'ਚੋਂ 4 ਬੰਬਾਂ ਨੂੰ ਐਕਟੀਵੇਟ ਕਰਨ ਲਈ ਸਨ। ਇਸ ਦੌਰਾਨ ਇਕ ਧਮਾਕਾ ਹੋਇਆ ਅਤੇ ਬਰਖਾਸਤ ਕਾਂਸਟੇਬਲ ਗਗਨਦੀਪ ਦੀ ਮੌਤ ਹੋ ਗਈ। ਸੂਤਰਾਂ ਅਨੁਸਾਰ ਲੁਧਿਆਣਾ 'ਚ 23 ਮੋਬਾਈਲ ਟਾਵਰਾਂ ਦੇ ਡੰਪ ਦੀ ਤਲਾਸ਼ੀ ਲਈ ਗਈ ਅਤੇ ਉਥੋਂ 3 ਇੰਟਰਨੈਸ਼ਨਲ ਕਾਲਾਂ ਕੀਤੀਆਂ ਗਈਆਂ ਜੋ ਕਿ ਰਿੰਦਾ ਨੂੰ ਕੀਤੀਆਂ ਗਈਆਂ ਸਨ। ਏਜੰਸੀਆਂ ਨੂੰ ਸ਼ੱਕ ਹੈ ਕਿ ਇਸ ਦੇ ਭਾਈਵਾਲ ਯੂਪੀ, ਦਿੱਲੀ, ਹਿਮਾਚਲ ਵਿੱਚ ਹੋ ਸਕਦੇ ਹਨ। ਰਿੰਦਾ ਸੰਧੂ ਰੋਪੜ ਦਾ ਵਸਨੀਕ ਹੈ ਜੋ ਡੇਢ ਸਾਲ ਪਹਿਲਾਂ ਇਟਲੀ ਰਾਹੀਂ ਪਾਕਿਸਤਾਨ ਭੱਜ ਗਿਆ ਸੀ। ਉਥੇ ਹੁਣ ਬੱਬਰ ਖਾਲਸਾ ਮੁਖੀ ਵਧਾਵਾ ਸਿੰਘ ਦੀ ਮਦਦ ਨਾਲ ਪੰਜਾਬ ਵਿਚ ਦਹਿਸ਼ਤ ਫੈਲਾਉਣ ਦੀ ਸਾਜ਼ਿਸ਼ ਰਚ ਰਿਹਾ ਹੈ।





ਦਰਅਸਲ, ਵੀਰਵਾਰ ਦੁਪਹਿਰ ਨੂੰ ਹੋਏ ਬੰਬ ਧਮਾਕਿਆਂ ਤੋਂ ਬਾਅਦ ਰਾਸ਼ਟਰੀ ਜਾਂਚ ਏਜੰਸੀ (ਐਨਆਈਏ) ਅਤੇ ਰਾਸ਼ਟਰੀ ਸੁਰੱਖਿਆ ਸਮੂਹ (ਐਨਐਸਜੀ) ਦੇ ਅਧਿਕਾਰੀ ਵੀਰਵਾਰ ਰਾਤ 10:15 ਵਜੇ ਨਵੀਂ ਦਿੱਲੀ ਤੋਂ ਲੁਧਿਆਣਾ ਅਦਾਲਤੀ ਕੰਪਲੈਕਸ ਪਹੁੰਚੇ। ਇਹ ਅਧਿਕਾਰੀ ਸਾਰੀ ਰਾਤ ਅਦਾਲਤੀ ਕੰਪਲੈਕਸ ਦੀ ਜਾਂਚ ਕਰਦੇ ਰਹੇ। ਰਾਤ ਨੂੰ ਹੀ ਘਟਨਾ ਸਥਾਨ 'ਤੇ ਕੇਂਦਰੀ ਜਾਂਚ ਏਜੰਸੀਆਂ ਅਤੇ ਸਥਾਨਕ ਪੁਲਿਸ ਅਧਿਕਾਰੀਆਂ ਦੀਆਂ ਕਈ ਮੀਟਿੰਗਾਂ ਵੀ ਹੋਈਆਂ। ਜਾਂਚ ਦੌਰਾਨ ਜਾਂਚ ਏਜੰਸੀਆਂ ਨੂੰ ਮਲਬੇ ਤੋਂ ਕਾਫੀ ਜਾਣਕਾਰੀ ਮਿਲੀ ਹੈ। ਮਲਬੇ ਵਿੱਚ ਕੁਝ ਟੁੱਟੇ ਹੋਏ ਮੋਬਾਈਲ ਫੋਨ ਅਤੇ ਡੋਂਗਲ ਵੀ ਮਿਲੇ ਹਨ। ਜਦੋਂ ਜਾਂਚ ਅਧਿਕਾਰੀਆਂ ਨੇ ਮੋਬਾਈਲ ਫੋਨ ਅਤੇ ਡੋਂਗਲ ਦੀ ਸਿਮ ਸਬੰਧੀ ਜਾਂਚ ਸ਼ੁਰੂ ਕੀਤੀ ਤਾਂ ਸੁਰਾਗ ਮਿਲਣ ਲੱਗੇ। ਇਹ ਡੋਂਗਲ ਖੰਨਾ ਦੇ ਇਕ ਵਿਅਕਤੀ ਦੇ ਨਾਂ 'ਤੇ ਸੀ। ਪੁਲੀਸ ਨੇ ਉਸ ਤੋਂ ਪੁੱਛਗਿੱਛ ਕੀਤੀ ਤਾਂ ਉਸ ਨੇ ਗਗਨਦੀਪ ਸਿੰਘ ਬਾਰੇ ਦੱਸਿਆ।

ਸ਼ੁੱਕਰਵਾਰ ਦੇਰ ਸ਼ਾਮ ਨੂੰ ਐਨ ਆਈ ਏ ਅਤੇ ਪੰਜਾਬ ਪੁਲਿਸ ਦੀ ਸਾਂਝੀ ਟੀਮ ਨੇ ਗਗਨਦੀਪ ਸਿੰਘ ਦੇ ਖੰਨਾ ਸਥਿਤ ਘਰ 'ਤੇ ਛਾਪਾ ਮਾਰਿਆ ਅਤੇ ਗਗਨਦੀਪ ਸਿੰਘ ਦੇ ਘਰ ਤੋ ਉਸ ਦੇ ਭਰਾ ਨੂੰ, ਇਕ ਲੈਪਟਾਪ, ਮੋਬਾਇਲ ਫੋਨ ਤੇ ਕੁੱਝ ਕੈਸ਼ ਜ਼ਬਤ ਕੀਤਾ ਹੈ। ਪਰਿਵਾਰ ਨੇ ਗਗਨਦੀਪ ਸਿੰਘ ਦੀ ਲਾਸ਼ ਦੀ ਪਛਾਣ ਕਰ ਲਈ ਹੈ। ਮ੍ਰਿਤਕ ਦੇ ਸਰੀਰ 'ਤੇ ਬਣੇ ਖੰਡੇ ਦੇ ਟੈਟੂ ਦੇ ਆਧਾਰ 'ਤੇ ਕਿਹਾ ਗਿਆ ਕਿ ਉਹ ਗਗਨਦੀਪ ਸਿੰਘ ਸੀ। ਪੁਲਿਸ ਨੂੰ ਡੋਂਗਲ ਤੋਂ ਇਲਾਵਾ ਗਗਨਦੀਪ ਸਿੰਘ ਦੀ ਜੇਬ 'ਚੋਂ 500 ਰੁਪਏ ਵੀ ਮਿਲੇ ਪਰ ਉਸ ਕੋਲ ਕੋਈ ਪਰਸ ਨਹੀਂ ਸੀ । ਧਮਾਕੇ ਸਮੇਂ ਗਗਨਦੀਪ ਸਿੰਘ ਨੇ ਟੀ-ਸ਼ਰਟ ਪਾਈ ਹੋਈ ਸੀ। ਸਾਲ 2019 'ਚ ਡਰੱਗ ਮਾਮਲੇ 'ਚ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਪੰਜਾਬ ਪੁਲਸ 'ਚੋਂ ਬਰਖਾਸਤ ਕੀਤੇ ਗਏ ਗਗਨਦੀਪ ਸਿੰਘ ਦੇ ਨਾਲ ਉਸ ਸਮੇਂ ਕੁਝ ਹੋਰ ਲੋਕ ਵੀ ਸਨ। ਵੀਰਵਾਰ ਨੂੰ ਬੰਬ ਲਗਾਉਣ ਸਮੇਂ ਹੋਏ ਧਮਾਕੇ ਵਿੱਚ ਗਗਨਦੀਪ ਸਿੰਘ ਦੀ ਮੌਤ ਤੋਂ ਬਾਅਦ ਪੰਜਾਬ ਪੁਲਿਸ ਹੁਣ ਉਸਦੇ ਹੋਰ ਸਾਥੀਆਂ ਦੇ ਰਿਕਾਰਡ ਦੀ ਛਾਣਬੀਣ ਕਰ ਰਹੀ ਹੈ। ਪੰਜਾਬ ਪੁਲਿਸ ਨੂੰ ਸ਼ੱਕ ਹੈ ਕਿ ਇਸ ਧਮਾਕੇ ਵਿਚ ਉਨ੍ਹਾਂ ਵਿਚੋਂ ਕਈ ਹੋਰ ਵੀ ਸ਼ਾਮਲ ਹੋ ਸਕਦੇ ਹਨ। ਪੁਲਿਸ ਜਾਂਚ ਵਿੱਚ ਸਾਹਮਣੇ ਆਇਆ ਕਿ ਮੁਲਜ਼ਮ ਇੱਕ ਹਫ਼ਤੇ ਤੋਂ ਲਗਾਤਾਰ ਅਦਾਲਤ ਦੇ ਗੇੜੇ ਮਾਰ ਰਿਹਾ ਸੀ। ਗਗਨਦੀਪ ਦੀ ਪਤਨੀ ਅਨੁਸਾਰ ਉਹ ਘਟਨਾ ਵਾਲੇ ਦਿਨ ਰਾਤ 10 ਵਜੇ ਬਿਨਾਂ ਦੱਸੇ ਘਰੋਂ ਚਲਾ ਗਿਆ ਸੀ। ਮੁੜ ਕੇ ਨਹੀਂ ਪਰਤਿਆ।

ਖੰਨਾ ਦੇ ਲਲਹੇੜੀ ਇਲਾਕੇ ਦੇ ਗੁਰੂ ਤੇਗ ਬਹਾਦਰ ਦਾ ਰਹਿਣ ਵਾਲਾ ਗਗਨਦੀਪ ਸਿੰਘ ਸਾਲ 2011 ਵਿੱਚ ਪੰਜਾਬ ਪੁਲਿਸ ਵਿੱਚ ਕਾਂਸਟੇਬਲ ਵਜੋਂ ਭਰਤੀ ਹੋਇਆ ਸੀ। ਨੌਕਰੀ ਦੌਰਾਨ ਉਹ ਮਾਛੀਵਾੜਾ ਅਤੇ ਸਮਰਾਲਾ ਥਾਣਿਆਂ ਵਿਚ ਤਾਇਨਾਤ ਰਿਹਾ ਅਤੇ ਉਥੋਂ ਉਸ ਦੀ ਬਦਲੀ ਖੰਨਾ ਸਦਰ ਥਾਣੇ ਵਿਚ ਹੋ ਗਈ। ਗਗਨਦੀਪ ਸਿੰਘ ਦੇ ਨਾਲ ਸਦਰ ਥਾਣੇ ਵਿੱਚ ਕੰਮ ਕਰਨ ਵਾਲੇ ਪੁਲੀਸ ਮੁਲਾਜ਼ਮਾਂ ਅਨੁਸਾਰ ਗਗਨਦੀਪ ਖੰਨਾ ਸਦਰ ਥਾਣੇ ਦਾ ਮੁੱਖ ਮੁਨਸ਼ੀ ਹੁੰਦਿਆਂ ਕਿਸੇ ਨਾਲ ਬਹੁਤਾ ਮੇਲ ਮਿਲਾਪ ਨਹੀਂ ਕਰਦਾ ਸੀ। ਉਸ ਦੀ ਇੱਕ ਬੇਟੀ ਹੈ। ਜਿਸ ਗੱਡੀ ਵਿੱਚ ਉਸ ਨੂੰ ਐਸਟੀਐਫ ਨੇ ਹੈਰੋਇਨ ਸਮੇਤ ਫੜਿਆ ਸੀ, ਉਸ ਨੇ ਉਹ ਗੱਡੀ ਖੰਨਾ ਸਦਰ ਥਾਣੇ ਵਿੱਚ ਲੱਗਣ ਤੋਂ ਬਾਅਦ ਹੀ ਖਰੀਦੀ ਸੀ।

ਇਸ ਤੋਂ ਪਹਿਲਾਂ ਸ਼ੁੱਕਰਵਾਰ ਨੂੰ ਸਿਵਲ ਹਸਪਤਾਲ 'ਚ ਮ੍ਰਿਤਕ ਵਿਅਕਤੀ ਦਾ ਪੋਸਟਮਾਰਟਮ ਕੀਤਾ ਗਿਆ ਸੀ। ਤਿੰਨ ਡਾਕਟਰਾਂ ਦੇ ਪੈਨਲ ਨੇ ਐਨਆਈਏ ਅਧਿਕਾਰੀਆਂ ਅਤੇ ਜ਼ਿਲ੍ਹਾ ਅਤੇ ਸੈਸ਼ਨ ਜੱਜ ਦੀ ਮੌਜੂਦਗੀ ਵਿੱਚ ਪੋਸਟਮਾਰਟਮ ਕੀਤਾ। ਇਸ ਪੈਨਲ ਵਿੱਚ ਫੋਰੈਂਸਿਕ ਮਾਹਿਰ, ਐਮਰਜੈਂਸੀ ਮੈਡੀਕਲ ਅਫ਼ਸਰ ਡਾ: ਵਿਸ਼ਾਲ ਡਾ: ਚਰਨਕਮਲ ਅਤੇ ਡਾ: ਰੋਹਿਤ ਰਾਮਪਾਲ ਸ਼ਾਮਲ ਸਨ।

ਕੇਂਦਰੀ ਗ੍ਰਹਿ ਸਕੱਤਰ ਅਜੈ ਕੁਮਾਰ ਭੱਲਾ ਨੇ ਦਿੱਲੀ ਵਿੱਚ ਅੰਦਰੂਨੀ ਸੁਰੱਖਿਆ ਨੂੰ ਲੈ ਕੇ ਉੱਚ ਪੱਧਰੀ ਮੀਟਿੰਗ ਕੀਤੀ। ਇਸ ਵਿੱਚ ਆਈਬੀ ਦੇ ਡਾਇਰੈਕਟਰ ਅਰਵਿੰਦ, ਐਨਆਈਏ ਮੁਖੀ ਕੁਲਦੀਪ ਸਿੰਘ, ਬੀਐਸਐਫ ਦੇ ਡੀਜੀ ਪੰਕਜ ਸਿੰਘ ਅਤੇ ਐਨਆਈਏ ਦੇ ਅਧਿਕਾਰੀ ਹਾਜ਼ਰ ਸਨ।

ਸ਼ੁੱਕਰਵਾਰ ਨੂੰ ਕੇਂਦਰੀ ਕਾਨੂੰਨ ਅਤੇ ਨਿਆਂ ਮੰਤਰੀ ਕਿਰਨ ਰਿਜਿਜੂ ਨੇ ਘਟਨਾ ਸਥਾਨ ਦਾ ਦੌਰਾ ਕੀਤਾ ਅਤੇ ਕਿਹਾ ਕਿ ਕੇਂਦਰ ਅਤੇ ਪੰਜਾਬ ਧਮਾਕੇ ਦੀ ਸਾਂਝੇ ਤੌਰ 'ਤੇ ਜਾਂਚ ਕਰ ਰਹੇ ਹਨ। ਕਿਉਂਕਿ ਇਹ ਰਾਸ਼ਟਰੀ ਸੁਰੱਖਿਆ ਨਾਲ ਜੁੜਿਆ ਮਾਮਲਾ ਹੈ, ਇਸ 'ਤੇ ਰਾਜਨੀਤੀ ਸਹੀ ਨਹੀਂ ਹੋਣੀ ਚਾਹੀਦੀ। ਜ਼ਿੰਮੇਵਾਰ ਅਹੁਦਿਆਂ 'ਤੇ ਬੈਠੇ ਵਿਅਕਤੀਆਂ ਅਤੇ ਆਗੂਆਂ ਨੂੰ ਇਕਜੁੱਟ ਹੋ ਕੇ ਗੱਲ ਕਰਨੀ ਚਾਹੀਦੀ ਹੈ। ਉਨ੍ਹਾਂ ਹਸਪਤਾਲ ਵਿੱਚ ਦਾਖ਼ਲ ਜ਼ਖ਼ਮੀਆਂ ਦਾ ਹਾਲ-ਚਾਲ ਵੀ ਪੁੱਛਿਆ। ਉਨ੍ਹਾਂ ਦੇ ਨਾਲ ਕੇਂਦਰੀ ਮੰਤਰੀ ਸੋਮ ਪ੍ਰਕਾਸ਼, ਵਿਜੇ ਸਾਂਪਲਾ, ਸੈਸ਼ਨ ਜੱਜ ਸੁਨੀਸ਼ ਸਿੰਘਲ ਵੀ ਮੌਜੂਦ ਸਨ।

### ਮਾਸਟਰਮਾਈਂਡ ਗਗਨਦੀਪ ਨੇ ਧਮਾਕੇ ਤੋਂ ਪਹਿਲਾਂ ਕਾਂਸਟੇਬਲ ਮਿੱਤਰ ਨਾਲ ਗੁਜ਼ਾਰੇ ਸੀ 5-6 ਘੰਟੇ

ਖੰਨਾ – ਕੋਰਟ ਕੰਪਲੈਕਸ ਬੰਬ ਧਮਾਕੇ ਦੇ ਦੋਸ਼ੀ ਮ੍ਰਿਤਕ ਗਗਨਦੀਪ ਨੂੰ ਲੈ ਕੇ ਜਾਂਚ ਏਜੰਸੀਆਂ ਦੇ ਸਾਹਮਣੇ ਲਗਾਤਾਰ ਨਵੀਆਂ ਗੱਲਾਂ ਸਾਹਮਣੇ ਆ ਰਹੀਆਂ ਹਨ। ਦੱਸਿਆ ਜਾਂਦਾ ਹੈ ਕਿ ਮੰਗਲਵਾਰ ਨੂੰ ਵੀ ਗਗਨਦੀਪ ਅਤੇ ਮਹਿਲਾ ਕਾਂਸਟੇਬਲ ਇੱਕ ਦੂਜੇ ਨੂੰ ਮਿਲੇ ਅਤੇ 5-6 ਘੰਟੇ ਇਕੱਠੇ ਰਹੇ। ਦੂਜੇ ਪਾਸੇ ਗਗਨਦੀਪ ਦੀ ਮਹਿਲਾ ਦੋਸਤ ਕਾਂਸਟੇਬਲ ਕਮਲਦੀਪ ਕੌਰ ਤੋਂ ਪੁੱਛਗਿੱਛ ਜਾਰੀ ਹੈ। ਉਸ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ। ਸੂਤਰ ਦੱਸਦੇ ਹਨ ਕਿ ਕਾਂਸਟੇਬਲ ਨੇ ਗਗਨਦੀਪ ਨਾਲ ਸਬੰਧ ਹੋਣ ਦੀ ਗੱਲ ਤਾਂ ਮੰਨ ਲਈ ਹੈ ਪਰ ਉਹ ਘਟਨਾ ਬਾਰੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਤੋਂ ਲਗਾਤਾਰ ਇਨਕਾਰ ਕਰ ਰਹੀ ਹੈ। ਧਮਾਕੇ ਨੂੰ ਲੈ ਕੇ ਐਨਆਈਏ ਲਗਾਤਾਰ ਪਰਤਾਂ ਖੋਲ੍ਹਣ ਦੀ ਕੋਸ਼ਿਸ਼ ਕਰ ਰਹੀ ਹੈ। ਸੂਤਰਾਂ ਅਨੁਸਾਰ ਕਰੀਬ ਢਾਈ ਮਹੀਨੇ ਪਹਿਲਾਂ ਜ਼ਮਾਨਤ 'ਤੇ ਰਿਹਾਅ ਹੋਣ ਤੋਂ ਬਾਅਦ ਵੀ ਗਗਨਦੀਪ ਲਗਾਤਾਰ ਥਾਣਾ ਸਦਰ ਖੰਨਾ ਦੇ ਚੱਕਰ ਕੱਟਦਾ ਰਹਿੰਦਾ ਸੀ। ਗਗਨਦੀਪ ਇਸ ਥਾਣੇ 'ਚ ਹੈਡ ਗ੍ਰੰਥੀ ਸੀ ਜਦੋਂ ਉਸ ਨੂੰ ਨਸ਼ਾ ਤਸਕਰੀ ਦੇ ਦੋਸ਼ ਵਿੱਚ ਫੜਿਆ ਗਿਆ ਸੀ। ਜਾਣਕਾਰੀ ਮੁਤਾਬਕ ਐਨਆਈਏ ਦੀ ਟੀਮ ਸਦਰ ਥਾਣੇ ਅਤੇ ਇਸ ਦੇ ਆਸਪਾਸ ਦੇ ਇਲਾਕੇ ਵਿੱਚ ਸੀਸੀਟੀਵੀ ਫੁਟੇਜ ਨੂੰ ਸਕੈਨ ਕਰਨ ਵਿੱਚ ਲੱਗੀ ਹੋਈ ਹੈ। ਇਸ ਦੇ ਨਾਲ ਹੀ ਗਗਨਦੀਪ ਦੇ ਸੰਪਰਕ 'ਚ ਆਏ ਕੁਝ ਹੋਰ ਪੁਲਿਸ ਮੁਲਾਜ਼ਮਾਂ ਤੋਂ ਵੀ ਜਾਂਚ ਏਜੰਸੀਆਂ ਪੁੱਛਗਿੱਛ ਕਰ ਸਕਦੀਆਂ ਹਨ। ਇਸ ਸਬੰਧੀ ਖੰਨਾ ਪੁਲਿਸ 'ਚ ਵੀ ਹੜਕੰਪ ਮਚ ਗਿਆ ਹੈ। ਇਸ ਬਾਰੇ ਕੋਈ ਵੀ ਖੁੱਲ੍ਹ ਕੇ ਗੱਲ ਕਰਨ ਨੂੰ ਤਿਆਰ ਨਹੀਂ ਹੈ।

ਇਸ ਦੇ ਨਾਲ ਹੀ ਲੁਧਿਆਣਾ ਬੱਸ ਧਮਾਕੇ 'ਚ ਮਾਰੇ ਗਏ ਮੁਲਜ਼ਮ ਗਗਨਦੀਪ ਦੀ ਐਕਟਿਵਾ ਵੀ ਪੁਲਿਸ ਨੇ ਬਰਾਮਦ ਕਰ ਲਈ ਹੈ। ਇਹ ਐਕਟਿਵਾ ਸੀਆਈਏ ਲੁਧਿਆਣਾ ਦੀ ਟੀਮ ਨੇ ਖੰਨਾ ਸਿਵਲ ਹਸਪਤਾਲ ਦੀ ਪਾਰਕਿੰਗ 'ਚੋਂ ਬਰਾਮਦ ਕੀਤੀ ਹੈ। ਦੱਸਿਆ ਜਾਂਦਾ ਹੈ ਕਿ ਗਗਨਦੀਪ ਐਕਟਿਵਾ ਖੜ੍ਹੀ ਕਰ ਕੇ ਲੁਧਿਆਣਾ ਚਲਾ ਗਿਆ। ਹੁਣ ਜਾਂਚ ਏਜੰਸੀਆਂ ਇਸ ਗੱਲ ਦੀ ਜਾਂਚ ਕਰ ਰਹੀਆਂ ਹਨ ਕਿ ਕੀ ਗਗਨਦੀਪ ਐਕਟਿਵਾ ਪਾਰਕ ਕਰਨ ਤੋਂ ਬਾਅਦ ਬੱਸ ਰਾਹੀਂ ਲੁਧਿਆਣਾ ਗਿਆ ਸੀ ਜਾਂ ਕਿਸੇ ਨੇ ਉਸ ਦੀ ਕਾਰ ਵਿੱਚ ਬਿਠਾ ਲਿਆ ਸੀ। ਦੂਜੇ ਪਾਸੇ ਗਗਨਦੀਪ ਸਿੰਘ ਦੇ ਸਸਕਾਰ ਨੂੰ ਲੈ ਕੇ ਅਜੇ ਵੀ ਭੰਬਲਭੂਸਾ ਬਣਿਆ ਹੋਇਆ ਹੈ। ਗਗਨਦੀਪ ਦੀ ਪਤਨੀ ਅਮਨਦੀਪ ਕੌਰ ਨੂੰ ਪੁਲਿਸ ਸ਼ਨਿਚਰਵਾਰ ਸਵੇਰੇ ਦਿੱਲੀ ਲੈ ਗਈ। ਸ਼ਨਿਚਰਵਾਰ ਰਾਤ ਉਸ ਨੂੰ ਘਰ ਵਾਪਸ ਲੈ ਜਾਇਆ ਗਿਆ। ਇਸ ਤੋਂ ਬਾਅਦ ਐਤਵਾਰ ਸਵੇਰੇ ਪੁਲਿਸ ਇੱਕ ਵਾਰ ਫਿਰ ਅਮਨਦੀਪ ਕੌਰ ਨੂੰ ਲੁਧਿਆਣਾ ਲੈ ਗਈ ਹੈ।




NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928


# ਕਾਂਗਰਸ ਐਮ ਪੀ ਪ੍ਰਤਾਪ ਬਾਜਵਾ ਦੇ ਭਰਾ ਸਮੇਤ ਦੋ ਵਿਧਾਇਕ ਭਾਜਪਾ 'ਚ ਸ਼ਾਮਲ

**ਚੰਡੀਗੜ੍ਹ** – ਪੰਜਾਬ ਕਾਂਗਰਸ ਨੂੰ ਵੱਡਾ ਝਟਕਾ ਲੱਗਾ ਹੈ। ਅੱਜ ਪੰਜਾਬ ਦੇ ਕੁੱਲ 16 ਲੀਡਰਾਂ ਨੇ ਭਾਜਪਾ ਜੁਆਇਨ ਕੀਤੀ ਹੈ। ਮਾਝੇ ਦੇ ਹਲਕਾ ਕਾਦੀਆਂ ਤੋਂ ਮੌਜੂਦਾ ਵਿਧਾਇਕ ਤੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੇ ਭਰਾ ਫਤਹਿਜੰਗ ਬਾਜਵਾ ਭਾਜਪਾ 'ਚ ਸ਼ਾਮਲ ਹੋ ਗਏ ਹਨ। ਉਨ੍ਹਾਂ ਦਿੱਲੀ ਹੈਡਕੁਆਰਟਰ ਵਿਖੇ ਸ੍ਰੀ ਹਰਿਗੋਬਿੰਦਪੁਰ ਤੋਂ ਵਿਧਾਇਕ ਬਲਵਿੰਦਰ ਲਾਡੀ ਤੇ ਸਾਬਕਾ ਕ੍ਰਿਕਟਰ ਦਿਨੇਸ਼ ਮੋਗੀਆਂ ਸਮੇਤ ਭਾਜਪਾ ਜੁਆਇਨ ਕੀਤੀ। ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸ਼ੇਖਾਵਤ ਨੇ ਇਨ੍ਹਾਂ ਆਗੂਆਂ ਨੂੰ ਦਿੱਲੀ ਵਿੱਚ ਪਾਰਟੀ ਦੀ ਮੈਂਬਰਸ਼ਿਪ ਦਿੱਤੀ। ਫਤਹਿਜੰਗ ਬਾਜਵਾ ਮੌਜੂਦਾ ਚੋਣ ਮੈਨੀਫੈਸਟੋ ਕਮੇਟੀ ਦੇ ਚੇਅਰਮੈਨ ਵੀ ਸਨ। ਨਵਜੋਤ ਸਿੰਘ ਸਿੱਧੂ ਨੇ ਹਾਲ ਹੀ 'ਚ ਬਾਜਵਾ ਨੂੰ ਕਾਦੀਆਂ ਤੋਂ ਉਮੀਦਵਾਰ ਐਲਾਨਿਆ ਸੀ। ਹਾਲਾਂਕਿ ਕਾਦੀਆਂ ਸੀਟ ਤੋਂ ਪ੍ਰਤਾਪ ਸਿੰਘ ਬਾਜਵਾ ਵੀ ਦਾਅਵਾ ਪੇਸ਼ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਉਹ ਕਾਦੀਆਂ ਤੋਂ ਚੋਣ ਲੜਨਗੇ ਪਰ ਕਿਸ ਦੇ ਖਿਲਾਫ ਹੋਵੇਗਾ ਇਹ ਸਮਾਂ ਆਉਣ 'ਤੇ ਪਤਾ ਲੱਗੇਗਾ। ਇਹ ਸਾਰੇ ਕੈਪਟਨ ਦੇ ਕਰੀਬੀ ਹਨ। ਇਸ ਤੋਂ ਪਹਿਲਾਂ ਰਾਣਾ ਗੁਰਮੀਤ ਸਿੰਘ ਸੋਢੀ ਨੇ ਭਾਜਪਾ ਜੁਆਇਨ ਕੀਤੀ ਸੀ।ਦੱਸ ਦੇਈਏ ਕਿ ਬੀਤੇ ਦਿਨੀਂ ਹੀ ਕਈ ਵੱਡੇ ਆਗੂ ਕਾਂਗਰਸ ਛੱਡ ਕੇ ਭਾਜਪਾ ਤੇ 'ਪੰਜਾਬ ਲੋਕ ਕਾਂਗਰਸ' 'ਚ ਜਾ ਚੁੱਕੇ ਹਨ। ਆਉਣ ਵਾਲੇ ਦਿਨਾਂ ਵਿੱਚ ਹੋਰ ਵੀ ਕਈ ਵੱਡੇ ਚਿਹਰੇ ਜਿਨ੍ਹਾਂ ਵਿਚ ਵਿਧਾਇਕ ਤੇ ਮੰਤਰੀ ਸ਼ਾਮਿਲ ਹਨ, ਕਾਂਗਰਸ ਛੱਡ ਕੇ ਭਾਜਪਾ ਅਤੇ ਕੈਪਟਨ ਦੀ ਪਾਰਟੀ ਵਿੱਚ ਸ਼ਾਮਲ ਹੋ ਸਕਦੇ ਹਨ। ਅਕਾਲੀ ਦਲ ਤੋਂ ਤਿੰਨ ਵਾਰ ਵਿਧਾਇਕ ਰਹਿ ਚੁੱਕੇ ਗੁਰਤੇਜ ਗੁੜਿਆਨਾ ਵੀ ਭਾਜਪਾ 'ਚ ਸ਼ਾਮਲ ਹੋ ਗਏ ਹਨ। ਦੱਸ ਦੇਈਏ ਕਿ ਖੇਤੀਬਾੜੀ ਕਾਨੂੰਨਾਂ ਦੀ ਵਾਪਸੀ ਤੋਂ ਬਾਅਦ ਭਾਜਪਾ ਨੇ ਪੰਜਾਬ 'ਚ ਆਪਣੀਆਂ ਸਰਗਰਮੀਆਂ ਵਧਾ ਦਿੱਤੀਆਂ ਹਨ। ਪਾਰਟੀ ਸੂਬੇ ਵਿੱਚ ਲਗਾਤਾਰ ਆਪਣਾ ਧੜਾ ਵਧਾ ਰਹੀ ਹੈ। ਕਿਸਾਨ ਅੰਦੋਲਨ ਦੌਰਾਨ ਪੰਜਾਬ ਵਿੱਚ ਭਾਜਪਾ ਆਗੂਆਂ ਦਾ ਵਿਰੋਧ ਕੀਤਾ ਜਾ ਰਿਹਾ ਸੀ, ਪਰ ਕਾਨੂੰਨਾਂ ਦੀ ਵਾਪਸੀ ਪੰਜਾਬ ਵਿੱਚ ਭਾਜਪਾ ਲਈ ਜੀਵਨ ਰੇਖਾ ਬਣ ਗਈ ਹੈ। ਹੁਣ ਦੂਜੀਆਂ ਪਾਰਟੀਆਂ ਦੇ ਆਗੂ ਵੀ ਭਾਜਪਾ ਤੋਂ ਪਰਹੇਜ਼ ਨਹੀਂ ਕਰ ਰਹੇ ਹਨ।



# ਪੰਜਾਬ 'ਚ 15 ਤੋਂ ਜਨਤਕ ਥਾਵਾਂ 'ਤੇ ਜਾਣ ਲਈ ਮੁਕੰਮਲ ਟੀਕਾਕਰਨ ਜ਼ਰੂਰੀ

**ਚੰਡੀਗੜ੍ਹ–** ਸਰਕਾਰੀ ਹੁਕਮ ਮੁਤਾਬਕ ਪੰਜਾਬ ਵਿੱਚ 15 ਜਨਵਰੀ ਤੋਂ ਜਨਤਕ ਥਾਵਾਂ ਜਿਵੇਂ ਮਾਰਕੀਟਾਂ, ਮਾਲਾਂ, ਹੋਟਲਾਂ ਤੇ ਸਿਨਮਾ ਹਾਲਾਂ ਵਿੱਚ ਕੋਵਿਡ- 19 ਤੋਂ ਬਚਾਅ ਲਈ ਮੁਕੰਮਲ ਟੀਕਾਕਰਨ ਕਰਵਾ ਚੁੱਕੇ ਲੋਕਾਂ ਨੂੰ ਹੀ ਜਾਣ ਦੀ ਆਗਿਆ ਹੋਵੇਗੀ। ਸਰਕਾਰ ਨੇ ਪ੍ਰਾਈਵੇਟ ਅਤੇ ਸਰਕਾਰੀ ਖੇਤਰ ਦੇ ਬੈਂਕਾਂ, ਹੋਟਲਾਂ, ਬਾਰਾਂ, ਰੈਸਟੋਰੈਂਟਾਂ, ਮਾਲਾਂ, ਸ਼ਾਪਿੰਗ ਕੰਪਲੈਕਸਾਂ, ਸਿਨਮਾ ਹਾਲਾਂ, ਜਿਮਾਂ ਤੇ ਫਿਟਨੈਸ ਸੈਂਟਰਾਂ ਨੂੰ ਹੁਕਮ ਦਿੱਤੇ ਹਨ ਕਿ ਉਹ ਮੁਕੰਮਲ ਟੀਕਾਕਰਨ ਕਰਵਾ ਚੁੱਕੇ ਲੋਕਾਂ ਨੂੰ ਹੀ ਇਜਾਜ਼ਤ ਦੇਣ। ਸੂਬੇ ਦੇ ਗ੍ਰਹਿ ਮਾਮਲਿਆਂ ਅਤੇ ਨਿਆਂ ਵਿਭਾਗ ਵੱਲੋਂ ਜਾਰੀ ਹੁਕਮਾਂ ਮੁਤਾਬਕ ਚੰਡੀਗੜ੍ਹ ਵਿੱਚ ਸਥਿਤ ਸਾਰੇ ਸਰਕਾਰੀ, ਬੋਰਡ ਤੇ ਕਾਰਪੋਰੇਸ਼ਨ ਦਫ਼ਤਰਾਂ ਵਿੱਚ ਮੁਕੰਮਲ ਟੀਕਾਕਰਨ ਕਰਵਾ ਚੁੱਕੇ ਲੋਕਾਂ ਨੂੰ ਹੀ ਆਉਣ ਦੀ ਇਜਾਜ਼ਤ ਹੋਵੇਗੀ।

### ਨਵੇਂ ਵਾਇਰਸ ਦੇ ਡਰ ਕਾਰਨ 11,500 ਫਲਾਈਟਾਂ ਰੱਦ

ਕੋਰੋਨਾ ਵਾਇਰਸ ਦੇ ਨਵੇਂ ਰੂਪ ਓਮੀਕਰੋਨ ਦਾ ਕਹਿਰ ਦਿਖਾਈ ਦੇਣਾ ਸ਼ੁਰੂ ਹੋ ਗਿਆ ਹੈ। ਓਮੀਕਰੋਨ ਦੇ ਖਤਰੇ ਦੇ ਵਿਚਕਾਰ ਅਮਰੀਕਾ ਅਤੇ ਬ੍ਰਿਟੇਨ ਸਮੇਤ ਕਈ ਦੇਸ਼ਾਂ ਵਿੱਚ ਕੋਰੋਨਾ ਦੇ ਮਾਮਲੇ ਵਧੇ ਹਨ। ਸਰਕਾਰਾਂ ਸਖ਼ਤ ਪਾਬੰਦੀਆਂ ਲਾਉਣ ਲਈ ਮਜਬੂਰ ਹਨ। ਯੂਰਪ ਅਤੇ ਅਮਰੀਕਾ ਦੇ ਕਈ ਰਾਜਾਂ 'ਚ ਕੋਰੋਨਾ ਦੇ ਮਾਮਲੇ ਰਿਕਾਰਡ ਪੱਧਰ 'ਤੇ ਪਹੁੰਚਣ ਤੋਂ ਬਾਅਦ ਕਈ ਉਡਾਣਾਂ ਨੂੰ ਰੱਦ ਕਰ ਦਿੱਤਾ ਗਿਆ ਹੈ। ਇਹ ਉਡਾਣਾਂ ਅਜਿਹੇ ਸਮੇਂ ਰੱਦ ਕੀਤੀਆਂ ਗਈਆਂ ਹਨ ਜਦੋਂ ਕ੍ਰਿਸਮਸ ਦੇ ਮੌਕੇ 'ਤੇ ਦੁਨੀਆ ਭਰ ਦੇ ਸੈਲਾਨੀ ਯਾਤਰਾ 'ਤੇ ਜਾਂਦੇ ਹਨ। ਉਡਾਣਾਂ ਰੱਦ ਹੋਣ ਨਾਲ ਯਾਤਰੀ ਨਿਰਾਸ਼ ਹਨ।ਵਰਤਮਾਨ ਵਿੱਚ, ਇਹ ਯਾਤਰਾ ਦੇ ਮਾਮਲੇ ਵਿੱਚ ਸਾਲ ਦੇ ਸਭ ਤੋਂ ਵਿਅਸਤ ਸਮੇਂ ਵਿੱਚੋਂ ਇੱਕ ਹੈ। ਸ਼ੁੱਕਰਵਾਰ ਤੋਂ ਹੁਣ ਤਕ ਲਗਭਗ 11,500 ਉਡਾਣਾਂ ਰੱਦ ਹੋ ਚੁੱਕੀਆਂ ਹਨ, ਜਦਕਿ



ਹਜ਼ਾਰਾਂ ਉਡਾਣਾਂ ਦੇਰੀ ਨਾਲ ਚੱਲ ਰਹੀਆਂ ਹਨ। ਕਈ ਏਅਰਲਾਈਨ ਕੰਪਨੀਆਂ ਦਾ ਕਹਿਣਾ ਹੈ ਕਿ ਕੋਰੋਨਾ ਵਾਇਰਸ ਦੇ ਓਮਾਈਕ੍ਰੋਨ ਵੇਰੀਐਂਟ ਦੇ ਮਾਮਲਿਆਂ 'ਚ ਤੇਜ਼ੀ ਕਾਰਨ ਸਟਾਫ ਦੀ ਕਮੀ ਹੋ ਗਈ ਹੈ। ਉਡਾਣਾਂ 'ਤੇ ਨਜ਼ਰ ਰੱਖਣ ਵਾਲੀ ਕੰਪਨੀ ਫਲਾਈਟ ਅਵੇਅਰ ਦੇ ਮੁਤਾਬਕ ਦੁਨੀਆ ਭਰ 'ਚ ਇਸ ਦਾ ਅਸਰ ਪਿਆ ਹੈ। ਸੋਮਵਾਰ ਨੂੰ ਲਗਭਗ 3,000 ਉਡਾਣਾਂ ਰੱਦ ਕਰ ਦਿੱਤੀਆਂ ਗਈਆਂ, ਜਦੋਂ ਕਿ ਮੰਗਲਵਾਰ ਨੂੰ 1100 ਹੋਰ ਉਡਾਣਾਂ ਰੱਦ ਕੀਤੀਆਂ ਗਈਆਂ। ਯੂਐਸ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ ਨੇ ਸੋਮਵਾਰ ਨੂੰ ਲੱਛਣ ਰਹਿਤ ਕੋਰੋਨਾ ਮਾਮਲਿਆਂ ਲਈ ਆਈਸੋਲੇਸ਼ਨ ਦੀ ਮਿਆਦ ਨੂੰ 10 ਤੋਂ ਘਟਾ ਕੇ 5 ਦਿਨ ਕਰ ਦਿੱਤਾ, ਜਿਸ ਨਾਲ ਲੋਕਾਂ ਦੇ ਕੰਮ 'ਤੇ ਜਲਦੀ ਵਾਪਸ ਆਉਣ ਦੇ ਡਰ ਅਤੇ ਮਨੁੱਖੀ ਸ਼ਕਤੀ ਦੀ ਵਿਆਪਕ ਘਾਟ ਨੂੰ ਦੂਰ ਕੀਤਾ ਗਿਆ।

### ਬਰਤਾਨੀਆ ਦੇ ਕਈ ਹਿੱਸਿਆਂ 'ਚ ਲਾਕਡਾਊਨ

ਦੁਨੀਆ ਦੇ ਕਈ ਮੁਲਕਾਂ ਵਿਚ ਕੋਰੋਨਾ ਇਨ-ਫੈਕਸ਼ਨ ਦੇ ਚਲਦਿਆਂ ਹਾਲਾਤ ਬੇਹੱਦ ਖਰਾਬ ਹੋ ਗਏ ਹਨ। ਖਾਸਕਰ ਯੂਰਪੀ ਦੇਸ਼ਾਂ ਵਿਚ ਹਾਲਾਤ ਵਿਗੜਦੇ ਜਾ ਰਹੇ ਹਨ। ਬਰਤਾਨੀਆ ਦੇ ਨਾਲ ਹੀ ਫਰਾਂਸ ਵਿਚ ਵੀ ਕੋਰੋਨਾ ਦੀ ਨਵੀਂ ਲਹਿਰ ਨਜ਼ਰ ਆ ਰਹੀ ਹੈ। ਫਰਾਂਸ ਵਿਚ ਸ਼ਨਿਚਰਵਾਰ ਨੂੰ ਇਕ ਦਿਨ ਵਿਚ ਕੋਰੋਨਾ ਦੇ ਰਿਕਾਰਡ ਇਕ ਲੱਖ ਚਾਰ ਹਜ਼ਾਰ 6 ਸੌ ਗਿਆਰ੍ਹਾਂ ਨਵੇਂ ਮਾਮਲੇ ਪਾਏ ਗਏ। ਉੱਥੇ ਬਰਤਾਨੀਆ ਵਿਚ ਕ੍ਰਿਸਮਸ ਨੂੰ ਦੇਖਦੇ ਹੋਏ ਕੋਰੋਨਾ ਇਨਫੈਕਸ਼ਨ ਦੇ ਅੰਕੜੇ ਨਹੀਂ ਦੱਸੇ ਜਾ ਰਹੇ ਹਨ ਪਰ ਸ਼ੁਕਰਵਾਰ ਨੂੰ 1,22,186 ਕੇਸ ਦਰਜ ਕੀਤੇ ਗਏ ਸਨ। ਹਾਲਾਤ ਨੂੰ ਕਾਬੂ ਵਿਚ ਕਰਨ ਲਈ ਬੋਰਿਸ ਜਾਨਸਨ ਦੀ ਸਰਕਾਰ ਨੇ ਦੇਸ਼ ਦੇ ਕਈ ਹਿੱਸਿਆਂ ਵਿਚ ਪਾਬੰਦੀਆਂ ਸਖ਼ਤ ਕਰ ਦਿੱਤੀਆਂ ਹਨ।

ਰੂਸ ਵਿਚ ਕੋਰੋਨਾ ਦਾ ਪ੍ਰਕੋਪ ਜਾਰੀ ਹੈ। ਬੀਤੇ 24 ਘੰਟੇ ਵਿਚ ਮਹਾਮਾਰੀ ਨਾਲ 968 ਲੋਕਾਂ ਦੀ ਮੌਤ ਹੋਈ ਹੈ ਜਦਕਿ ਕੋਰੋਨਾ ਦੇ 23,721 ਨਵੇਂ ਮਾਮਲੇ ਸਾਹਮਣੇ ਆਏ ਹਨ। ਇਸਦੇ ਨਾਲ ਹੀ ਰੂਸ ਵਿਚ ਇਨਫੈਕਟਿਡਾਂ ਦਾ ਅੰਕੜਾ ਵੱਧ ਕੇ 10,392,020 ਹੋ ਗਿਆ ਹੈ ਜਦਕਿ ਮਰਨ ਵਾਲਿਆਂ ਦੀ ਗਿਣਤੀ 304,218 ਹੋ ਗਈ ਹੈ।ਅਮਰੀਕਾ ਵਿਚ ਕ੍ਰਿਸਮਸ ਦੀਆਂ ਛੁੱਟੀਆਂ ਦਾ ਮਜ਼ਾ ਕਿਰਕਿਰਾ ਹੋ ਗਿਆ ਹੈ। ਹਵਾਬਾਜ਼ੀ ਕੰਪਨੀਆਂ ਨੇ ਸ਼ਨਿਚਰਵਾਰ ਨੂੰ ਵੀ ਸੈਂਕੜੇ ਉਡਾਣਾਂ ਨੂੰ ਰੱਦ ਕਰ ਦਿੱਤਾ। ਏਅਰ ਲਾਈਨਜ਼ ਨੇ ਕੋਵਿਡ-19 ਕਾਰਨ ਸਟਾਫ ਦੀ ਕਮੀ ਨੂੰ ਕਾਰਨ ਦੱਸਿਆ ਹੈ।

ਸ਼ਨਿਚਰਵਾਰ ਨੂੰ ਅਮਰੀਕਾ ਵਿਚ ਲਗਪਗ 1000 ਉਡਾਣਾਂ ਰੱਦ ਹੋ ਗਈਆਂ। ਫਰਾਂਸ ਵਿਚ ਸ਼ਨਿਚਰਵਾਰ ਨੂੰ ਇਕ ਦਿਨ ਵਿਚ ਕੋਰੋਨਾ ਦੇ ਰਿਕਾਰਡ 1,04,611 ਮਾਮਲੇ ਪਾਏ ਗਏ ਹਨ। ਸਮਾਚਾਰ ਏਜੰਸੀ ਏਪੀ ਦੀ ਰਿਪੋਰਟ ਮੁਤਾਬਕ ਫਰਾਂਸ ਵਿਚ ਕੋਵਿਡ-19 ਤੇ ਓਮੀਕ੍ਰੋਨ ਦੇ ਮਾਮਲੇ ਵਧਣ ਨਾਲ ਹਸਪਤਾਲਾਂ 'ਤੇ ਵੀ ਦਬਾਅ ਵੱਧਣ ਲੱਗਾ ਹੈ।

# ਰਾਹੁਲ ਗਾਂਧੀ ਵਜਾਉਣਗੇ ਪੰਜਾਬ 'ਚ ਚੋਣ ਬਿਗਲ

**ਨਵੀਂ ਦਿੱਲੀ –** ਪੰਜਾਬ 'ਚ ਅਗਲੇ ਸਾਲ ਵਿਧਾਨ ਸਭਾ ਚੋਣਾਂ ਹੋਣੀਆਂ ਹਨ ਜਿਨ੍ਹਾਂ ਲਈ ਕਾਂਗਰਸ ਨੇ ਆਪਣੀਆਂ ਤਿਆਰੀਆਂ



ਤੇਜ਼ ਕਰ ਦਿੱਤੀਆਂ ਹਨ। ਸੂਤਰਾਂ ਅਨੁਸਾਰ ਰਾਹੁਲ ਗਾਂਧੀ 3 ਜਨਵਰੀ ਤੋਂ ਪੰਜਾਬ 'ਚ ਚੋਣ-ਪ੍ਰਚਾਰ ਸ਼ੁਰੂ ਕਰਨ ਜਾ ਰਹੇ ਹਨ। ਮੰਨਿਆ ਜਾ ਰਿਹਾ ਹੈ ਕਿ ਸੱਤਾਧਾਰੀ ਕਾਂਗਰਸ ਪੰਜਾਬ ਵਿਧਾਨ ਸਭਾ ਚੋਣਾਂ 'ਚ ਬਿਨਾਂ ਸੀਐੱਮ ਚਿਹਰੇ ਦੇ ਉਤਰ ਸਕਦੀ ਹੈ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਕਾਂਗਰਸ ਨੂੰ ਅਲਵਿਦਾ ਕਹਿਣ ਦੇ ਤੁਰੰਤ ਬਾਅਦ ਕਾਂਗਰਸ ਹਾਈ ਕਮਾਨ ਨੇ ਐਲਾਨ ਕੀਤਾ ਸੀ ਕਿ 2022 ਦੀਆਂ ਚੋਣਾਂ 'ਚ ਚਰਨਜੀਤ ਸਿੰਘ ਚੰਨੀ ਹੀ ਪਾਰਟੀ ਦਾ ਮੁੱਖ ਮੰਤਰੀ ਚਿਹਰਾ ਹੋਣਗੇ ਤੇ ਪਾਰਟੀ ਉਨ੍ਹਾਂ ਦੀ ਅਗਵਾਈ 'ਚ ਹੀ ਚੋਣ ਲੜੇਗੀ। ਪਰ ਨਵਜੋਤ ਸਿੰਘ ਸਿੱਧੂ ਦੇ ਤੇਵਰਾਂ ਨੂੰ ਦੇਖਦੇ ਹੋਏ ਹਾਈ ਕਮਾਨ ਨੂੰ ਆਪਣੇ ਫ਼ੈਸਲੇ ਤੋਂ ਪਿੱਛੇ ਹਟਣਾ ਪਿਆ। ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਇਸ ਮਹੀਨੇ ਰਾਹੁਲ ਗਾਂਧੀ ਨਾਲ ਮੀਟਿੰਗ ਕੀਤੀ ਸੀ। ਚੰਨੀ ਅਤੇ ਸਿੱਧੂ ਰਾਹੁਲ ਨਾਲ ਮੁਲਾਕਾਤ ਕਰਨ ਲਈ ਉਨ੍ਹਾਂ ਦੀ ਰਿਹਾਇਸ਼ 'ਤੇ ਪਹੁੰਚੇ ਸਨ। ਸੂਤਰਾਂ ਅਨੁਸਾਰ ਤਿੰਨਾਂ ਆਗੂਆਂ ਵਿਚਾਲੇ ਚੱਲ ਰਹੀ ਇਸ ਮੀਟਿੰਗ ਵਿੱਚ ਪੰਜਾਬ ਵਿੱਚ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਨੂੰ ਲੈ ਕੇ ਮੰਥਨ ਹੋਇਆ। ਇਸ ਤੋਂ ਪਹਿਲਾਂ ਕਾਂਗਰਸ ਦੇ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਸੰਸਦ ਦੇ ਸੈਂਟਰਲ ਹਾਲ ਵਿੱਚ ਰਾਹੁਲ ਗਾਂਧੀ ਨਾਲ ਮੁਲਾਕਾਤ ਕੀਤੀ।

# ਨਵਜੋਤ ਸਿੰਘ ਸਿੱਧੂ ਦੀਆਂ ਮੁਸ਼ਕਲਾਂ ਵਧੀਆਂ, ਧਾਰਮਿਕ ਭਾਵਨਾਵਾਂ ਭੜਕਾਉਣ ਨੂੰ ਲੈ ਕੇ ਸ਼ਿਕਾਇਤ ਦਰਜ

**ਖਰੜ –** ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੱਲੋਂ ਰੈਲੀ ਦੌਰਾਨ ਗੁੱਗਾ ਜ਼ਾਹਰ ਪੀਰ ਸੰਬੰਧੀ ਮਾੜੀ ਸ਼ਬਦਾਵਲੀ ਵਰਤ ਕੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਰੋਸ ਵਜੋਂ ਸੋਨੂੰ ਰਾਣਾ ਪੰਜਾਬ ਚੇਅਰਮੈਨ ਸ਼ਿਵ ਸੈਨਾ ਹਿੰਦ ਵੱਲੋਂ ਸਦਰ ਥਾਣਾ ਖਰੜ ਵਿਖੇ ਸ਼ਿਕਾਇਤ ਦਰਜ ਕਰਵਾਈ ਗਈ।ਸ਼ਿਕਾਇਤ ਵਿੱਚ ਸੋਨੂ ਰਾਣਾ ਨੇ ਲਿਖਿਆ ਕਿ ਜਾਹਰ ਪੀਰ ਉਨ੍ਹਾਂ ਦੇ ਗੁਰੂ ਹਨ ਅਤੇ ਉਨ੍ਹਾਂ ਦੇ ਗੁਰੂ ਦਾ ਮਜ਼ਾਕ ਉਡਾਇਆ ਗਿਆ ਹੈ ਨਵਜੋਤ ਸਿੰਘ ਸਿੱਧੂ



ਵੱਲੋਂ ਸਨਾਤਨ ਧਰਮ ਦੇ ਗੁਰੂ ਗੁੱਗਾ ਜ਼ਾਹਰ ਪੀਰ ਬਾਂਗੜ ਬਾਰੇ ਮਜ਼ਾਕ ਉਡਾਇਆ ਗਿਆ ਹੈ ਅਤੇ ਹਿੰਦੂ ਸਮਾਜ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਗਈ। ਉਨ੍ਹਾਂ ਸਿੱਧੂ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਗਈ।ਇਸ ਸੰਬੰਧੀ ਸਦਰ ਥਾਣਾ ਦੇ ਮੁੱਖ ਇੰਚਾਰਜ ਅਸ਼ੋਕ ਕੁਮਾਰ ਨਾਲ ਜਦੋਂ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਸ਼ਿਕਾਇਤ ਉਨ੍ਹਾਂ ਨੂੰ ਮਿਲ ਚੁੱਕੀ ਹੈ। ਤਫਤੀਸ਼ ਜਾਰੀ ਹੈ,ਕਾਨੂੰਨ ਮੁਤਾਬਿਕ ਕਾਰਵਾਈ ਕੀਤੀ ਜਾਵੇਗੀ।

# ਦੇਸ਼ ਲਈ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀ ਪੈਦਾ ਕਰਨ 'ਚ ਚੰਡੀਗੜ੍ਹ ਯੂਨੀਵਰਸਿਟੀ ਨਿਭਾ ਰਹੀ ਹੈ ਮੋਹਰੀ ਭੂਮਿਕਾ

ਮਿਆਰੀ ਸਿੱਖਿਆ ਦੇ ਖੇਤਰ 'ਚ ਮੋਹਰੀ ਭੂਮਿਕਾ ਨਿਭਾਉਣ ਦੇ ਨਾਲ-ਨਾਲ ਗੁਣਵੱਤਾਪੂਰਨ ਖੇਡ ਨੀਤੀ ਅਪਣਾ ਕੇ ਚੰਡੀਗੜ੍ਹ ਯੂਨੀਵਰਸਿਟੀ ਘਤੂੰਆਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀ ਪੈਦਾ ਕਰਨ 'ਚ ਕਾਮਯਾਬ ਰਹੀ ਹੈ। ਸਾਲ 2020-21 ਦੌਰਾਨ 'ਵਰਸਿਟੀ ਦੇ ਖਿਡਾਰੀਆਂ ਨੇ ਏਸ਼ੀਆ ਚੈਂਪੀਅਨਸ਼ਿਪਾਂ ਸਮੇਤ ਉਲੰਪਿਕਸ 'ਚ ਦੇਸ਼ ਦੀ ਨੁਮਾਇੰਗੀ ਕਰਕੇ ਸੂਬੇ ਦਾ ਨਾਮ ਵਿਸ਼ਵਵਿਆਪੀ ਪੱਧਰ 'ਤੇ ਰੌਸ਼ਨ ਕੀਤਾ ਹੈ। ਵੱਖ-ਵੱਖ ਖੇਡ ਚੈਂਪੀਅਨਸ਼ਿਪਾਂ 'ਚ ਬਿਹਤਰੀਨ ਖੇਡ ਪ੍ਰਦਰਸ਼ਨ ਕਰਦਿਆਂ 'ਵਰਸਿਟੀ ਦੇ ਖਿਡਾਰੀਆਂ ਨੇ ਸਾਲ-2020-21 ਦੌਰਾਨ 52 ਗੋਲਡ, 27 ਸਿਲਵਰ, 23 ਕਾਂਸੀ ਦੇ ਤਗ਼ਮੇ ਆਪਣੇ ਨਾਮ ਕੁੱਲ 102 ਮੈਡਲ 'ਵਰਸਿਟੀ ਦੀ ਝੋਲੀ ਪਾਏ ਹਨ। ਇਹ ਜਾਣਕਾਰੀ ਚੰਡੀਗੜ੍ਹ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਡਾ. ਆਰ. ਐਸ ਬਾਵਾ ਨੇ ਪੱਤਰਕਾਰਾਂ ਨਾਲ ਸਾਂਝੀ ਕੀਤੀ। ਡਾ. ਬਾਵਾ ਨੇ ਕਿਹਾ ਕਿ ਮਾਨਸਿਕ ਅਤੇ ਦਿਮਾਗੀ ਤੰਦਰੁਸਤੀ ਲਈ ਸਾਡਾ ਸਿਹਤਮੰਦ ਹੋਣਾ ਲਾਜ਼ਮੀ ਹੈ, ਜਿਸ ਨੂੰ ਵੇਖਦਿਆਂ 'ਵਰਸਿਟੀ ਦਾ ਉਦੇਸ਼ ਰਿਹਾ ਹੈ ਕਿ ਨੌਜਵਾਨੀ ਦਾ ਮੂੰਹ ਖੇਡ ਮੈਦਾਨਾਂ ਵੱਲ ਵੀ ਮੋੜਿਆ ਜਾਵੇ। ਮਿਆਰੀ ਅਤੇ ਗੁਣਵੱਤਾਪੂਰਨ ਸਿੱਖਿਆ ਦੇ ਨਾਲ-ਨਾਲ ਕੈਂਪਸ 'ਚ ਚੰਗਾ ਖੇਡ ਸੱਭਿਆਚਾਰ ਸਿਰਜਣ ਲਈ 'ਵਰਸਿਟੀ ਵੱਲੋਂ ਵਿਸ਼ੇਸ਼ ਖੇਡ ਨੀਤੀਆਂ ਤਿਆਰ ਕੀਤੀਆਂ ਗਈਆਂ ਹਨ। ਉਨ੍ਹਾਂ ਖ਼ੁਸ਼ੀ ਜ਼ਾਹਿਰ ਕੀਤੀ ਕਿ ਇਸ ਵਰ੍ਹੇ 'ਵਰਸਿਟੀ ਦੇ ਖਿਡਾਰੀ ਉਲੰਪਿਕਸ ਸਮੇਤ ਹੋਰਨਾਂ ਅੰਤਰਰਾਸ਼ਟਰੀ ਮੰਚਾਂ 'ਤੇ ਦੇਸ਼ ਦੀ ਨੁਮਾਇੰਦਗੀ ਕਰਨ 'ਚ ਸਫ਼ਲ ਰਹੇ ਹਨ। ਉਨ੍ਹਾਂ ਦੱਸਿਆ ਕਿ 'ਵਰਸਿਟੀ ਦੀ ਬੀ.ਪੀ.ਐਡ ਦੀ ਵਿਦਿਆਰਥਣ ਅਰੁਣਾ ਤੰਵਰ ਨੇ ਪੈਰਾ-ਤਾਈਕਵਾਂਡੋ ਤਹਿਤ 47 ਸਾਲ ਬਾਅਦ ਟੋਕੀਓ ਪੈਰ-'ਉਲੰਪਿਕ ਖੇਡਾਂ 2021 'ਚ ਭਾਰਤ ਦੀ ਨੁਮਾਇੰਦਗੀ ਕੀਤੀ ਜਦਕਿ 'ਵਰਸਿਟੀ ਵਿਖੇ ਬੀ.ਬੀ.ਏ ਦੀ ਵਿਦਿਆਰਥਣ ਪਲਕ ਕੋਹਲੀ ਨੇ ਬੈਡਮਿੰਟਨ ਤਹਿਤ ਟੋਕਿਓ ਪੈਰਾ ਉਲੰਪਿਕਸ 'ਚ ਦੇਸ਼ ਦੀ ਨੁਮਾਇੰਦਗੀ ਕਰਕੇ ਸੂਬੇ ਦਾ ਨਾਮ ਰੌਸ਼ਨਾਇਆ।

ਡਾ. ਬਾਵਾ ਨੇ ਦੱਸਿਆ ਕਿ ਕਿ ਅਗਸਤ 2021 ਵਿੱਚ ਦੁਬਈ ਵਿਖੇ ਹੋਈ ਏ.ਐਸ.ਬੀ.ਸੀ ਏਸ਼ੀਅਨ ਯੂਥ ਬਾਕ-ਸਿੰਗ (ਪੁਰਸ਼/ਮਹਿਲਾ) ਚੈਂਪੀਅਨਸ਼ਿਪ-2021 ਵਿੱਚ ਭਾਰਤ ਦੀ ਨੁਮਾਇੰਦਗੀ ਕਰਦਿਆਂ ਯੂਨੀਵਰਸਿਟੀ ਦੇ ਹੋਣਹਾਰ ਖਿਡਾਰੀ ਵਿਸ਼ਾਲ ਨੇ 80 ਕਿਲੋਗ੍ਰਾਮ ਭਾਰ ਵਰਗ ਅਧੀਨ ਸੋਨੇ



ਦਾ ਤਮਗ਼ਾ ਆਪਣੇ ਨਾਮ ਕੀਤਾ। ਇਸੇ ਤਰ੍ਹਾਂ ਏ.ਐਸ.ਬੀ.ਸੀ ਏਸ਼ੀਅਨ ਯੂਥ ਬਾਕਸਿੰਗ ਚੈਂਪੀਅਨਸ਼ਿਪ-2021 ਦੇ ਮਹਿਲਾ ਵਰਗ ਵਿੱਚ 'ਵਰਸਿਟੀ ਵਿਖੇ ਬੀ.ਏ ਦੀ ਵਿਦਿਆਰਥਣ ਖ਼ੁਸ਼ੀ ਨੇ 75 ਕਿਲੋਗ੍ਰਾਮ ਭਾਰ ਵਰਗ ਅਧੀਨ ਸੋਨ ਤਮਗ਼ਾ ਜਿੱਤ ਕੇ ਦੇਸ਼ ਦਾ ਮਾਣ ਵਧਾਇਆ। ਇਸੇ ਤਰ੍ਹਾਂ 'ਵਰਸਿਟੀ ਵਿਖੇ ਬੀ.ਏ ਦੇ ਵਿਦਿਆਰਥੀ ਮਨਿੰਦਰ ਸਿੰਘ (ਮਿਡਫਿਲਡਰ) ਅਤੇ ਸੰਜੇ ਕੁਮਾਰ (ਪ੍ਰਮੁੱਖ ਡਿਫੈਂਡਰ) ਨੇ ਭੁਵਨੇਸ਼ਵਰ 'ਚ ਹੋਏ ਐਫ਼.ਆਈ.ਐਚ ਹਾਕੀ ਜੂਨੀਅਰ ਵਰਲਡ ਕੱਪ-2021 'ਚ ਭਾਰਤੀ ਟੀਮ ਦਾ ਹਿੱਸਾ ਬਣਦਿਆਂ ਸ਼ਾਨਦਾਰ ਖੇਡ ਪ੍ਰਦਰਸ਼ਨ ਕੀਤਾ। ਜ਼ਿਕਰਯੋਗ ਹੈ ਕਿ ਇਨ੍ਹਾਂ ਮੁਕਾਬਲਿਆਂ 'ਚ ਸੰਜੇ ਕੁਮਾਰ ਨੇ ਬਤੌਰ ਉਪ ਕਪਤਾਨ ਜ਼ੁੰਮੇਵਾਰੀ ਸੰਭਾਲਦਿਆਂ ਟੀਮ ਨੂੰ ਸੈਮੀਫਾਈਨਲ ਦੇ ਸਫ਼ਰ ਤੱਕ ਪਹੁੰਚਾਇਆ।

ਡਾ. ਬਾਵਾ ਨੇ ਦੱਸਿਆ ਕਿ ਸਾਲ 2020-21 ਦੌਰਾਨ ਯੂਨੀਵਰਸਿਟੀ ਦੇ ਖਿਡਾਰੀਆਂ ਨੇ ਅੰਤਰ-ਰਾਸ਼ਟਰੀ ਪੱਧਰ 'ਤੇ 2 ਤਗ਼ਮੇ, ਰਾਸ਼ਟਰੀ ਪੱਧਰ 'ਤੇ 43 ਤਗ਼ਮੇ ਅਤੇ ਰਾਜ ਪੱਧਰੀ/ਜੂਨੀਅਰ/ਸੀਨੀਅਰ ਮੁਕਾਬਲਿਆਂ 'ਚ 57 ਤਗ਼ਮੇ ਆਪਣੇ ਨਾਮ ਕੀਤੇ ਹਨ।ਉਨ੍ਹਾਂ ਦੱਸਿਆ ਕਿ ਖਿਡਾਰੀਆਂ ਨੇ ਅੰਤਰਰਾਸ਼ਟਰੀ ਪੱਧਰ 'ਤੇ 2 ਸੋਨ ਤਗ਼ਮੇ ਜਿੱਤੇ ਹਨ ਜਦਕਿ ਰਾਸ਼ਟਰੀ ਪੱਧਰ 'ਤੇ 18 ਸੋਨ, 9 ਚਾਂਦੀ ਅਤੇ 16 ਕਾਂਸੀ ਦੇ ਤਗ਼ਮੇ ਜਿੱਤੇ ਕੇ ਯੂਨੀਵਰਸਿਟੀ ਦਾ ਨਾਂ ਰੌਸ਼ਨ ਕੀਤਾ ਹੈ। ਇਸ ਤੋਂ ਇਲਾਵਾ ਰਾਜ ਪੱਧਰ 'ਤੇ 32 ਸੋਨ ਤਗ਼ਮੇ, 18 ਚਾਂਦੀ ਅਤੇ 7 ਕਾਂਸੀ ਦ ਤਗ਼ਮੇ ਜਿੱਤੇ ਹਨ।

ਉਨ੍ਹਾਂ ਕਿਹਾ ਕਿ ਇਸ ਸਮੇਂ ਖੇਡ ਪ੍ਰੇਮੀ ਵਿਦਿਆਰਥੀਆਂ ਲਈ ਸੱਭ ਤੋਂ ਚੁਣੌਤੀ ਖੇਡਾਂ ਦੇ ਨਾਲ-ਨਾਲ ਆਪਣੀ ਪੜ੍ਹਾਈ ਜਾਰੀ ਰੱਖਣ ਦੀ ਹੈ, ਇਸ ਸਮੱਸਿਆ ਦੇ ਹੱਲ ਅਤੇ ਖਿਡਾਰੀਆਂ ਦਾ ਮਨੋਬਲ ਉਪਰ ਚੁੱਕਣ ਲਈ ਚੰਡੀਗੜ੍ਹ ਯੂਨੀਵਰਸਿਟੀ ਵੱਲੋਂ 2.5 ਕਰੋੜ ਤੋਂ ਵੱਧ ਦਾ ਵਿਸ਼ੇਸ਼ ਬਜ਼ਟ ਰਾਖਵਾਂ ਰੱਖਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਵੱਲੋਂ ਅੰਤਰਰਾਸ਼ਟਰੀ, ਰਾਸ਼ਟਰੀ ਅਤੇ ਰਾਜ ਪੱਧਰ ਦੇ ਤਗ਼ਮੇ ਜਿੱਤਣ ਵਾਲੇ ਵਿਦਿਆਰਥੀਆਂ ਨੂੰ ਮੇਜਰ ਧਿਆਨ ਚੰਦ ਵਜ਼ੀਫ਼ਾ ਸਕੀਮ ਅਧੀਨ 100 ਫ਼ੀਸਦੀ ਤੱਕ ਵਜ਼ੀਫ਼ਾ ਪ੍ਰਦਾਨ ਕੀਤਾ ਜਾਂਦਾ ਹੈ, ਜਿਸ 'ਚ ਅਕਾਦਮਿਕ ਫ਼ੀਸਾਂ, ਮੁਫ਼ਤ ਰਿਹਾਇਸ਼, ਮੁਫ਼ਤ ਭੋਜਨ ਤੋਂ ਇਲਾਵਾ 4 ਹਜ਼ਾਰ ਤੋਂ ਲੈ ਕੇ 15 ਹਜ਼ਾਰ ਤੱਕ ਦੀ ਮਾਸਿਕ ਸੰਤੁਲਿਤ ਖ਼ੁਰਾਕ ਦਾ ਪ੍ਰਬੰਧ ਸ਼ਾਮਲ ਹੈ। ਉਨ੍ਹਾਂ ਦੱਸਿਆ ਕਿ ਮੌਜੂਦਾ ਸਮੇਂ 'ਚ ਯੂਨੀਵਰਸਿਟੀ ਦੇ ਕੁੱਲ 308 ਵਿਦਿਆਰਥੀ ਖੇਡ ਵਜ਼ੀਫ਼ਾ ਸਕੀਮ ਦਾ ਲਾਭ ਲੈ ਰਹੇ ਹਨ ਅਤੇ ਖਿਡਾਰੀਆਂ ਦੀ ਸਹੂਲਤ ਲਈ 1.30 ਕਰੋੜ ਖ਼ਰਚ ਕੀਤੇ ਗਏ ਹਨ। ਇਸ ਤੋਂ ਇਲਾਵਾ ਚੰਡੀਗੜ੍ਹ ਯੂਨੀਵਰਸਿਟੀ ਵੱਲੋਂ ਪੈਰਾ-ਉਲੰਪੀਅਨਾਂ ਲਈ ਆਰ. ਟੀਕਾਰਾਮ ਸਪੋਰਟਸ ਸਕ-'ਲਰਸ਼ਿਪ ਸਕੀਮ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਕੁੱਲ 1 ਕਰੋੜ ਰੁਪਏ ਦੀ ਸਕਾਲਰਸ਼ਿਪ ਸਮੇਤ ਅਕਾਦਮਿਕ ਫ਼ੀਸ, ਹੋਸਟਲ ਅਤੇ ਖਾਣ-ਪੀਣ 'ਤੇ 100 ਫ਼ੀਸਦੀ ਵਜ਼ੀਫ਼ਾ ਮੁਹੱਈਆ ਕਰਵਾਇਆ ਜਾ ਰਿਹਾ ਹੈ।

ਇਸ ਮੌਕੇ ਗੱਲਬਾਤ ਕਰਦਿਆਂ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸ. ਸਤਨਾਮ ਸਿੰਘ ਸੰਧੂ ਨੇ ਕਿਹਾ ਕਿ 'ਵਰਸਿਟੀ ਦੇ ਖਿਡਾਰੀਆਂ ਨੇ ਨਾ ਕੇਵਲ ਅਕਾਦਮਿਕ, ਖੋਜ, ਪਲੇਸਮੈਂਟ ਖੇਤਰ 'ਚ ਪ੍ਰਾਪਤੀਆਂ ਦਰਜ ਕਰਵਾਈਆਂ ਹਨ ਬਲਕਿ ਵਿਦਿਆਰਥੀਆਂ ਨੇ ਚੰਗੀ ਖੇਡ ਪ੍ਰਤੀਭਾ ਦਾ ਸਬੂਤ ਦਿੰਦਿਆਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਮੱਲਾਂ ਮਾਰੀਆਂ ਹਨ।ਉਨ੍ਹਾਂ ਕਿਹਾ ਕਿ ਭਵਿੱਖ ਦੇ ਉਭਰਦੇ ਖਿਡਾਰੀਆਂ ਅਤੇ ਪ੍ਰਤੀਭਾਸ਼ਾਲੀ ਖਿਡਾਰੀਆਂ ਨੂੰ ਹੋਰ ਲਾਭ ਅਤੇ ਸਹੂਲਤਾਂ ਪ੍ਰਦਾਨ ਕਰਵਾਉਣ ਲਈ 'ਵਰਸਿਟੀ ਵੱਲੋਂ ਸਪੋਰਟਸ ਸਕਾਲਰਸ਼ਿਪ ਸਕੀਮ ਤਹਿਤ ਖਿਡਾਰੀਆਂ ਲਈ ਹਰ ਕੋਰਸ 'ਚ 5 ਫ਼ੀਸਦੀ ਸੀਟਾਂ ਰਾਖਵੀਂਆਂ ਰੱਖੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਆਪਣੀ ਸੰਸਥਾਗਤ ਸਮਾਜਿਕ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਯਤਨਸ਼ੀਲ ਹੈ ਅਤੇ ਭਵਿੱਖ 'ਚ ਹੋਰ ਸੁਧਾਰਾਤਮਕ ਯਤਨਾਂ ਲਈ ਵਚਨਬੱਧ ਰਹੇਗੀ।

# ਬਲਵੀਰ ਰਾਣੀ ਸੋਢੀ ਨੇ ਜ਼ਿਲ੍ਹਾ ਸੰਗਰੂਰ ਤੇ ਮਾਨਸਾ ਦੀਆਂ ਮਹਿਲਾ ਵਰਕਰਾਂ ਨਾਲ ਕੀਤੀਆਂ ਭਰਵੀਆਂ ਮੀਟਿੰਗਾਂ

**ਫਗਵਾੜਾ (ਬੀਕੇ ਰੱਤੂ)** ਮਹਿਲਾ ਕਾਂਗਰਸ ਪੰਜਾਬ ਦੀ ਸੂਬਾ ਪ੍ਰਧਾਨ ਸ੍ਰੀਮਤੀ ਬਲਵੀਰ ਰਾਣੀ ਸੋਢੀ ਨੇ ਅਗਲੇ ਸਾਲ ਦੇ ਸ਼ੁਰੂ ਵਿਚ ਸੰਭਾਵਿਤ ਵਿਧਾਨਸਭਾ ਚੋਣਾਂ ਦੀਆਂ ਤਿਆਰੀਆਂ ਨੂੰ ਲੈ ਕੇ ਜਿਲ੍ਹਾ ਸੰਗਰੂਰ ਅਤੇ ਮਾਨਸਾ ਵਿਖੇ 'ਧੀ ਪੰਜਾਬ ਦੀ, ਆਪਣਾ ਹੱਕ ਜਾਣਦੀ' ਮੁਹਿਮ ਤਹਿਤ ਭਰਵੀਆਂ ਮੀਟਿੰਗਾਂ ਕੀਤੀਆਂ। ਇਸ ਦੌਰਾਨ ਉਹਨਾਂ ਵੱਡੀ ਗਿਣਤੀ ਵਿਚ ਮੌਜੂਦ ਮਹਿਲਾ ਕਾਂਗਰਸ ਦੀਆਂ ਅਹੁਦੇਦਾਰਾਂ ਤੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਿਰੋਧੀ ਧਿਰਾਂ ਵਲੋਂ ਕਾਂਗਰਸ ਪਾਰਟੀ ਖਿਲਾਫ ਸੂਬੇ ਦੀ ਜਨਤਾ ਵਿਚ ਜੋ ਝੂਠ ਫੈਲਾਏ ਜਾ ਰਹੇ ਹਨ ਉਹਨਾਂ ਦਾ ਡਟ ਕੇ ਮੁਕਾਬਲਾ ਕਰਦੇ ਹੋਏ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਾਲੀ ਸੂਬੇ ਦੀ ਕਾਂਗਰਸ ਸਰਕਾਰ ਦੀਆਂ ਪ੍ਰਾਪਤੀਆਂ ਬਾਰੇ ਹਰ ਵੋਟਰ ਨੂੰ ਜਾਣੂ ਕਰਵਾਇਆ ਜਾਵੇ। ਉਹਨਾਂ ਕਿਹਾ ਕਿ ਔਰਤਾਂ ਨੇ ਚੋਣਾਂ ਸਮੇਂ ਹਮੇਸ਼ਾ ਕਾਂਗਰਸ ਪਾਰਟੀ ਦੀ ਬੇੜੀ ਨੂੰ ਪਾਰ ਲੰਘਾਇਆ ਹੈ ਅਤੇ ਇਸ ਵਾਰ ਵੀ ਸੂਬੇ ਦੀਆਂ ਔਰਤਾਂ ਉੱਪਰ ਵੱਡੀ ਜਿੰਮੇਵਾਰੀ ਹੈ। ਕਿਉਂਕਿ ਔਰਤਾਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਸਿਰਫ ਕਾਂਗਰਸ



ਪਾਰਟੀ ਹੀ ਦੇ ਸਕਦੀ ਹੈ। ਕਾਂਗਰਸ ਨੇ ਜਿੱਥੇ ਬੱਸਾਂ ਵਿਚ ਔਰਤਾਂ ਲਈ ਫਰੀ ਸਫਰ ਦੀ ਵਿਵਸਥਾ ਕੀਤੀ ਹੈ ਉੱਥੇ ਹੀ ਕਾਰਪੋਰੇਸ਼ਨਾਂ ਅਤੇ ਪੰਚਾਇਤੀ ਚੋਣਾਂ 'ਚ ਔਰਤਾਂ ਦੀ ਹਿੱਸੇਦਾਰੀ ਨੂੰ ਪੰਜਾਹ ਫੀਸਦੀ ਕਰਕੇ ਮਹਿਲਾ ਸਸ਼ਕਤੀਕਰਨ ਦੀ ਦਿਸ਼ਾ ਵਿਚ ਵੱਡੀ ਪੁਲਾਂਗ ਪੁੱਟੀ ਹੈ। ਕਾਂਗਰਸ ਦੀਆਂ ਨੀਤੀਆਂ ਨੂੰ ਅੱਜ ਹਰ ਵੋਟਰ ਤਕ ਪਹੁੰਚਾਉਣਾ ਮਹਿਲਾ ਕਾਂਗਰਸ ਵਰਕਰਾਂ ਦਾ ਫਰਜ਼ ਹੈ। ਜ਼ਿਲ੍ਹਾ ਸੰਗਰੂਰ ਤੇ ਮਾਨਸਾ ਦੀਆਂ ਸਮੂਹ ਮਹਿਲਾ ਕਾਂਗਰਸ ਵਰਕਰਾਂ ਨੇ ਸ੍ਰੀਮਤੀ ਸੋਢੀ ਨੂੰ ਭਰੋਸਾ ਦਿੱਤਾ ਕਿ ਦੋਵੇਂ ਜ਼ਿਲ੍ਹਿਆਂ ਵਿਚ ਹਰੇਕ ਵਿਧਾਨਸਭਾ ਹਲਕੇ ਵਿਚ ਕਾਂਗਰਸ ਦੀ ਜਿੱਤ ਨੂੰ ਯਕੀਨੀ ਬਣਾਇਆ ਜਾਵੇਗਾ। ਜ਼ਿਲ੍ਹਾ ਮਾਨਸਾ ਦੀ ਮੀਟਿੰਗ ਵਿਚ ਪੰਜਾਬੀ ਗਾਇਕ ਅਤੇ ਕਾਂਗਰਸੀ ਆਗੂ ਸਿੱਧੂ ਮੂਸੇਵਾਲਾ ਦੀ ਮਾਤਾ ਸ੍ਰੀਮਤੀ ਚਰਨਜੀਤ ਕੌਰ ਸਰਪੰਚ, ਅਸਪਾਲ ਕੋਠੇ ਤੋਂ ਮਲਕੀਤ ਸਿੰਘ ਸਰਪੰਚ, ਪਿੰਡ ਕੋਟਲੀ ਕਲਾਂ ਤੋਂ ਬਲਕਾਰ ਸਰਪੰਚ, ਅਕਾਲੀਆਂ ਤਲਵੰਡੀ ਤੋਂ ਸਰਪੰਚ ਪਰਮਜੀਤ ਸਮੇਤ ਵੱਡੀ ਗਿਣਤੀ ਵਿਚ ਕਾਂਗਰਸ ਪਾਰਟੀ ਦੇ ਵਰਕਰ ਅਤੇ ਸਮਰਥਕ ਹਾਜਰ ਸਨ।

# 'ਧੀ ਪੰਜਾਬ ਦੀ ਆਪਣਾ ਹੱਕ ਜਾਣਦੀ' ਮੁਹਿਮ ਤਹਿਤ ਸਮੂਹ ਔਰਤਾਂ ਨੂੰ ਕਾਂਗਰਸ ਦੇ ਪੱਖ 'ਚ ਕੀਤਾ ਜਾਵੇਗਾ ਲਾਮਬੰਦ - ਰਾਣੀ ਸੋਢੀ

**ਫ਼ਗਵਾੜਾ (ਬੀਕੇ ਰੱਤੂ)**– ਪੰਜਾਬ ਪ੍ਰਦੇਸ਼ ਮਹਿਲਾ ਕਾਂਗਰਸ ਕਮੇਟੀ ਪ੍ਰਧਾਨ ਸ੍ਰੀਮਤੀ ਬਲਵੀਰ ਰਾਣੀ ਸੋਢੀ ਨੇ 2022 ਦੀਆਂ ਪੰਜਾਬ ਵਿਧਾਨਸਭਾ ਚੋਣਾਂ ਲਈ ਪ੍ਰਚਾਰ ਮੁਹਿਮ ਨੂੰ ਗਤੀ ਦੇਣ ਲਈ ਮਹਿਲਾ ਕਾਂਗਰਸ ਦੀਆਂ 23 ਜ਼ਿਲ੍ਹਾ ਕੋਆਰਡੀਨੇਟਰਾਂ ਦੇ ਨਾਵਾਂ ਦੀ ਸੂਚੀ ਜਾਰੀ ਕੀਤੀ ਹੈ ਜਿਸ ਅਨੁਸਾਰ ਸ਼ਿਵਾਨੀ ਸ਼ਰਮਾ ਨੂੰ ਜ਼ਿਲ੍ਹਾ ਅੰਮ੍ਰਿਤਸਰ, ਤ੍ਰਿਪਤਾ ਠਾਕੁਰ ਨੂੰ ਜ਼ਿਲ੍ਹਾ ਗੁਰਦਾਸਪੁਰ, ਮਨਜੀਤ ਸੰਧੂ ਨੂੰ ਜ਼ਿਲ੍ਹਾ ਪਠਾਨਕੋਟ, ਸੁਸ਼ਮਾ ਰਾਣੀ ਮੋਨਾ ਨੂੰ ਜ਼ਿਲ੍ਹਾ ਐਸ.ਬੀ.ਐਸ. ਨਗਰ (ਨਵਾਂਸ਼ਹਿਰ), ਭੁਪਿੰਦਰ ਕੌਰ ਕੋਰਜੀਵਾਲਾ ਨੂੰ ਪਟਿਆਲਾ, ਸੁਨੀਤਾ ਧੀਰ ਨੂੰ ਕਪੂਰਥਲਾ, ਇੰਦੂ ਥਾਪਰ ਨੂੰ ਲੁਧਿਆਣਾ, ਨਰਦੀਪ ਸ਼ਰਮਾ, ਨੂੰ ਬਰਨਾਲਾ, ਰਜਿੰਦਰ ਕੌਰ ਲਿਬੜਾ ਨੂੰ ਸੰਗਰੂਰ, ਨਰੇਸ਼ ਸ਼ਰਮਾ ਨੂੰ ਮਾਨਸਾ, ਮਲਕੀਤ ਕੌਰ ਸਹੋਤਾ ਨੂੰ ਬਠਿੰਡਾ, ਪਰਮਜੀਤ ਕੌਰ ਸੰਧੂ ਨੂੰ ਫਰੀਦਕੋਟ, ਮਹਿਕ ਰਾਜਪੂਤ ਨੂੰ ਤਰਨਤਾਰਨ, ਕਵਿਤਾ ਰਾਣੀ ਨੂੰ ਮੁਕਤਸਰ, ਸੁਮਨ ਕੌਸ਼ਿਕ ਨੂੰ ਮੋਗਾ, ਡਾ ਵਰੋਨਿਕਾ ਨੂੰ ਫਾਜਿਲਕਾ, ਰਵਿੰਦਰ



ਕੌਰ ਨੂੰ ਫਿਰੋਜਪੁਰ, ਗੁਰਪ੍ਰੀਤ ਸੰਧੂ ਨੂੰ ਜਲੰਧਰ, ਜਸਵਿੰਦਰ ਕੌਰ ਭੁੱਲਰ ਨੂੰ ਫਤਿਹਗੜ੍ਹ ਸਾਹਿਬ, ਵੰਦਨਾ ਸੈਣੀ ਨੂੰ ਰੂਪ ਨਗਰ, ਨੀਰੂ ਸ਼ਰਮਾ ਨੂੰ ਹੁਸ਼ਿਆਰਪੁਰ, ਅਲਕਾ ਮਲਹੋਤਰਾ ਨੂੰ ਐਸਏਐਸ ਨਗਰ (ਮੁਹਾਲੀ) ਜਦਕਿ ਪ੍ਰਿਤਪਾਲ ਕੌਰ ਨੂੰ ਜ਼ਿਲ੍ਹਾ ਮਲੇਰਕੋਟਲਾ ਦੀ ਕੋਆਰਡੀਨੇਟਰ ਐਲਾਨਿਆ ਹੈ। ਪੰਜਾਬ ਪ੍ਰਧਾਨ ਸ੍ਰੀਮਤੀ ਰਾਣੀ ਸੋਢੀ ਨੇ ਦੱਸਿਆ ਕਿ ਹਰ ਜਿਲ੍ਹਾ ਕੋਆਰਡੀਨੇਟਰ 'ਧੀ ਪੰਜਾਬ ਦੀ, ਆਪਣਾ ਹੱਕ ਜਾਣਦੀ' ਟਾਈਟਲ ਤਹਿਤ ਸਮੂਹ ਔਰਤਾਂ ਨੂੰ ਕਾਂਗਰਸ ਦੀਆਂ ਮਹਿਲਾ ਸਸ਼ਕਤੀਕਰਣ ਨੀਤੀਆਂ ਨਾਲ ਜਾਣੂ ਕਰਵਾ ਕੇ ਪਾਰਟੀ ਨਾਲ ਜੋੜਨਗੀਆਂ ਤਾਂ ਜੋ ਮਹਿਲਾ ਸ਼ਕਤੀ ਦੇ ਜੋਰ ਨਾਲ ਇਕ ਵਾਰ ਫਿਰ ਭਾਰੀ ਬਹੁਮਤ ਨਾਲ ਵਿਧਾਨਸਭਾ ਚੋਣਾਂ ਜਿੱਤ ਕੇ ਪੰਜਾਬ ਵਿਚ ਕਾਂਗਰਸ ਪਾਰਟੀ ਦੀ ਮਜਬੂਤ ਸਰਕਾਰ ਦਾ ਗਠਨ ਕੀਤਾ ਜਾ ਸਕੇ। ਉਹਨਾਂ ਦੱਸਿਆ ਕਿ ਜਲਦੀ ਹੀ ਹਰ ਜ਼ਿਲ੍ਹੇ ਵਿਚ ਉਹ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰਨ ਜਾ ਰਹੇ ਹਨ।

# ਰੱਜੂ ਮਾਜਰਾ ਵਿਖੇ ਸਹਿਜ ਪਾਠਾਂ ਦੇ ਭੋਗ ਪਾਏ

**ਭਵਾਨੀਗੜ (ਚਮਨਦੀਪ ਸ਼ਰਮਾ)**– ਚਾਰ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਅਤੇ ਮਾਤਾ ਗੁਜਰ ਕੌਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਰੱਜੂ ਮਾਜਰਾ ਵਿਖੇ ਦੋ ਸਹਿਜ ਪਾਠਾਂ ਦੇ ਭੋਗ ਪਾਏ ਗਏ। ਇਸ ਦੌਰਾਨ ਸੰਗਤਾਂ ਨੇ ਭਾਰੀ ਗਿਣਤੀ ਵਿਚ ਸਮੂਲੀਅਤ ਕੀਤੀ। ਨਾਮਵਰ ਕਥਾਵਾਚਕ ਗਿਆਨੀ ਰਾਜਿੰਦਰਪਾਲ ਸਿੰਘ ਨਾਭਾ ਨੇ ਦਸਵੀਂ ਪਾਤਸ਼ਾਹੀ ਵੱਲੋਂ ਕੀਤੀ ਗਈ ਸਮਾਜ ਲਈ ਕੁਰਬਾਨੀ ਦਾ ਵਿਸਥਾਰਪੂਰਵਕ ਵਰਨਣ ਕਰਕੇ ਸੰਗਤਾਂ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਵਾਇਆ। ਉਹਨਾਂ ਦੱਸਿਆ ਕਿ ਕਿਸ ਤਰ੍ਹਾਂ ਸਾਹਿਬਜ਼ਾਦਿਆਂ ਨੇ ਜਬਰਦਸਤੀ ਧਰਮ ਨੂੰ ਕਬੂਲ ਨਾ ਕਰਦੇ



ਹੋਏ ਸ਼ਹਾਦਤ ਦੇ ਰਸਤੇ ਉੱਪਰ ਚੱਲਣ ਦਾ ਫੈਸਲਾ ਕੀਤਾ। ਉਹਨਾਂ ਦੱਸਿਆ ਕਿ ਕਿਵੇਂ ਦੋ ਵੱਡੇ ਸਾਹਿਬਜ਼ਾਦੇ ਚਮਕੌਰ ਦੀ ਗੜ੍ਹੀ ਦੇ ਬਾਹਰ ਘੇਰਾ ਪਾਈ ਦੱਸ ਲੱਖ ਤੁਰਕਾਂ ਮੁਗਲਾਂ ਅਤੇ ਪਹਾੜੀ ਰਾਜਿਆ ਦੀ ਫੌਜ਼ ਨਾਲ ਲੜਦਿਆਂ ਸ਼ਹੀਦ ਹੋਏ। ਦੋ ਛੋਟੇ ਸਾਹਿਬਜ਼ਾਦਿਆਂ ਨੂੰ ਸੂਬਾ ਸਰਹੰਦ ਨੇ ਦੀਵਾਰਾਂ ਵਿੱਚ ਚਿਣਵਾ ਕੇ ਤਸੀਹੇ ਦੇ ਕੇ ਸ਼ਹੀਦ ਕੀਤਾ। ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਹੈੱਡ ਗ੍ਰੰ ਭਾਈ ਜਰਨੈਲ ਸਿੰਘ, ਪ੍ਰਧਾਨ ਗੁਰਨੈਬ ਸਿੰਘ, ਸਾਬਕਾ ਸਰਪੰਚ ਪ੍ਰਤਾਪ ਸਿੰਘ, ਲੰਗਰ ਕਮੇਟੀ ਪ੍ਰਧਾਨ ਜੰਗਾ ਸਿੰਘ, ਮਾਸਟਰ ਜਸਵੀਰ ਸਿੰਘ, ਬਾਬਾ ਸੁਖਚੈਨ ਸਿੰਘ, ਖਜ਼ਾਨਚੀ ਪ੍ਰਗਟ ਸਿੰਘ, ਹਰਪ੍ਰੀਤ ਸਿੰਘ ਅਤੇ ਸਤਨਾਮ ਸਿੰਘ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# 355ਵੇਂ ਪ੍ਰਕਾਸ਼ ਪੁਰਬ 'ਤੇ ਪਟਨਾ ਸਾਹਿਬ ਆ ਸਕਦੇ ਹਨ ਅਮਿਤ ਸ਼ਾਹ

**ਪਟਨਾ ਸਿਟੀ** – ਅਗਲੇ ਸਾਲ ਯਾਨੀ 2022 'ਚ ਸੱਤ ਤੋਂ ਨੌਂ ਜਨਵਰੀ ਤਕ ਪਟਨਾ ਸਿਟੀ ਸਥਿਤ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ 'ਚ ਹੋਣ ਵਾਲੇ ਦਸਮੇਸ਼ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ 355ਵੇਂ ਪ੍ਰਕਾਸ਼ ਪੁਰਬ 'ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਪਟਨਾ ਸਾਹਿਬ ਆ ਸਕਦੇ ਹਨ। ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਹਿਤ ਅਤੇ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਪ੍ਰਕਾਸ਼ ਪੁਰਬ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਪ੍ਰਬੰਧਕ ਕਮੇਟੀ ਵੱਲੋਂ ਗ੍ਰਹਿ ਮੰਤਰੀ ਨੂੰ ਸ਼ਾਲ, ਸਿਰੋਪਾ ਅਤੇ ਕਿਰਪਾਨ ਦੇ ਕੇ ਸਨਮਾਨਿਤ ਕੀਤਾ ਗਿਆ।

ਪ੍ਰਧਾਨ ਅਵਤਾਰ ਸਿੰਘ ਹਿਤ ਨੇ ਦੱਸਿਆ ਕਿ ਗ੍ਰਹਿ ਮੰਤਰੀ ਨੇ ਉਨ੍ਹਾਂ ਦੇ ਸੱਦੇ ਨੂੰ ਸਵੀਕਾਰ ਕਰਦੇ ਹੋਏ ਪ੍ਰੋਗਰਾਮ 'ਚ ਸ਼ਾਮਲ ਹੋਣ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਪ੍ਰਕਾਸ਼ ਪੁਰਬ 'ਚ ਕਈ ਅਹਿਮ ਸ਼ਖ਼ਸੀਅਤਾਂ ਸ਼ਾਮਲ ਹੋਣ-ਗੀਆਂ। ਸੂਬਾ ਸਰਕਾਰ ਤੇ ਪ੍ਰਸ਼ਾਸਨ ਦੇ ਸਹਿਯੋਗ ਨਾਲ ਪ੍ਰਬੰਧਕ ਕਮੇਟੀ ਤਿਆਰੀਆਂ ਵਿਚ ਲੱਗੀ ਹੈ। 350ਵੇਂ ਪ੍ਰਕਾਸ਼ ਪੁਰਬ ਦੀ ਤਰ੍ਹਾਂ ਹੀ 355ਵੇਂ ਪ੍ਰਕਾਸ਼ ਪੁਰਬ ਦਾ ਸਮਾਗਮ ਵੀ ਸ਼ਾਨਦਾਰ ਹੋਵੇਗਾ। ਦੇਸ਼-ਵਿਦੇਸ਼ ਤੋਂ ਲੱਖਾਂ ਦੀ ਗਿਣਤੀ 'ਚ ਸੰਗਤ ਦੇ ਸ਼ਾਮਲ ਹੋਣ ਦੀ ਸੰਭਾਵਨਾ ਹੈ।

# ਦੋਆਬੇ ਦੇ ਇਨਕਲਾਬੀ, ਇਤਿਹਾਸਕ ਪਿੰਡ ਦੋਸਾਂਝ ਕਲਾਂ ਵਿਖੇ ਕਿਸਾਨੀ ਸੰਘਰਸ਼ ਦੀ ਜਿੱਤ ਨੂੰ ਸਮਰਪਿਤ ਕਰਵਾਇਆ ਸਮਾਗਮ

**ਫ਼ਗਵਾੜਾ (ਬੀਕੇ ਰੱਤੂ)**– ਦੋਆਬੇ ਦੇ ਇਨਕਲਾਬੀ, ਇਤਿਹਾਸਕ ਅਤੇ ਅਗਾਂਹ ਵਧੂ ਪਿੰਡ ਦੋਸਾਂਝ ਕਲਾਂ ਵਿਖੇ ਕਿਸਾਨੀ ਮੋਰਚਾ ਫ਼ਤਿਹ ਦੇ ਸੰਬੰਧ ਵਿਚ ਪਿੰਡ ਦੇ ਭਾਈਚਾਰੇ ਵਲੋਂ ਇੱਕ ਪ੍ਰਭਾਵਸ਼ਾਲੀ ਸਮਾਗਮ ਗੁਰਦੁਆਰਾ ਸ੍ਰੀ ਧਰਮਦੁਆਰਾ ਸਾਹਿਬ ਵਿਖੇ ਕਰਵਾਇਆ ਗਿਆ।ਸ੍ਰੀ ਸੁਖਮਨੀ ਸਾਹਿਬ ਦੇ ਪਾਠ ਭੋਗ ਪਾਉਣ ਉਪਰੰਤ ਇਸ ਮੌਕੇ ਭਰਵੇਂ ਇਕੱਠ ਨੂੰ ਸੰਬੋਧਨ ਕਰਦੇ ਹੋਏ ਮਜ਼ਦੂਰ ਲਹਿਰ ਦੇ ਉੱਘੇ ਟਰੇਡ ਯੂਨੀਅਨ ਆਗੂ ਸਾਥੀ ਮੰਗਤ ਰਾਮ ਪਾਸਲਾ, ਪਸਸਫ ਜ਼ਿਲ੍ਹਾ ਜਲੰਧਰ ਦੇ ਜਨਰਲ ਸਕੱਤਰ ਨਿਰਮੋਲਕ ਸਿੰਘ ਹੀਰਾ, ਜਮਹੂਰੀ ਕਿਸਾਨ ਸਭਾ ਪੰਜਾਬ ਦੇ ਵਿੱਤ ਸਕੱਤਰ ਜਸਵਿੰਦਰ ਸਿੰਘ ਢੇਸੀ,ਜ਼ਿਲ੍ਹਾ ਜਨਰਲ ਸਕੱਤਰ ਸੰਤੋਖ ਸਿੰਘ ਬਿਲਗਾ, ਪ।ਸ।ਸ।ਫਾਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਆਦਿ ਨੇ ਕਿਹਾ ਕਿ ਇਹ ਕਿਸਾਨੀ ਸੰਘਰਸ਼ ਦੀ ਜਿੱਤ ਸਾਰੇ ਧਰਮਾਂ, ਵਰਗਾਂ, ਜਥੇਬੰਦੀਆਂ ਦੀ ਜਿੱਤ ਹੈ।ਜਨਤਾ ਨੂੰ ਇਸ ਮੋਰਚੇ ਦੀ ਜਿੱਤ ਦੀ ਅਸਲੀ ਖੁਸ਼ੀ ਜਾਹਰ ਕਰਨ ਲਈ ਚੋਣਾਂ ਸਮੇਂ ਉਹਨਾਂ ਧਿਰਾਂ ਦਾ ਖਾਸ ਤੌਰ ਤੇ ਧਿਆਨ ਰੱਖਣਾ ਚਾਹੀਦਾ ਹੈ,ਜੋ ਧਿਰਾਂ ਕਿਸਾਨਾਂ ਦੇ ਸੰਘਰਸ਼ ਨੂੰ ਜਿੱਤ ਦੀ ਮੰਜਿਲ ਤੱਕ ਪੁੱਜਦਾ ਕਰਨ ਲਈ ਕਿਸੇ ਨਾ ਕਿਸੇ ਰੂਪ ਵਿਚ ਕਿਸਾਨੀ ਸੰਘਰਸ਼ ਨਾਲ ਮੋਢੇ ਨਾਲ ਮੋਢਾ ਲਾ ਕੇ ਡਟੀਆਂ ਰਹੀਆਂ।



ਉਹਨਾਂ ਨੇ ਅੱਗੇ ਕਿਹਾ ਕਿ ਇਹ ਜਿੱਤ ਸ੍ਰੀ ਗੁਰੂ ਨਾਨਕ ਜੀ ਦੀ ਸਾਂਝੀਵਾਲਤਾ ਦੀ ਜਿੱਤ ਹੈ। ਕਿਸਾਨੀ ਸੰਘਰਸ਼ ਦੌਰਾਨ ਸਭ ਵਰਗਾਂ ,ਧਰਮਾਂ ਦੀ ਬਣੀ ਭਾਈਚਾਰਕ ਸਾਂਝ ਦੀ ਰਾਖੀ ਅੱਖ ਦੀ ਪੁੱਤਲੀ ਵਾਂਗ ਕਰਨੀ ਅਤਿ ਜ਼ਰੂਰੀ ਹੈ।ਜਿਸ ਨੂੰ ਖੋਰਾ ਲਗਾਉਣ ਲਈ ਆਰਐੱਸਐੱਸ ਵਰਗੀਆਂ ਕੱਟੜਪੰਥੀ ਧਿਰਾਂ ਅੱਜ ਪੂਰੀ ਤਰ੍ਹਾਂ ਤਰਲੋਮੱਛੀ ਹੋ ਰਹੀਆਂ ਹਨ।ਉਨ੍ਹਾਂ ਨੇ ਪਿਛਲੇ ਦਿਨੀਂ ਸ੍ਰੀ ਹਰਿਮੰਦਰ ਸਾਹਿਬ 'ਚ ਬੇਅਦਬੀ ਦੀ ਘਟਨਾ ਅਤੇ ਲੁਧਿਆਣਾ'ਚ ਹਿੰਦੂ ਧਰਮ ਦੇ ਗ੍ਰੰਥ ਦੀ ਬੇਅਦਬੀ ਦੀ ਘਟਨਾ ਤੇ ਗਹਿਰਾ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਸਾਨੂੰ ਸਭ ਨੂੰ ਇਹਨਾਂ ਕੋਝੀਆਂ ਚਾਲਾਂ ਤੋਂ ਪੂਰੀ ਤਰ੍ਹਾਂ ਸੁਚੇਤ ਹੋਣ ਦੀ ਜ਼ਰੂਰਤ ਹੈ।

ਸਮਾਗਮ ਦੌਰਾਨ ਕਿਸਾਨੀ ਮੋਰਚੇ ਵਿੱਚ ਪਹਿਲੇ ਦਿਨ ਦਿੱਲੀ ਗਏ ਬਾਰਾਂ ਸਾਥੀਆਂ ਨੂੰ ਸਨਮਾਨਿਤ ਕੀਤਾ ਗਿਆ। ਮੋਰਚੇ ਦੌਰਾਨ ਸ਼ਹੀਦ ਹੋਏ ਕਿਸਾਨ ਆਗੂ ਪਲਵਿੰਦਰ ਸਿੰਘ ਭੂਰਾ ਅਤੇ ਸੰਤੋਖ ਸਿੰਘ ਤੋਤਾ ਦੇ ਪ੍ਰਵਾਰ ਨੂੰ ਵੀ ਸਨਮਾਨਿਤ ਕੀਤਾ ਗਿਆ।ਇਸ ਤੋਂ ਇਲਾਵਾ ਗੋਰਮਿੰਟ ਟੀਚਰਜ਼ ਯੂਨੀਅਨ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਜ਼ਿਲ੍ਹਾ ਜਲੰਧਰ ਵਲੋਂ ਆਪਣੀ ਜਥੇਬੰਦੀ ਦੇ ਸਾਬਕਾ ਆਗੂ ਵਲੋਂ ਕਿਸਾਨੀ ਸੰਘਰਸ਼ ਵਿੱਚ ਲਗਾਤਾਰ ਵੱਧ ਚੜ੍ਹ ਕੇ ਯੋਗਦਾਨ ਪਾਉਣ ਕਰਕੇ ਮਾਸਟਰ ਸਿੰਗਾਰਾ ਸਿੰਘ ਦੋਸਾਂਝ ਅਤੇ ਉਹਨਾਂ ਦੀ ਸੁਪਤਨੀ ਬਲਦੀਸ਼ ਕੌਰ ਦੋਸਾਂਝ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ।

ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਜਸਵਿੰਦਰ ਸਿੰਘ ਢੇਸੀ, ਸੰਤੋਖ ਸਿੰਘ ਬਿਲਗਾ, ਸਰਪੰਚ ਮੱਖਣ ਸਿੰਘ, ਸਰਪੰਚ ਤਰਲੋਕ ਸਿੰਘ ਵਿਰਕ, ਤੀਰਥ ਸਿੰਘ ਬਾਸੀ, ਜਰਨੈਲ ਫਿਲੌਰ, ਮੇਜਰ ਫਿਲੌਰ, ਨਿਰਮੋਲਕ ਸਿੰਘ ਹੀਰਾ, ਕੁਲਦੀਪ ਸਿੰਘ ਕੌੜਾ, ਹਰਿ-ਜੰਦਰ ਸਿੰਘ ਸਹੋਤਾ, ਤਾਰਾ ਸਿੰਘ ਬੀਕਾ, ਸਤਪਾਲ ਮਹਿਮੀ, ਸ਼ਿਵਦਾਸ, ਰਤਨ ਸਿੰਘ, ਬਲਵਿੰਦਰ ਕੁਮਾਰ, ਪਿੰਡ ਦੋਸਾਂਝ ਕਲਾਂ ਦੇ ਪਤਵੰਤੇ ਸੱਜਣ, ਜਮਹੂਰੀ ਕਿਸਾਨ ਸਭਾ ਦੇ ਵਰਕਰ, ਕਿਰਤੀ ਜਥੇਬੰਦੀਆਂ ਦੇ ਕਾਰਕੁੰਨ ਉਚੇਚੇ ਤੌਰ ਤੇ ਸ਼ਾਮਲ ਹੋਏ।

# 5ਜਾਬ ਫਾਊਂਡੇਸ਼ਨ ਨੇ ਜਰਖੜ ਹਾਕੀ ਅਤੇ ਮੁੱਕੇਬਾਜ਼ੀ ਅਕੈਡਮੀ ਲਈ 5 ਲੱਖ ਰੁਪਏ ਦਾ ਦਿੱਤਾ ਖੇਡਾਂ ਦਾ ਸਾਮਾਨ

## ਜਰਖੜ ਸਟੇਡੀਅਮ ਵਿੱਚ ਬਣੇਂਗਾ ਇਨਡੋਰ ਬਾਕਸਿੰਗ ਹਾਲ, ਮਿਲੇਗਾ ਬਾਕਸਿੰਗ ਰਿੰਗ-ਘੁੰਮਣ /ਚਕਰ





**ਲੁਧਿਆਣਾ–** 5ਜਾਬ ਪੰਜਾਬ ਵਿੱਚ ਖੇਡਾਂ ਦੀ ਬਿਹਤਰੀ ਅਤੇ ਤਰੱਕੀ ਲਈ ਡ੍ਰੀਮ ਇਲੈਵਨ ਦੀ ਸਰਪ੍ਰਸਤੀ ਹੇਠ ਵੱਡੇ ਉਪਰਾਲੇ ਕਰ ਰਹੀ ਹੈ ਇਸੇ ਕੜੀ ਤਹਿਤ ਪੰਜਾਬ ਫਾਊਂਡੇਸ਼ਨ ਨੇ ਜਰਖੜ ਸਟੇਡੀਅਮ , ਤਲਵਾੜਾ ਅਤੇ ਪਿੰਡ ਚਕਰ ਵਿਖੇ ਤਿੰਨ ਮੁੱਕੇਬਾਜ਼ੀ ਦੇ ਸੈਂਟਰ ਖੋਲ੍ਹੇ ਹਨ। ਜਿਨ੍ਹਾਂ ਲਈ ਵਧੀਆ ਸਹੂਲਤਾਂ ਦਾ ਪ੍ਰਬੰਧ ਪੰਜਾਬ ਫਾਊਂਡੇਸ਼ਨ ਵੱਲੋਂ ਕੀਤਾ ਜਾ ਰਿਹਾ ਹੈ। ਅੱਜ ਜਰਖੜ ਖੇਡ ਸਟੇਡੀਅਮ ਵਿਖੇ ਪੰਜਾਬ ਫਾਊਂਡੇਸ਼ਨ ਨੇ ਜਰਖੜ ਹਾਕੀ ਅਤੇ ਮੁੱਕੇਬਾਜ਼ੀ ਅਕੈਡਮੀ ਦੇ ਖਿਡਾਰੀਆਂ ਨੂੰ 5 ਲੱਖ ਰੁਪਏ ਦੇ ਕਰੀਬ ਦਾ ਖੇਡਾਂ ਦਾ ਸਾਮਾਨ 100 ਤੋਂ ਵੱਧ ਖਿਡਾਰੀਆਂ ਨੂੰ ਵੰਡਿਆ ਜਿਸ ਵਿੱਚ ਹਾਕੀ ਅਤੇ ਮੁੱਕੇਬਾਜ਼ੀ ਦੇ ਖਿਡਾਰੀਆਂ ਲਈ ਟਰੈਕਸੂਟ, ਗਲੱਬਜ਼ , ਸਪੋਰਟਸ ਕਿੱਟਾ, ਬੂਟ, ਹਾਕੀ ਸਟਿੱਕਾ ਅਤੇ ਹੋਰ ਖੇਡਾਂ ਦਾ ਸਾਮਾਨ ਵੰਡਿਆ ।

ਇਸ ਤੋਂ ਇਲਾਵਾ ਜਰਖੜ ਹਾਕੀ ਅਕੈਡਮੀ ਦੀਆਂ ਕੌਮੀ ਹਾਕੀ ਚੈਂਪੀਅਨਸ਼ਿਪ ਲਈ ਭੋਪਾਲ ਖੇਡਣ ਗਈਆਂ ਟੀਮਾਂ ਦਾ ਖਰਚਾ 1:50 ਲੱਖ ਵੀ ਪੰਜਾਬ ਫਾਊਂਡੇਸ਼ਨ ਨੇ ਆਪਣੇ ਪੱਲਿਓਂ ਹੀ ਦਿੱਤਾ । ਇਸ ਮੌਕੇ ਪੰਜਾਬ ਫਾਊਂਡੇਸ਼ਨ ਦੇ ਡਾਇਰੈਕਟਰ ਪ੍ਰਿੰਸੀਪਲ ਬਲਵੰਤ ਸਿੰਘ ਚਕਰ ਅੰਤਰਰਾਸ਼ਟਰੀ ਮੁੱਕੇਬਾਜ਼ ਜਗਦੀਪ ਸਿੰਘ ਘੁੰਮਣ ਮੁੰਬਈ ਨੇ ਮੁੱਖ ਮਹਿਮਾਨ ਵਜੋਂ ਹਾਜ਼ਰੀ ਭਰੀ ਜਦਕਿ ਜਰਖੜ ਹਾਕੀ ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਅਤੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ ਨੇ ਜਰਖੜ ਅਕੈਡਮੀ ਦੇ ਖਿਡਾਰੀਆਂ ਦੀ ਕੀਤੀ ਮਦਦ ਦਾ ਧੰਨਵਾਦ ਕੀਤਾ।

ਇਸ ਮੌਕੇ ਪ੍ਰਿੰਸੀਪਲ ਬਲਵੰਤ ਸਿੰਘ ਚਕਰ ਅਤੇ ਜਗਦੀਪ ਸਿੰਘ ਘੁੰਮਣ ਨੇ ਆਖਿਆ ਕਿ ਜਰਖੜ ਖੇਡਾਂ ਜੋ 24-25-26 ਜਨਵਰੀ 2022 ਨੂੰ ਹੋ ਰਹੀਆਂ ਹਨ ਦੇ ਆਖ਼ਰੀ ਦਿਨ 26 ਜਨਵਰੀ ਨੂੰ ਅੰਤਰਰਾਸ਼ਟਰੀ ਪੱਧਰ ਅਤੇ ਕੌਮੀ ਪੱਧਰ ਦੇ ਖਿਡਾਰੀਆਂ ਦੇ ਮੁੱਕੇਬਾਜ਼ੀ ਦੇ ਮੁਕਾਬਲੇ ਜਰਖੜ ਸਟੇਡੀਅਮ ਵਿਖੇ ਕਰਵਾਏ ਜਾਣਗੇ । ਇਸ ਮੌਕੇ ਮੁੰਬਈ ਤੋਂ ਕੁਝ ਫ਼ਿਲਮੀ ਸਿਤਾਰੇ ਵੀ ਇਸ ਵਾਰ ਜਰਖੜ ਖੇਡਾਂ ਨੂੰ ਦੇਖਣ ਲਈ ਪੁੱਜਣਗੇ ।

ਸਰਦਾਰ ਜਗਦੀਪ ਸਿੰਘ ਘੁੰਮਣ ਨੇ ਆਖਿਆ ਕਿ ਜਰਖੜ ਅਕੈਡਮੀ ਲਈ ਪੰਜਾਬ ਫਾਊਂਡੇਸ਼ਨ ਵੱਲੋਂ ਬਾਕਸਿੰਗ ਰਿੰਗ ਅਤੇ ਇਕ ਇਨਡੋਰ ਬਾਕਸਿੰਗ ਹਾਲ ਦੀ ਜਲਦੀ ਹੀ ਸਥਾਪਨਾ ਕੀਤੀ ਜਾਵੇਗੀ ,ਜਿੱਥੇ ਉਤੇ ਤਕਰੀਬਨ 15 ਲੱਖ ਰੁਪਏ ਖਰਚ ਆਉਣ ਦੀ ਸੰਭਾਵਨਾ ਹੈ ।ਇਸ ਤੋਂ ਇਲਾਵਾ ਜਰਖੜ ਹਾਕੀ ਅਕੈਡਮੀ ਦੀ ਵੀ ਹਰ ਸੰਭਵ ਸਹਾਇਤਾ ਫਾਊਂਡੇਸ਼ਨ ਵੱਲੋਂ ਕੀਤੀ ਜਾਵੇਗੀ ।ਇਸ ਮੌਕੇ ਗੁਰਸਤਿੰਦਰ ਸਿੰਘ ਪਰਗਟ , ਕੋਚ ਗੁਰਤੇਜ ਸਿੰਘ ਬੋੜਾਹਾਈ,ਸਰਪੰਚ ਬਲਵਿੰਦਰ ਸਿੰਘ ਮਹਿਦੂਦਪੁਰਾ, ਪਹਿਲਵਾਨ ਹਰਮੇਲ ਸਿੰਘ ਕਾਲਾ, ਤੇਜਿੰਦਰ ਸਿੰਘ ਜਰਖੜ, ਸਾਹਿਬਜੀਤ ਸਿੰਘ ਜਰਖੜ, ਰਜਿੰਦਰ ਸਿੰਘ ਜਰਖੜ ,ਲਖਵੀਰ ਸਿੰਘ ਜਰਖੜ , ਪਰਮਜੀਤ ਸਿੰਘ ਪੰਮਾ ਗਰੇਵਾਲ, ਜਤਿੰਦਰਪਾਲ ਸਿੰਘ ਦੁਲੇਅ, ਕਾਲਾ ਘਵੱਦੀ, ਠਾਕਰਜੀਤ ਸਿੰਘ ਦਾਦ, ਦਲਬੀਰ ਸਿੰਘ ਜਰਖੜ, ਲਵਜੀਤ ਸਿੰਘ ਜਰਖੜ ਆਦਿ ਹੋਰ ਪ੍ਰਬੰਧਕ ਅਤੇ ਖਿਡਾਰੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

**– ਜਗਰੂਪ ਸਿੰਘ ਜਰਖੜ**
**91-98143-00722**

# ਜੱਥੇਦਾਰ ਚਤਰ ਸਿੰਘ ਜੀ ਦਾ ਇਸ ਫਾਨੀ ਸੰਸਾਰ ਤੋਂ ਚਲੇ ਜਾਣਾ, ਪੰਥ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ: ਡਾ.ਦੀਪ ਸਿੰਘ

**ਨਿਉਯਾਰਕ–** ਵਿਸ਼ਵ ਪੱਧਰ ਤੇ ਗੱਤਕਾ ਖੇਡ ਦੀ ਪ੍ਰਫੁਲੱਤਾ ਲਈ ਕਾਰਜਸ਼ੀਲ ਸੰਸਥਾ "ਵਿਸ਼ਵ ਗੱਤਕਾ ਫੈਡਰੇਸ਼ਨ" ਤੇ ਗੱਤਕਾ ਫੈਡਰੇਸ਼ਨ ਯੂ.ਐਸ.ਏ. ਦੇ ਜਨਰਲ ਸਕੱਤਰ ਡਾ. ਦੀਪ ਸਿੰਘ ਵਲੋਂ ਪ੍ਰੈਸ ਨੋਟ ਜਾਰੀ ਕਰਦਿਆਂ ਇਹ ਦਸਿੱਆ ਗਿਆ ਕਿ ਗੱਤਕਾ ਖੇਡ ਦਾ ਪ੍ਰਚਾਰ-ਪ੍ਰਸਾਰ ਕਰਨ ਲਈ ਵਿਸ਼ਵ ਗੱਤਕਾ ਫੈਡਰੇਸ਼ਨ ਵਲੋਂ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਗੱਤਕਾ ਖੇਡ ਦੇ ਪ੍ਰਚਾਰ ਹਿੱਤ ਬਹੁਤ ਸਾਰੀ ਵੱਖ-ਵੱਖ ਜੱਥੇਬੰਦੀਆਂ ਵਲੋਂ ਬਹੁਤ ਸਾਰੇ ਉਪਰਾਲੇ ਕੀਤੇ ਜਾਂਦੇ ਹਨ, ਅਤੇ ਆਪਣਾ-ਆਪਣਾ ਬਣਦਾ ਯੋਗਦਾਨ ਪਾਇਆ ਜਾ ਰਿਹਾ ਹੈ। ਪਰ ਲਗਾਤਾਰ ਪ੍ਰਚਾਰ ਦੀ ਲੜੀ ਨੂੰ ਉਸ ਵੇਲੇ ਵੱਡਾ ਝੱਟਕਾ ਲੱਗਾ ਜਦੋਂ ਅਮਰੀਕਾ ਦੇ ਸ਼ਹਿਰ ਕੈਲੀਫੋਰਨੀਆ (ਨਿਵਾਸੀ ਬੇਕਰਸਫੀਲਡਜ) ਤੋਂ ਜੱਥੇਦਾਰ ਉਸਤਾਦ ਚਤਰ ਸਿੰਘ ਜੀ ਦੇ ਇਸ ਫਾਨੀ ਸੰਸਾਰ ਤੋਂ ਤੁਰ ਜਾਣ ਦੀ ਖਬਰ ਮਿਲੀ। ਜੱਥੇਦਾਰ ਚਤਰ ਸਿੰਘ ਜੀ ਦੇ ਅਚਾਨਕ ਚਲੇ ਜਾਣ ਤੇ ਸੋਗ ਪ੍ਰਗਟ ਕਰਦਿਆਂ ਡਾ. ਦੀਪ ਸਿੰਘ ਨੇ ਕਿਹਾ ਕਿ ਕੈਲੀਫੋਰਨੀਆਂ ਗੱਤਕਾ ਦਲ ਦੇ ਬਹੁਤ ਹੀ ਸਤਿਕਾਰਿਤ ਅਤੇ ਉਚ ਕੋਟੀ ਦੇ ਉਸਤਾਦ, ਜੱਥੇਦਾਰ ਚਤਰ ਸਿੰਘ ਜੀ ਨਾ ਸਿਰਫ ਇੱਕ ਮਾਹਿਰ ਗੱਤਕਾ ਉਸਤਾਦ ਹੀ ਨਹੀ ਸਨ, ਉਹ ਆਪਣੇ ਆਪ ਵਿੱਚ ਹੀ ਇੱਕ ਸੰਸਥਾ ਸਨ।



ਉਹਨਾਂ ਆਪਣੀ ਸਾਰੀ ਜਿੰਦਗੀ ਗੱਤਕਾ ਖੇਡ ਦੇ ਪ੍ਰਚਾਰ ਨੂੰ ਸਮਰਪਿਤ ਕੀਤੀ। ਜੱਥੇਦਾਰ ਜੀ ਜਿੱਥੇ ਵੀ ਗਏ




ਉਹਨਾਂ ਉਥੇ ਹੀ ਗੱਤਕਾ ਖਿਡਾਰੀਆ ਦੀ ਬਾਗਵਾਨੀ ਬਣਾ ਦਿੱਤੀ ਅਤੇ ਇਹ ਯਕੀਨੀ ਬਣਾਇਆ ਕਿ ਉਹ ਬਾਗਵਾਨੀ ਦੇ ਸਾਰੇ ਫੁੱਲ ਸਦਾ ਮਹਿਕਦੇ ਰਹਿਣ ਅਤੇ ਪੰਥ ਦੀ ਸੇਵਾ ਕਰਦੇ ਰਹਿਣ। ਉਸਤਾਦ ਚਤਰ ਸਿੰਘ ਨੂੰ ਪਿਆਰ ਕਰਨ ਵਾਲੇ ਗੱਤਕਈ ਸਿੰਘ ਹਰ ਦੇਸ਼ ਵਿੱਚ ਹਨ। ਉਹਨਾਂ ਦੀ ਸਿੱਖ ਕੌਮ ਪ੍ਰਤੀ ਦਿੱਤੀਆਂ ਅਣਥੱਕ ਸੇਵਾਵਾਂ ਅੱਗੇ ਸਦਾ ਸਿਜਦਾ ਹੁੰਦਾ ਰਹੇਗਾ। ਜੱਥੇਦਾਰ ਸਾਹਿਬ ਪੰਥ ਦੀ ਸਮੂਹ ਜੱਥੇਬੰਦੀਆਂ ਦਾ ਸਤਿਕਾਰ ਕਰਨ ਵਾਲੀ ਸਖਸ਼ੀਅਤ ਸਨ। ਦੂਜੇ ਪਾਸੇ ਇਸ ਸੋਗਮਈ ਖਬਰ ਨੂੰ ਸੁਣ ਕੇ ਭਾਰਤ ਪੱਧਰ ਦੀ ਗੱਤਕਾ ਖੇਡ ਦੀ ਜੱਥੇਬੰਦੀ-ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ ਦੇ ਪ੍ਰਧਾਨ ਸ. ਹਰਜੀਤ ਸਿੰਘ ਗਰੇਵਾਲ ਨੇ ਵੀ ਜੱਥੇਦਾਰ ਚਤਰ ਸਿੰਘ ਦਾ ਇਸ ਫਾਨੀ ਸੰਸਾਰ ਤੋਂ ਚਲੇ ਜਾਣ ਨੂੰ ਬਹੁਤ ਹੀ ਦੁਖਦਾਈ ਖਬਰ ਦੱਸਦਿਆ ਕਿਹਾ ਕਿ ਜੱਥੇਦਾਰ ਉਸਤਾਦ ਚਤਰ ਸਿੰਘ ਜੀ ਇਸ ਸੰਸਾਰ ਵਿੱਚ ਨਾ ਹੋਣਾ, ਪੰਥ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ, ਖਾਸ ਕਰਕੇ ਗੱਤਕਾ ਖੇਡ ਨਾਲ ਸੰਬੰਧਿਤ ਜੱਥੇਬੰਦੀਆ ਨੂੰ ਬਹੁੱਤ ਘਾਟਾ ਹੋਇਆ ਹੈ। ਵਿਸ਼ਵ ਗੱਤਕਾ ਫੈਡਰੇਸ਼ਨ ਅਤੇ ਇਸ ਨਾਲ ਸਬੰਧਤ ਸਮੂਹ ਜੱਥੇਬੰਦੀਆਂ ਵਲੋਂ ਜੱਥੇਦਾਰ ਚਤਰ ਸਿੰਘ ਜੀ ਦੀ ਨਮਿਤ ਅਰਦਾਸ ਕੀਤੀ ਗਈ ਕਿ ਵਾਹਿਗੁਰੂ, ਜੱਥੇਦਾਰ ਚਤਰ ਸਿੰਘ ਜੀ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਉਹਨਾਂ ਦੇ ਪਰਿਵਾਰ ਨੂੰ ਇਸ ਦੁੱਖ ਦੀ ਘੜੀ ਵਿੱਚ ਗੁਰੂ ਸਾਹਿਬ ਦਾ ਭਾਣਾ ਮੰਨਣ ਦੀ ਸਮਰੱਥਾ ਬਖਸ਼ਿਸ ਕਰਨ ਜੀ।

# ਸਮਤਾ ਸੈਨਿਕ ਦਲ ਦੀ ਕਨਵੈਨਸ਼ਨ ਸੰਪਨ, ਦਲ ਦੇ ਪੰਜਾਬ ਯੂਨਿਟ ਦਾ ਸੋਵੀਨਾਰ ਕੀਤਾ ਗਿਆ ਰਿਲੀਜ਼

**ਜਲੰਧਰ (ਬਿਊਰੋ)–** ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ) ਪੰਜਾਬ ਯੂਨਿਟ ਦੇ ਸੂਬਾ ਪ੍ਰਧਾਨ ਜਸਵਿੰਦਰ ਵਰਿਆਣਾ ਨੇ ਜਾਰੀ ਪ੍ਰੈਸ ਬਿਆਨ ਵਿੱਚ ਦੱਸਿਆ ਕਿ ਆਲ



ਇੰਡੀਆ ਸਮਤਾ ਸੈਨਿਕ ਦਲ (ਰਜਿ।) ਦੀ 18ਵੀਂ ਕੌਮੀ । ਕਨਵੈਨਸ਼ਨ 25-26 ਦਸੰਬਰ, 2021 ਨੂੰ ਚਿਚੋਲੀ, ਨਾਗਪੁਰ (ਮਹਾਰਾਸ਼ਟਰ) ਵਿਖੇ ਆਯੋਜਿਤ ਕੀਤੀ ਗਈ । ਸਮਾਗਮ ਵਿੱਚ ਭਾਰਤ ਭਰ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ। ਜ ਲੰਧਰ ਦੇ ਸ਼੍ਰੀ ਹਰਭਜਨ ਨਿਮਤਾ ਦੀ ਅਗਵਾਈ ਵਿੱਚ ਪੰਜਾਬ ਯੂਨਿਟ ਦੇ ਇੱਕ ਵਫ਼ਦ ਨੇ ਚਿਚੋਲੀ (ਨਾਗਪੁਰ) ਵਿਖੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ।) ਦੀ ਦੋ ਰੋਜ਼ਾ 18ਵੀਂ ਕੌਮੀ ਕਨਵੈਨਸ਼ਨ ਵਿੱਚ ਵੀ ਸ਼ਮੂਲੀਅਤ ਕੀਤੀ। ਸਾਰੇ ਰਾਜਾਂ ਦੇ ਪ੍ਰਤੀਨਿਧ ਸੈਨਿਕਾਂ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਸੈਨਿਕਾਂ ਨੂੰ ਆਪਣੇ ਯੂਨਿਟਾਂ ਦੀਆਂ ਗਤੀਵਿਧੀਆਂ ਬਾਰੇ ਜਾਣੂ ਕਰਵਾਇਆ। ਦਲ ਦਾ ਪੰਜਾਬ ਯੂਨਿਟ ਅੰਬੇਡਕਰ ਮਿਸ਼ਨ ਦੇ ਪ੍ਰਚਾਰ ਲਈ ਹਰ ਸਾਲ ਇੱਕ ਸੋਵੀਨਾਰ ਪ੍ਰਕਾਸ਼ਿਤ ਕਰਦਾ ਹੈ। ਇਹ ਸੋਵੀਨਾਰ ਪ੍ਰਧਾਨਗੀ ਮੰਡਲ ਵੱਲੋਂ 26 ਦਸੰਬਰ ਨੂੰ ਆਲ ਇੰਡੀਆ ਸਮਤਾ ਸੈਨਿਕ ਦਲ ਦੇ ਸਮਾਗਮਾਂ ਦੌਰਾਨ ਜਾਰੀ ਕੀਤਾ ਗਿਆ। ਆਲ ਇੰਡੀਆ ਸਮਤਾ ਸੈਨਿਕ ਦਲ (ਰਜਿਸਟਰਡ) ਮੁੱਖ ਦਫਤਰ ਵੱਲੋਂ ਪ੍ਰਕਾਸ਼ਿਤ ਸੋਵੀਨਾਰ 'ਸੰਦੇਸ਼' ਵੀ ਰਿਲੀਜ਼ ਕੀਤਾ ਗਿਆ। ਜਸਵਿੰਦਰ ਵਰਿਆਣਾ ਨੇ ਕਿਹਾ ਕਿ ਸਮਤਾ ਸੈਨਿਕ ਦਲ ਇੱਕ ਗੈਰ ਸਿਆਸੀ, ਸੱਭਿਆਚਾਰਕ ਸੰਗਠਨ ਹੈ ਜਿਸ ਦੀ ਸਥਾਪਨਾ ਬਾਬਾ ਸਾਹਿਬ ਡਾ ਬੀਆਰ ਅੰਬੇਡਕਰ ਨੇ 13 ਮਾਰਚ 1927 ਨੂੰ ਕੀਤੀ ਸੀ। ਬਾਬਾ ਸਾਹਿਬ ਦੇ ਮਹਾਪਰਿਨਿਰਵਾਣ ਤੋਂ ਬਾਅਦ ਸਮਤਾ ਸੈਨਿਕ ਦਲ ਅਕਿ-ਰਆਸ਼ੀਲ ਹੋ ਗਿਆ।

ਸ਼੍ਰੀ ਐਲ ਆਰ ਬਾਲੀ ਸੰਪਾਦਕ ਭੀਮ ਪੱਤਰਿਕਾ, ਐਡਵੋਕੇਟ ਭਗਵਾਨ ਦਾਸ, ਹਰੀਸ਼ ਚਾਹੰਦੇ, ਧਰਮਦਾਸ ਚੰਦਨਖੇੜੇ ਅਤੇ ਨਾਗਪੁਰ (ਮਹਾਰਾਸ਼ਟਰ) ਦੇ ਹੋਰ ਸਾਥੀਆਂ ਨੇ ਸਾਲ 1978 ਵਿੱਚ ਸਮਤਾ ਸੈਨਿਕ ਦਲ ਨੂੰ ਮੁੜ ਸੁਰਜੀਤ ਕੀਤਾ




ਅਤੇ ਇਸਨੂੰ ਆਲ ਇੰਡੀਆ ਸਮਤਾ ਸੈਨਿਕ ਦਲ ਵਜੋਂ ਰਜਿਸਟਰ ਕਰਵਾਇਆ। ਆਲ ਇੰਡੀਆ ਸਮਤਾ ਸੈਨਿਕ ਦਲ ਦੇ ਬੈਨਰ ਹੇਠ ਉਨ੍ਹਾਂ ਨੇ ਮਹਾਰਾਸ਼ਟਰ ਸਰਕਾਰ ਨੂੰ ਬਾਬਾ ਸਾਹਿਬ ਡਾ: ਅੰਬੇਡਕਰ ਦੀਆਂ ਹੱਥ-ਲਿਖਤਾਂ 'ਡਾ ਬਾਬਾ ਸਾਹਿਬ ਅੰਬੇਡਕਰ ਰਾਈਟਿੰਗਜ਼ ਐਂਡ ਸਪੀਚਸ', ਸਿਰਲੇਖ ਹੇਠ ਛਾਪਣ ਲਈ ਮਜਬੂਰ ਕਰ ਦਿੱਤਾ। ਇਹ ਆਖਰਕਾਰ 22 ਜਿਲਦਾਂ ਵਿੱਚ ਪ੍ਰਕਾਸ਼ਿਤ ਹੋਈਆਂ ਹਨ। ਸਮਤਾ ਸੈਨਿਕ ਦਲ ਦਾ ਮੁੱਖ ਦਫਤਰ ਨਾਗਪੁਰ (ਮਹਾਰਾਸ਼ਟਰ) ਵਿੱਚ ਹੈ ਅਤੇ ਇਸਦਾ ਆਪਣਾ ਟ੍ਰੇਨਿੰਗ ਸੈਂਟਰ ਚਿਚੋਲੀ (ਨਾਗਪੁਰ) ਵਿੱਚ 3 ਏਕੜ ਜ਼ਮੀਨ ਵਿੱਚ ਫੈਲਿਆ ਹੋਇਆ ਹੈ।

ਜਿੱਥੇ ਨੌਜਵਾਨਾਂ (ਲੜਕੇ ਅਤੇ ਲੜਕੀਆਂ ਦੋਵੇਂ) ਨੂੰ ਸਰੀਰਕ, ਮਾਨਸਿਕ ਅਤੇ ਬੌਧਿਕ ਸਿਖਲਾਈ ਦਿੱਤੀ ਜਾਂਦੀ ਹੈ। ਸਮਤਾ ਸੈਨਿਕ ਦਲ ਦੇ ਨਵੇਂ ਅਹੁਦੇਦਾਰ ਅਤੇ ਕਾਰਜ ਕਾਰਨੀ ਕਮੇਟੀ ਦੇ ਮੈਂਬਰ ਹਰ ਦੋ ਸਾਲਾਂ ਬਾਅਦ ਲੋਕਤੰਤਰੀ ਢੰਗ ਨਾਲ ਚੁਣੇ ਜਾਂਦੇ ਹਨ। ਧੰਨਵਾਦ ਦਾ ਮਤਾ ਪਾਸ ਕਰਦੇ ਹੋਏ ਰਾਸ਼ਟਰੀ ਜਨਰਲ ਸਕੱਤਰ ਸ਼੍ਰੀ ਅਸ਼ੋਕ ਸ਼ੇਂਡੇ ਨੇ ਕਿਹਾ ਕਿ ਸਮਾਗਮ ਦੀ ਸਫਲਤਾ ਲਈ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ: ਸਹੀ ਸਥਾਨ ਦੇ ਨਾਲ ਸਟੇਸ਼ਨ ਦੀ ਚੋਣ ਕਰਨਾ, ਜਿੱਥੇ ਡੈਲੀਗੇਟ ਬਿਨਾਂ ਕਿਸੇ ਸਮੱਸਿਆ ਦੇ ਪਹੁੰਚ ਸਕਣ, ਸਹੀ ਪੰਡਾਲ ਅਤੇ ਦਰਸ਼ਕਾਂ ਦੀ ਇਮਾਨਦਾਰੀ। ਡੈਲੀਗੇਟਾਂ ਲਈ ਭੋਜਨ ਅਤੇ ਰਿਹਾਇਸ਼ ਦੇ ਪ੍ਰਬੰਧ, ਅਤੇ ਮਹਿਮਾਨ ਬੁਲਾਰਿਆਂ ਦੇ ਵਿਚਾਰ ਜੋ ਉਹ ਹਾਜ਼ਰੀਨ ਨੂੰ ਸਮਝਾਉਂਦੇ ਹਨ। ਜਸਵਿੰਦਰ ਵਰਿਆਣਾ ਨੇ ਕਿਹਾ ਕਿ ਅੰਬੇਡਕਰ ਦੀ ਵਿਚਾਰਧਾਰਾ ਹੀ ਦੇਸ਼ ਨੂੰ ਅੱਗੇ ਵਧਾ ਸਕਦੀ ਹੈ ਤੇ ਸਮਤਾ ਸੈਨਿਕ ਦਲ ਇਸ ਲਈ ਕਾਰਜਸ਼ੀਲ ਹੈ ।

# ਅਰਪਨ ਸੰਸਥਾ ਵੱਲੋਂ ਰਾਸ਼ਟਰੀ ਗਣਿਤ ਦਿਵਸ ਸੰਬੰਧੀ ਪ੍ਰੋਗਰਾਮ ਕਰਵਾਇਆ ਗਿਆ

ਅਰਪਨ ਸੰਸਥਾ ਵੱਲੋ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ, ਚੰਡੀਗੜ੍ਹ, ਨੈਸ਼ਨਲ ਕੌ ਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਕਮਿਊਨੀਕੇਸ਼ਨ ਡਿਪਾਰਟਮੈਂਟ ਆਫ ਸਾਇੰਸ ਐਂਡ ਟੈਕਨਾਲੋਜੀ, ਭਾਰਤ ਸਰਕਾਰ ਨਵੀਂ ਦਿੱਲੀ ਦੀ ਸਹਾਇਤਾ ਨਾਲ ਕਥੇੜਾ ਨੰਗਲ ਵਿੱਚ ਰਾਸ਼ਟਰੀ ਗਣਿਤ ਦਿਵਸ ਸੰਬੰਧੀ ਇਕ ਪ੍ਰੋਗਰਾਮ ਕਰਵਾਇਆ ਗਿਆ ਇਸ ਪ੍ਰੋਗਰਾਮ ਵਿਚ ਸਟੇਟ ਅਵਾਰਡੀ ਅਧਿਆਪਕ ਵਿਕਾਸ ਵਰਮਾ ਵਿਸ਼ੇਸ਼ ਤੌਰ ਤੇ ਪਹੁੰਚੇ ਅਤੇ ਹਾਜਰ ਬੱਚਿਆਂ ਨੂੰ ਗਣਿਤ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਉਹਨਾਂ ਨੇ ਗਣਿਤ ਨੂੰ ਪੜ੍ਹਣ ਸਿੱਖਣ ਅਤੇ ਅਤੇ ਸਮਝਣ ਲਈ ਸੌਖੇ ਤਰੀਕੇ ਸਮਝਾਏ ਉਹਨਾਂ ਨੇ ਪੜ੍ਹਾਈ ਨੂੰ ਦਿਲਚਸਪ ਬਣਾਉਣ ਸਬੰਧੀ ਵੱਖ ਵੱਖ ਤਰੀਕਿਆਂ ਬਾਰੇ ਜਾਣਕਾਰੀ ਦਿੱਤੀ। ਅਰਪਨ ਸੋਸਾਇਟੀ ਦੇ ਡਾਇਰੈਕਟਰ ਕੁਲਦੀਪ ਚੰਦ ਨੇ ਰਾਸ਼ਟਰੀ ਗਣਿਤ ਦਿਵਸ ਦੇ ਇਤਿਹਾਸ ਅਤੇ ਮਹੱਤਤਾ ਬਾਰੇ ਜਾਣੂ ਕਰਵਾਇਆ। ਉਨ੍ਹਾਂ ਨੇ ਗਣਿਤ ਵਿਗਿਆਨੀ ਸ੍ਰੀਨਿਵਾਸ ਰਾਮਾਨੁਜਨ ਦੇ ਸੰਘਰਸ਼ਮਈ ਜੀਵਨ ਅਤੇ ਗਣਿਤ ਸਬੰਧੀ ਕੀਤੀਆਂ ਪ੍ਰਾਪਤੀਆਂ ਅਤੇ ਖੋਜਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਰਾਮਾਨੁਜਨ ਨੇ 12 ਸਾਲ ਦੀ ਉਮਰ ਵਿੱਚ ਤ੍ਰਿਕੋਣਮਿਤੀ ਵਿੱਚ ਗਿਆਨ ਪ੍ਰਾਪਤ ਕੀਤਾ ਸੀ ਅਤੇ ਕਿਸੇ ਦੀ ਮਦਦ ਤੋਂ ਬਿਨਾਂ ਆਪਣੇ ਵਿਚਾਰ ਵਿਕਸਿਤ ਕੀਤੇ ਸਨ। ਇੱਕ ਵਾਰ ਇੱਕ ਅੰਗਰੇਜ਼ ਨੇ ਉਸ ਦੀਆਂ ਲਿੱਖਤਾਂ ਨੂੰ ਦੇਖਿਆ ਅਤੇ ਉਹ ਉਨ੍ਹਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਸ ਨੂੰ ਆਕਸਫੋਰਡ ਯੂਨੀਵਰਸਿਟੀ ਦੇ ਪ੍ਰੋਫੈਸਰ ਕੋਲ ਪੜ੍ਹਨ ਲਈ ਭੇਜਿਆ। ਫਿਰ ਉਸ ਨੇ ਆਪਣੇ ਅੰਦਰ ਛੁਪੀ ਪ੍ਰਤਿਭਾ ਨੂੰ ਪਛਾਣਿਆ ਅਤੇ ਉਸ ਤੋਂ ਬਾਅਦ ਉਸ ਨੂੰ ਵਿਸ਼ਵ ਭਰ ਵਿਚ ਪ੍ਰਸਿੱਧੀ ਮਿਲੀ। ਉਸ ਨੇ ਆਪਣੇ ਛੋਟੇ ਜੀਵਨ ਕਾਲ ਦੌਰਾਨ ਆਪਣੇ ਫਾਰਮੂਲਿਆਂ ਅਤੇ ਸਿਧਾਂਤਾਂ ਦੁਆਰਾ ਗਣਿਤ ਦੇ ਖੇਤਰ ਵਿੱਚ ਸ਼ਲਾਘਾਯੋਗ ਪ੍ਰਭਾਵ ਪਾਇਆ ਸੀ। ਇਸ ਮਹਾਨ ਗਣਿਤ-ਸ਼ਾਸਤਰੀ ਨੂੰ ਸ਼ਰਧਾਂਜਲੀ ਵਜੋਂ, ਨੈਸ਼ਨਲ ਕੌਂਸਲ ਆਫ਼ ਸਾਇੰਸ ਐਂਡ ਟੈਕਨਾਲੋਜੀ ਕਮਿਊਨੀਕੇਸ਼ਨ, ਵਿਗਿਆਨ ਅਤੇ ਤਕਨਾਲੋਜੀ ਵਿਭਾਗ, ਭਾਰਤ ਸਰਕਾਰ ਨੇ 2012 ਤੋਂ ਹਰ ਸਾਲ ਰਾਮਾਨੁਜਨ ਦੇ ਜਨਮ ਦਿਵਸ ਨੂੰ ਮਨਾਉਣ ਦਾ ਫੈਸਲਾ ਕੀਤਾ ਹੈ। ਰੋਟਰੀ ਕਲੱਬ ਦੇ ਸਾਬਕਾ ਅਸਿਸਟੈਂਟ ਗਵਰਨਰ







ਇੰਜਨੀਅਰ ਪਰਮਿੰਦਰ ਪਾਲ ਸੰਧੂ ਨੇ ਗਣਿਤ ਦੀ ਜੀਵਨ ਵਿੱਚ ਮਹੱਤਤਾ ਬਾਰੇ ਦੱਸਿਆ। ਉਨ੍ਹਾਂ ਨੇ ਦੱਸਿਆ ਕਿ ਸ਼੍ਰੀਨਿਵਾਸ ਰਾਮਾਨੁਜਨ ਵਰਗੇ ਕਈ ਮਹਾਨ ਗਣਿਤ ਵਿਗਿਆਨੀ ਭਾਰਤ ਦੀ ਧਰਤੀ ਤੇ ਹੀ ਪੈਦਾ ਹੋਏ ਹਨ ਜਿਨ੍ਹਾਂ ਨੇ ਗਣਿਤ ਦੇ ਕਈ ਫਾਰਮੂਲਿਆਂ ਅਤੇ ਸਿਧਾਂਤਾਂ ਨੂੰ ਵਿਕਸਤ ਕਰਨ ਅਤੇ ਉਹਨਾਂ ਨੂੰ ਅੱਗੇ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਹਰ ਸਾਲ 22 ਦਸੰਬਰ ਨੂੰ ਮਸ਼ਹੂਰ ਭਾਰਤੀ ਗਣਿਤ-ਸ਼ਾਸਤਰੀ ਸ਼੍ਰੀਨਿਵਾਸ ਰਾਮਾਨੁਜਨ ਦੀ ਜਨਮ ਮਿਤੀ ਨੂੰ ਰਾਸ਼ਟਰੀ ਗਣਿਤ ਦਿਵਸ ਵਜੋਂ ਮਨਾਇਆ ਜਾਂਦਾ ਹੈ। ਜੋਗਿੰਦਰ ਸਿੰਘ ਰਾਣਾ ਨੇ ਜੀਵਨ ਦੇ ਹਰ ਖੇਤਰ ਵਿਚ ਗਣਿਤ ਦੀ ਭੂਮਿਕਾ ਬਾਰੇ ਵਿਸਥਾਰ ਵਿੱਚ ਦੱਸਿਆ। ਉਹਨਾਂ ਨੇ ਦੱਸਿਆ ਕਿ ਭਾਰਤ ਨੇ ਵਿਸ਼ਵ ਭਰ ਵਿੱਚ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਬਹੁਤ ਮਹੱਤਵਪੂਰਨ ਯੋਗਦਾਨ ਪਾਇਆ ਹੈ। ਅਜਿਹੇ ਬਹੁਤ ਸਾਰੇ ਵਿਗਿਆਨੀ ਅਤੇ ਗਣਿਤ ਵਿਗਿਆਨੀ ਭਾਰਤ ਦੀ ਧਰਤੀ ਤੇ ਪੈਦਾ ਹੋਏ ਹਨ ਜਿਨ੍ਹਾਂ ਨੇ ਭਾਰਤ ਨੂੰ ਵਿਸ਼ਵ ਪੱਧਰ ਤੇ ਨਵੀਂ ਉਚਾਈ ਤੇ ਲਿਜਾਣ ਦਾ ਕੰਮ ਕੀਤਾ ਹੈ। ਭਾਰਤ ਅਤੇ ਗਣਿਤ ਦਾ ਰਿਸ਼ਤਾ ਪ੍ਰਾਚੀਨ ਕਾਲ ਤੋĐ ਹੀ ਬਹੁਤ ਅਟੁੱਟ ਰਿਹਾ ਹੈ ਕਿਉĐਕਿ ਭਾਰਤ ਇੱਕ ਅਜਿਹਾ ਦੇਸ਼ ਹੈ ਜਿਸ ਨੇ ਪੂਰੀ ਦੁਨੀਆ ਨੂੰ ਗਣਿਤ ਦੀਆਂ ਸਭ ਤੋਂ ਮਹੱਤਵਪੂਰਨ ਸੱਖਿਆਵਾਂ ਜਿਵੇਂ ਜ਼ੀਰੋ, ਨੈਗੇਟਿਵ ਨੰਬਰ, ਡੈਸੀਮਲ ਸਿਸਟਮ, ਅਲਜਬਰਾ ਆਦਿ ਬਾਰੇ ਜਾਣੂ ਕਰਵਾਇਆ ਸੀ। ਮੈਡਮ ਰੁਪਾਲੀ ਅਤੇ ਮੋਨਿਕਾ ਨੇ ਅਰਪਨ ਸੰਸਥਾ ਵੱਲੋਂ ਮਹਿਲਾਵਾਂ ਅਤੇ ਬੱਚਿਆਂ ਦੇ ਵਿਕਾਸ ਲਈ ਚਲਾਏ ਜਾ ਰਹੇ ਪ੍ਰੋਗਰਾਮਾਂ ਬਾਰੇ ਵਿਸਥਾਰ ਵਿੱਚ ਦੱਸਿਆ।

ਇਸ ਮੌਕੇ ਭੀਮ ਆਰਮੀ ਆਗੂ ਅਸ਼ਵਨੀ ਦਘੌੜ ਨੇ ਸਿੱਖਿਆ ਅਤੇ ਗਣਿਤ ਦੀ ਮਨੁੱਖੀ ਜੀਵਨ ਵਿੱਚ ਮਹੱਤਤਾ ਸਬੰਧੀ ਬੱਚਿਆਂ ਨੂੰ ਪ੍ਰੇਰਤ ਕੀਤਾ। ਇਸ ਮੌਕੇ ਹਾਜ਼ਰ ਬੱਚਿਆਂ ਨੂੰ ਸਟੇਸ਼ਨਰੀ ਦਾ ਸਮਾਨ ਦਿੱਤਾ ਗਿਆ। ਇਸ ਮੌਕੇ ਡਾਕਟਰ ਜੇ ਐੱਸ ਕਹਿਲ, ਰਾਕੇਸ਼ ਬਖਸ਼ੀ, ਪਵਨ ਕੁਮਾਰ, ਅਵਤਾਰ ਪਵਾਰ, ਜਸਪਾਲ, ਅਧਿਆਪਕਾ ਨੀਰਜ ਬਾਲਾ, ਵਿਦਿਆਰਥੀ ਰੇਨੂਕਾ, ਅਨਾਮਿਕਾ, ਕਵਿਤਾ, ਤਨੀਸ਼ਾ, ਰੀਤੂ, ਰਾਹੁਲ, ਅਮਨ, ਜਸ਼ਨ, ਕੋਮਲ, ਸ਼ਿਵ, ਸੁਵਾਂਸ਼, ਤਨਵੀ, ਅੰਕਿਤਾ ਆਦਿ ਹਾਜ਼ਰ ਸਨ। ਇਨ੍ਹਾਂ ਵਿਦਿਆਰਥੀਆਂ ਨੇ ਦੱਸਿਆ ਕਿ ਅੱਜ ਦੇ ਇਸ ਪ੍ਰੋਗਰਾਮ ਵਿੱਚ ਉਨ੍ਹਾਂ ਨੂੰ ਕਾਫੀ ਮਹੱਤਵਪੂਰਨ ਜਾਣਕਾਰੀ ਹਾਸਲ ਹੋਈ ਹੈ।

**- ਕੁਲਦੀਪ ਚੰਦ (ਨੰਗਲ)**

# ਮਹਾਂ ਪੰਜਾਬ ਸਾਹਿਤ ਸਭਾ ਬਠਿੰਡਾ ਦਾ ਹੋਇਆ ਗਠਨ

ਗੁਰੂ ਕਾਸ਼ੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਮਹਾਂ ਪੰਜਾਬ ਸਾਹਿਤ ਸਭਾ ਬਠਿੰਡਾ ਦਾ ਗਠਨ ਹੋਇਆ। ਜਿਸ ਵਿੱਚ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਸਾਹਿਤਕਾਰਾਂ ਨੇ ਸ਼ਿਰਕਤ ਕੀਤੀ । ਤਖਤ ਸ੍ਰੀ ਦਮਦਮਾ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਕੀਰਤਪੁਰੀ ਸਭਾ ਦੀ ਚੜ੍ਹਦੀ ਕਲਾ ਦੀ ਅਰਦਾਸ ਕੀਤੀ ,ਉਪਰੰਤ ਲਿਖਣ ਸਰ ਵਿਖੇ ਪੈਂਤੀ ਅੱਖਰੀ ਲਿਖੀ । ਮਾਨਸਾ ਦੇ ਨਾਮੀ ਸਾਹਿਤਕਾਰ ਬਲਬੰਤ ਭਾਟੀਆ ਐਡਵੋਕੇਟ ਦੀ ਸਰਪ੍ਰਸਤੀ ਹੇਠ ਸਭਾ ਦੀ ਚੋਣ ਹੋਈ । ਜਿਸ ਵਿੱਚ ਬਠਿੰਡਾ ਦੇ ਸੀਨੀਅਰ ਪੱਤਰਕਾਰ ਨਿਰੰਜਣ ਸਿੰਘ ਪ੍ਰੇਮੀ ਨੂੰ ਪ੍ਰਧਾਨ , ਸ੍ਰੀ ਅੰਮ੍ਰਿਤਸਰ ਸਾਹਿਬ ਸਾਹਿਬ ਗਗਨ ਸਿੰਘ। ਖਾਲਸਾ ਨੂੰ ਜਰਨਲ ਸਕੱਤਰ। ਗੁਰਦਾਸਪੁਰ ਜ਼ਿਲ੍ਹੇ ਦੇ ਕਾਵਿ ਸਾਂਝਾ ਮੈਗਜ਼ੀਨ ਦੇ ਸੰਪਾਦਕ ਰਾਜ ਸਿੰਘ ਰਾਜ ਕਲਾਨੌਰ ਨੂੰ ਸੀ ਮੀਤ ਪ੍ਰਧਾਨ , ਬਠਿੰਡਾ ਦੇ ਭੋਲਾ ਸਿੰਘ ਸ਼ਮੀਰੀਆ ਨੂੰ ਵਿੱਤ



ਸਕੱਤਰ, ਸੀਨੀਅਰ ਪੱਤਰਕਾਰ ਸੁਰਿੰਦਰ ਪਾਲ ਸਿੰਘ ਕਾਲਿਆਂ ਵਾਲੀ ਹਰਿਆਣਾ ਨੂੰ ਪ੍ਰੈਸ ਸਕੱਤਰ, ਡਾ ਸਿਕੰਦਰ ਸਿੰਘ ਸਿੱਧੂ ਤਿਲੋਕੇ ਵਾਲਾ ( ਹਰਿਆਣਾ ) ਹਰਗੋਬਿੰਦ ਸਿੰਘ ਦੇਸੂ ਮਲਕਾਣਾ (ਹਰਿਆਣਾ) ਪੰਜਾਬੀ ਵਰਲਡ ਟਾਇਮਜ ਅਤੇ ਪੰਜਾਬੀ ਸੱਥ ਮੈਲਬੌਰਨ ਦੀ ਹੋਸਟ ਰਾਜਨਦੀਪ ਕੌਰ ਮਾਨ ਤੇ ਆਧਾਰਿਤ ਮੀਡੀਆ ਟੀਮ। ਬੀਬਾ ਨਵਜੋਤ ਕੌਰ ਸਿੱਧੂ ਤਿਲੋਕੇ ਵਾਲਾ ਬਠਿੰਡਾ ਅਤੇਹਿਮਾਚਲ ਦੇ ਵਰੁਣ ਸ਼ਰਮਾ ਨੂੰ ਕਾਰਜਕਾਰੀ ਮੈਂਬਰ ਚੁਣਿਆ ਗਿਆ।

ਉੱਘੀ ਸ਼ਾਇਰਾ ਤੇ ਜਰਨਲਿਜਮ ਦੀ ਪ੍ਰੋਫੈਸਰ ਡਾ, ਸਿਮਰਨ ਅਕਸ ਬਰਨਾਲਾ ਅਮਨ ਦੀਪ ਕੌਰ ਮਾਨ ਬਠਿੰਡਾ, ਲੁਧਿਆਣਾ ਤੋਂ ਜੋਗਿੰਦਰ ਕੌਰ ਨਿੱਜੀ ਕਾਰਨਾ ਕਰ ਮੀਟਿੰਗ ਵਿੱਚ ਪਹੁੰਚ ਨਹੀਂ ਸਕੀਆਂ ਪ੍ਰੰਤੂ ਆਪਣੀ ਸਹਿਮਤੀ ਭੇਜ ਦਿੱਤੀ ਸੀ । ਕਾਰਵਾਈ ਦਾ ਸ਼ੁਭ ਆਰੰਭ ਸ਼ਹੀਦੀ ਹਫਤੇ ਦੇ ਸਮੂੰਹ ਸ਼ਹੀਦਾਂ ਅਤੇ ਸ਼ਹੀਦ ਕਿਸਾਨਾਂ ਨੂੰ ਸ਼ਰਧਾਂਜਲੀ ਭੇਟ ਕਰਕੇ ਕੀਤਾ ਗਿਆ। ਹਾਜਰ ਕਵੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕਰਕੇ ਸ਼ਾਨਦਾਰ ਕਵੀ ਦਰਬਾਰ ਸਜਾਇਆ। ਅਗਲਾ ਸਮਾਗਮ ਹਿਮਾਚਲ ਪ੍ਰਦੇਸ਼ ਵਿੱਚ ਕੀਤਾ ਜਾਵੇਗਾ।

# ਸੁਲਤਾਨ ਦੀ ਪਸੰਦ ਤੇ ਹੋਰ ਕਹਾਣੀਆਂ

**ਰੀਵਿਊਕਾਰ: ਡਾ.ਮਨਮੋਹਨ ਸਿੰਘ ਤੀਰ**
**ਮੂਲ :ਕਲਾ ਥਰੈਨੀ, ਅਨੁਵਾਦ: ਬਲਜਿੰਦਰ ਮਾਨ**
**ਪ੍ਰਕਤਾਸ਼ਕ: ਨੈਸ਼ਨਲ ਬੁਕ ਟਰੱਸਟ ਇੰਡੀਆ, ਨਵੀਂ ਦਿੱਲੀ,**
**ਮੁੱਲ:100/-,ਪੰਨੇ:50**

ਕਲਾ ਥੈਰਾਨੀ ਦਾ ਲਿਖੀ ਪੁਸਤਕ 'ਸੁਲਤਾਨ ਦੀ ਪਸੰਦ ਤੇ ਹੋਰ ਕਹਾਣੀਆਂ' ਜਿਸ ਦਾ ਬਲਜਿੰਦਰ ਮਾਨ ਨੇ ਪੰਜਾਬੀ ਵਿਚ ਅਨੁਵਾਦ ਕੀਤਾ ਹੈ ਤੇ ਨੈਸ਼ਨਲ ਬੁੱਕ ਟਰੱਸਟ ਵਲੋਂ ਬਹੁਤ ਹੀ ਖੂਬਸੂਰਤ ਤਸਵੀਰਾਂ ਨਾਲ ਸੰਜੋ ਕੇ ਪ੍ਰਕਾਸ਼ਿਤ ਕੀਤੀ ਹੈ।ਇਸ ਪੁਸਤਕ ਵਿਚ ਵੱਖ ਵੱਖ ਮੁਲਕਾਂ ਦੀਆਂ ਕਹਾਣੀਆਂ ਉਥੋਂ ਦੇ ਸਭਿਆਚਾਰ ਨੂੰ ਉਜਾਗਰ ਕਰਦੀਆਂ ਤੇ ਉਥੋਂ ਦੇ ਲੋਕਾਂ ਦੇ ਜੀਵਨ ਦੀ ਝਲਕ ਪੇਸ਼ ਕਰਦੀਆਂ ਹਨ।ਵੱਖ ਵੱਖ ਕਲਾਕਾਰਾਂ ਵਲੋਂ ਬਣਾਈਆਂ ਤਸਵੀਰਾਂ ਕਹਾਣੀਆਂ ਦੀ ਜਿੰਦਜਾਨ ਹਨ। ਸੁਲਤਾਨ ਦੀ ਪਸੰਦ ਫਿਲਪੀਨ ਦੀ ਕਹਾਣੀ ਜਿਸ ਦਾ ਸੁਲਤਾਨ ਆਲਾਕਾਸ ਸੀ ਵਧਦੀ ਉਮਰ ਕਾਰਨ ਉਸ ਨੇ ਆਪਣੀ ਬੇਟੀ ਦੇ ਭਵਿੱਖ ਲਈ ਚਿੰਤਤ ਸੀ। ਉਹ ਉਸ ਲਈ ਯੋਗ ਵਰ ਦੀ ਤਲਾਸ਼ ਵਿਚ ਤਿੰਨ ਵੱਖ ਵੱਖ ਰਾਜਕੁਮਾਰਾਂ ਨੂੰ ਕੋਈ ਤੋਹਫਾ ਲਿਆਉਣ ਲਈ ਕਹਿੰਦਾ ਹੈ।ਰਾਜ ਕੁਮਾਰੀ ਲਈ ਇਕ ਰਾਜਕੁਮਾਰ ਦੁਰਲੱਭ ਨਗੀਨੇ ਹੀਰੇ ਪੰਨੇ ਲੈ ਕੇ ਹਾਜ਼ਰ ਹੁੰਦਾ ਹੈ। ਦੂਜਾ ਰਾਜ ਕੁਮਾਰ ਉਸ ਰਾਜ ਕੁਮਾਰੀ ਲਈ ਇਕ ਸ਼ਕਤੀਸ਼ਾਲੀ ਹਥਿਆਰ ਲੈ ਕੇ ਆਪਣੀ ਕਿਸਮਤ ਅਜ਼ਮਾਈ ਕਰਦਾ ਹੈ। ਤੀਜਾ ਰਾਜ ਕੁਮਾਰ ਕਹਿੰਦਾ ਹੈ ਕਿ ਉਹ ਉਸ ਲਈ ਕੋਈ ਤੋਹਫਾ ਨਹੀਂ ਲਿਆ ਸਕਿਆ ਕਿਉਂਕਿ ਉਹ ਕੁਝ ਦੁਖੀ ਲੋਕਾਂ ਦੀ ਸੇਵਾ ਵਿਚ ਜੁਟਿਆ ਰਿਹਾ।ਰਾਜੇ ਨੇ ਆਪਣੀ ਬੇਟੀ ਦਾ ਹੱਥ ਲੋਕਾਂ ਦੀ ਸੇਵਾ ਕਰਨ ਵਾਲੇ ਰਾਜ ਕੁਮਾਰ ਦੇ ਹੱਥ ਵਿਚ ਫੜਾ ਦਿੱਤਾ। ਧਨ ਦੀ ਸਾਰੰਗੀ ਇਕ ਚੀਨੀ ਕਹਾਣੀ ਹੈ ਜਿਸ ਵਿਚ ਸ਼ਾਹੂਕਾਰ ਚੇਨ ਪੋ ਸ਼ੇਰ ਜੋ ਬਹੁਤ ਅਮੀਰ ਵਿਅਕਤੀ ਸੀ ਨੂੰ ਸਾਰਾ ਸ਼ਹਿਰ ਜਾਣਦਾ ਸੀ। ਉਹ ਪੈਸੇ ਦੀ ਦੌੜ ਵਿਚ ਹੀ ਪਿਆ ਰਹਿੰਦਾ ਤੇ ਉਹ ਪ੍ਰੇਸ਼ਾਨ ਰਹਿੰਦਾ ਸੀ ਪਰ ਉਸਦਾ ਗੁਆਂਢੀ ਇਕ ਮਜ਼ਦੂਰ ਸੀ। ਉਹ ਥੋੜ੍ਹੀ ਕਮਾਈ ਵਿਚ ਹੀ ਖੁਸ਼ ਸੀ ਤੇ ਸੰਤੁਸ਼ਟ ਸੀ ਤੇ ਵਿਹਲੇ ਸਮੇਂ ਸਾਰੰਗੀ ਵਜਾ ਕੇ ਆਪਣਾ ਮਨ ਬਹਿਲਾਇਆ ਕਰਦਾ ਸੀ ਪਰ ਜਦੋਂ ਉਹ ਵੀ ਪੈਸੇ ਦੇ ਚੱਕਰ ਵਿਚ ਪੈ ਜਾਂਦਾ ਤਾਂ ਉਸ ਦੇ ਮਨ ਦਾ ਚੈਨ ਗਾਇਬ ਹੋ ਜਾਂਦਾ ਹੈ।




ਸੁਪਨੇ ਦਾ ਮਤਲਬ ਕਹਾਣੀ ਸ਼੍ਰੀ ਲੰਕਾ ਦੀ ਕਹਾਣੀ ਹੈ ਜੋ ਪਿੰਡ ਦੇ ਵਿਅਕਤੀ ਨੂੰ ਆਏ ਸੁਪਨੇ ਵਿਚ ਵੇਖੇ ਇਕ ਹਾਥੀ ਨੂੰ ਵੇਖ ਕੇ ਇਸ ਨੂੰ ਅਪਸ਼ਗਨ ਤਸੱਵਰ ਕਰਦੇ ਹੋਏ ਇਹ ਕਿਆਸ ਲਗਾ ਲੈਂਦੇ ਹਨ ਕਿ ਹੁਣ ਕੁਝ ਮਾੜਾ ਵਾਪਰਨ ਵਾਲਾ ਹੈ।ਇਹ ਖ਼ਬਰ ਇਕ ਤੋਂ ਬਾਅਦ ਦੂਜੇ ਕੋਨੇ ਤੇ ਫਿਰ ਹੌਲੀ ਹੌਲੀ ਸਾਰੇ ਪਿੰਡ ਵਿਚ ਫੈਲ ਜਾਂਦੀ ਹੈ ਤਾਂ ਉਹ ਸਾਰੇ ਪਰੇਸ਼ਾਨ ਹੋ ਜਾਂਦੇ ਹਨ।ਬਿਨਾਂ ਕਾਰਨ ਜਾਣਿਆਂ ਜਦੋਂ ਕੋਈ ਅਫਵਾਹ ਪਿੰਡ ਵਿਚ ਫੈਲ ਜਾਂਦਾ ਹੈ ਤਾਂ ਦੂਸਰੇ ਪਿੰਡ ਦਾ ਵਿਅਕਤੀ ਉਹਨਾਂ ਨੂੰ ਸਮਝਾਉਂਦਾ ਹੈ ਕਿ ਕੁਝ ਮਾੜਾ ਨਹੀਂ ਵਾਪਰਿਆ। ਕਹਾਣੀ ਵਿਚ ਦੀ ਘਟਨਾ ਬਹੁਤੀ ਯਥਾਰਥਰ ਪ੍ਰਤੀਤ ਨਹੀਂ ਹੁੰਦੀ।ਚਾਹ ਦੀ ਪਿਆਲੀ ਵਿਚ ਤੂਫਾਨ ਥਾਈਲੈਂਡ ਦੀ ਕਹਾਣੀ ਹੈ ਜੋ ਬਿਨਾਂ ਸੋਚੇ ਸਮਝੇ ਅਸਲੀਅਤ ਜਾਣੇ ਦੋ ਗੁਰੁੱਪਾਂ ਵਿਚ ਹੋਏ ਲੜਾਈ ਦੇ ਨਾਲ ਵਾਪਰੇ ਦੁਖਾਂਤ ਨੂੰ ਉਜਾਗਰ ਕਰਦੀ ਹੈ। ਅਸਲ ਵਿਚ ਕਿਸੇ ਨੂੰ ਪਤਾ ਨਹੀਂ ਸੀ ਕਿ ਸਾਰਾ ਝਗੜਾ ਸ਼ਹਿਦ ਦੀਆਂ ਮੱਖੀਆਂ ਤੋਂ ਸ਼ੁਰੂ ਹੋਇਆ ਸੀ ਜੋ ਚਾਹ ਦੀ ਪਿਆਲੀ ਵਿਚ ਉਠੇ ਤੂਫਾਨ ਨਾਲ ਸਾਰੇ ਪਿੰਡ ਲਈ ਭਿਆਨਕ ਤਬਾਹੀ ਦਾ ਕਾਰਨ ਬਣ ਗਿਆ। ਪੁਸਤਕ ਦੇ ਅਖੀਰ ਵਿਚ ਲੇਖਕਾਂ ਬਾਰੇ ਦਿੱਤੀ ਜਾਣਕਾਰੀ ਪੁਸਤਕ ਨੂੰ ਪ੍ਰਭਾਵਸ਼ਾਲੀ ਬਣਾਉਂਦੀ ਹੈ। ਬਲਜਿੰਦਰ ਮਾਨ ਨੇ ਰੌਚਕ ਢੰਗ ਨਾ.ਲ ਕਹਾਣੀਆਂ ਦਾ ਅਨੁਵਾਦ ਕਰਕੇ,ਦਿਲਚਸਪ ਘਟਨਾਵਾਂ ਨਾਲ ਭਰਪੂਰ ਬਾਲ ਕਹਾਣੀ ਸੰਗ੍ਰਹਿ ਬਾਲ ਪਾਠਕਾਂ ਦੀ ਝੋ.ਲੀ ਵਿਚ ਪਾਇਆ ਹੈ। ਦੂਸਰੀਆਂ ਭਾਸ਼ਾਵਾਂ ਦੀਆਂ ਦਿਲਚਸਪ ਕਹਾਣੀਆਂ ਨੂੰ ਪੰਜਾਬੀ ਪਾਠਕਾਂ ਦੀ ਝੋਲੀ ਪਾ ਕੇ ਬਲਜਿੰਦਰ ਮਾਨ ਨੇ ਸ਼ਲਾਘਾਯੋਗ ਕੰਮ ਕੀਤਾ ਹੈ।

# ਕਾਂਗਰਸ ਦੀ ਅੰਦਰੂਨੀ ਲੜਾਈ ਤੋਂ ਕਾਂਗਰਸੀ ਵੀ ਦੁਖੀ

**ਚੰਡੀਗੜ੍ਹ -** ਪੰਜਾਬ ਕਾਂਗਰਸ 'ਚ ਚੱਲ ਰਹੇ ਅੰਦਰੂਨੀ ਕਲੇਸ਼ ਦੀ ਅੱਗ ਦੀ ਤਪਸ਼ ਹੁਣ ਉੱਤਰਾਖੰਡ 'ਚ ਵੀ ਵਿਖਾਈ ਦੇ ਰਹੀ ਹੈ। ਉੱਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਹਰੀਸ਼ ਰਾਵਤ ਵੱਲੋਂ ਵਿਦਰੋਹੀ ਰੁਖ ਅਪਣਾਉਣ ਤੇ ਕਾਂਗਰਸ ਦੇ ਸਾਂਸਦ ਤੇ ਸੀਨੀਅਰ ਨੇਤਾ ਮਨੀਸ਼ ਤਿਵਾੜੀ ਨੇ ਚੁਟਕੀ ਲਈ ਹੈ। ਮਨੀਸ਼ ਤਿਵਾੜੀ ਨੇ ਆਪਣੇ ਟਵਿੱਟਰ ਹੈਂਡਲ 'ਤੇ ਲਿਖਿਆ, 'ਪਹਿਲਾਂ ਅਸਾਮ, ਫਿਰ ਪੰਜਾਬ, ਹੁਣ ਉੱਤਰਾਖੰਡ... ਭੋਗ ਪੂਰਾ ਹੀ ਪਾਉਣਗੇ, ਕਸਰ ਨਾ ਰਹਿ ਜਾਵੇ ਕੋਈ।' ਅਹਿਮ ਗੱਲ ਇਹ ਹੈ ਕਿ ਤਿਵਾੜੀ ਨੇ ਇਕ ਤੀਰ ਨਾਲ ਹੀ ਕਈ ਨਿਸ਼ਾਨੇ ਲਾਉਣ ਦੀ ਕੋਸ਼ਿਸ਼ ਕੀਤੀ ਹੈ। ਉੱਥੇ, ਰਾਵਤ ਦੇ ਵਿਦਰੋਹੀ ਤੇਵਰ 'ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪਹਿਲਾਂ ਹੀ ਕਹਿ ਚੁੱਕੇ ਹਨ ਕਿ 'ਤੁਸੀਂ ਜਿਹੋ-ਜਿਹਾ ਬੀਜੋਗੇ, ਉਹੋ-ਜਿਹਾ ਹੀ ਵੱਢੋਗੇ।' ਜ਼ਿਕਰਯੋਗ ਹੈ ਕਿ ਹਰੀਸ਼ ਰਾਵਤ ਨੇ ਕੱਲ੍ਹ ਇੰਟਰਨੈੱਟ ਮੀਡੀਆ 'ਤੇ ਇਕ ਪੋਸਟ ਪਾਈ ਸੀ। ਉਸ 'ਚ ਉਨ੍ਹਾਂ ਨੇ ਉੱਤਰਾਖੰਡ 'ਚ ਸੰਗਠਨ ਦਾ ਸਹਿਯੋਗ ਨਾ ਮਿਲਣ 'ਤੇ ਨਾਰਾਜ਼ਗੀ ਪ੍ਰਗਟ ਕੀਤੀ ਸੀ। ਰਾਵਤ ਦੀ ਇਹ ਪੋਸਟ ਪੰਜਾਬ 'ਚ ਖਾਸੀ ਚਰਚਿਤ ਹੋਈ ਹੈ, ਕਿਉਂਕਿ ਪੰਜਾਬ ਕਾਂਗਰਸ ਦੇ ਅੰਦਰੂਨੀ ਕਲੇਸ਼ ਦਾ 'ਜਨਮਦਾਤਾ' ਹਰੀਸ਼ ਰਾਵਤ ਨੂੰ ਹੀ ਮੰਨਿਆ ਜਾ ਰਿਹਾ ਹੈ। ਦਰਅਸਲ, ਹਰੀਸ਼ ਰਾਵਤ ਦੇ ਪੰਜਾਬ 'ਚ ਸੂਬਾ ਇੰਚਾਰਜ ਬਣ ਕੇ ਆਉਣ ਤੋਂਬਾਅਦ ਹੀ ਕਾਂਗਰਸ ਦਾ ਅੰਦਰੂਨੀ ਕਲੇਸ਼ ਸ਼ੁਰੂ ਹੋ ਗਿਆ। ਰਾਵਤ ਨੇ ਸਭ ਤੋਂ ਪਹਿਲਾਂ ਕੈਪਟਨ ਦੇ ਧੁਰ ਵਿਰੋਧੀ ਨਵਜੋਤ ਸਿੰਘ ਸਿੱਧੂ ਨੂੰ ਤਵੱਜੋਂ ਦਿੱਤੀ। ਸਿੱਧੂ ਦੇ ਸਰਗਰਮ ਹੋਣ ਤੋਂ ਬਾਅਦ ਕਾਂਗਰਸ ਦੇ ਮੰਤਰੀਆਂ ਅਤੇ ਵਿਧਾਇਕਾਂ ਦਾ ਇਕ ਦਲ ਕੈਪਟਨ ਖ਼ਿਲਾਫ਼ ਖੜ੍ਹਾ ਹੋ ਗਿਆ। ਕਾਂਗਰਸ ਦੇ ਮੰਤਰੀਆਂ ਤੇ ਵਿਧਾਇਕਾਂ ਨੇ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖ਼ਿਲਾਫ਼ ਬੇਭਰੋਸਗੀ ਪ੍ਰਗਟ ਕਰ ਦਿੱਤੀ। ਮੰਨਿਆ ਜਾ ਰਿਹਾ ਹੈ ਕਿ ਕੈਪਟਨ ਦੇ ਤਖਤਾ ਪਲਟ ਦੇ ਪਿੱਛੇ ਹਰੀਸ਼ ਰਾਵਤ ਦੀ ਬਹੁਤ ਵੱਡੀ ਭੂਮਿਕਾ ਸੀ। ਉੱਥੇ, ਕੈਪਟਨ ਦੇ ਤਖਤਾਪਲਟ ਤੋਂ ਬਾਅਦ ਰਾਵਤ ਨੇ ਕਾਂਗਰਸ ਇੰਚਾਰਜ ਦਾ ਅਹੁਦਾ ਵੀ ਛੱਡ ਦਿੱਤਾ, ਇਸ ਲਈ ਵੀ ਇਹ ਚਰਚਾ ਦਾ ਕੇਂਦਰ ਰਿਹਾ ਹੈ ਕਿ ਰਾਵਤ ਨੇ ਸਿਰਫ਼ ਕੈਪਟਨ ਦਾ ਤਖਤਾਪਲਟ ਲਈ ਹੀ ਪੰਜਾਬ ਦੇ ਇੰਚਾਰਜ ਅਹੁਦੇ ਦੀ ਭੂਮਿਕਾ ਨੂੰ ਸਵੀਕਾਰ ਕੀਤਾ ਸੀ। ਇਹੀ ਕਾਰਨ ਹੈ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ 'ਤੁਸੀਂ ਜਿਹੋ-ਜਿਹਾ ਬੀਜੋਗੇ, ਉਹੋ-ਜਿਹਾ ਹੀ ਵੱਢੋਗੇ।'

# ਪਵਿੱਤਰ ਤਪ ਸਥਾਨ ਵਿਚ ਇਸ਼ਨਾਨ ਕਰਨ ਨਾਲ ਦੂਰ ਹੁੰਦੇ ਹਨ ਚਮੜੀ ਰੋਗ

## ਚਰਨਛੋਹ ਗੰਗਾ ਖੁਰਾਲਗੜ੍ਹ ਸਾਹਿਬ ਵਿਚ ਗੁਰੂ ਰਵਿਦਾਸ ਮਹਾਰਾਜ ਨੇ ਕੀਤਾ ਸੀ ਤਪ

**ਗੁਰਦੇਵ ਕੁਮਾਰ**

ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਭਾਰਤ ਦੇ ਉਹਨਾਂ ਮਹਾਂਪੁਰਸ਼ਾਂ ਵਿਚੋਂ ਇਕ ਹੈ, ਜਿਹਨਾਂ ਨੇ ਆਪਣੇ ਅਧਿਆਤਮਕ ਵਚਨਾਂ ਨਾਲ ਸਾਰੇ ਸੰਸਾਰ ਨੂੰ ਆਤਮ ਗਿਆਨ, ਏਕਤਾ ਅਤੇ ਭਾਈਚਾਰੇ 'ਤੇ ਜ਼ੋਰ ਦਿੱਤਾ। ਸ੍ਰੀ ਗੁਰੂ ਰਵਿਦਾਸ ਜੀ ਤੋਂ ਪ੍ਰਭਾਵਿਤ ਹੋ ਕੇ ਕਈ ਰਾਜੇ ਉਹਨਾਂ ਦੀ ਸ਼ਰਨ ਵਿਚ ਆ ਕੇ ਭਗਤੀ ਮਾਰਗ ਨਾਲ ਜੁੜੇ। ਗੁਰੂ ਮਹਾਰਾਜ ਨੇ ਜੀਵਨ ਭਰ ਸਮਾਜ ਵਿਚ ਫੈਲੀਆਂ ਕੁਰੀਤੀਆਂ ਜਿਵੇਂ ਜਾਤ-ਪਾਤ ਨੂੰ ਖਤਮ ਕਰਨ ਲਈ ਕੰਮ ਕੀਤਾ।


ਖੁਰਾਲਗੜ੍ਹ ਸਾਹਿਬ ਵਿਚ ਸੁਸ਼ੋਭਿਤ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਮੂਰਤੀ।


ਟਾਹਲੀਵਾਲ (ਊਨਾ) ਬਾਥੜੀ ਦੇ ਨੇੜੇ ਹਰੀਆਂ-ਭਰੀਆਂ ਪਹਾੜੀਆਂ ਵਿਚਕਾਰ ਸੂਈਆਂ ਖੱਡ ਦੇ ਕਿਨਾਰੇ ਸਥਿਤ ਤਪ ਸਥਾਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਇਤਿਹਾਸਕ ਸਥਾਨ ਚਰਨਛੋਹ ਗੰਗਾ ਖੁਰਾਲਗੜ੍ਹ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਖੁਰਾਲਗੜ੍ਹ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਚਰਨਛੋਹ ਭੂਮੀ ਹੈ। ਇਸ ਸਥਾਨ 'ਤੇ ਗੁਰੂ ਮਹਾਰਾਜ ਨੇ ਤਪ ਕੀਤਾ ਸੀ। ਆਲ ਇੰਡੀਆ ਆਦਿਧਰਮ ਮਿਸ਼ਨ ਪ੍ਰਬੰਧਕ ਕਮੇਟੀ ਦੇ ਸਕੱਤਰ ਬਲਬੀਰ ਧਾਂਦਰਾ ਨੇ ਦੱਸਿਆ ਕਿ 1515 ਵਿਚ ਗੁਰੂ ਮਹਾਰਾਜ ਇਸ ਸਥਾਨ 'ਤੇ ਆਏ ਸਨ ਅਤੇ ਚਾਰ ਸਾਲ ਦੋ ਮਹੀਨੇ 11 ਦਿਨ ਇਸ ਸਥਾਨ 'ਤੇ ਬਤੀਤ ਕੀਤੇ ਸਨ। ਕਾਸ਼ੀ ਤੋਂ ਲੁਧਿਆਣਾ ਦੇ ਰਸਤੇ ਪੈਦਲ ਸ੍ਰੀ ਗੁਰੂ ਮਹਾਰਾਜ ਇਸ ਸਥਾਨ 'ਤੇ ਪਹੁੰਚੇ ਸਨ। ਉਸ ਵਕਤ ਵੈਨ ਸਹ ਇਸ ਸਥਾਨ ਦਾ ਰਾਜਾ ਸੀ। ਗੁਰੂ ਰਵਿਦਾਸ ਦੀ ਮਹਿਮਾ ਨੂੰ ਵਧਦਾ ਦੇਖ ਕੇ ਰਾਜਾ ਉਹਨਾਂ ਨਾਲ ਈਰਖਾ ਕਰਨ ਲੱਗਿਆ। ਰਾਜਾ ਨੇ ਗੁਰੂ ਜੀ ਨੂੰ ਆਟਾ ਪੀਹਣ ਵਾਲੀ ਚੱਕੀ ਚਲਾਉਣ ਦੀ ਸਜ਼ਾ ਦੇ ਦਿੱਤੀ। ਗੁਰੂ ਜੀ ਅੰਤਰ ਧਿਆਨ ਹੋ ਕੇ ਪ੍ਰਭੂ ਭਗਤੀ ਵਿਚ ਲੀਨ ਹੋ ਗਏ ਅਤੇ ਚੱਕੀ ਆਪਣੇ ਆਪ ਚੱਲਣ ਲੱਗੀ। ਇਹ ਦੇਖ ਕੇ ਸਾਰੇ ਲੋਕ ਹੈਰਾਨ ਹੋ ਗਏ ਅਤੇ ਰਾਜਾ ਵੀ ਬਹੁਤ ਪ੍ਰਭਾਵਿਤ ਹੋਇਆ ਅਤੇ ਗੁਰੂ ਜੀ ਦੀ ਸ਼ਰਨ ਵਿਚ ਆ ਗਿਆ।

**ਪਾਣੀ ਲਈ ਕੀਤੀ ਸੀ ਪ੍ਰਾਰਥਨਾ**

ਰਾਜਾ ਵੈਨ ਸਹਿ ਅਤੇ ਖੇਤਰ ਦੀ ਜਨਤਾ ਨੇ ਗੁਰੂ ਜੀ ਤੋਂ ਪਾਣੀ ਦੀ ਕਮੀ ਦੂਰ ਕਰਨ ਦੀ ਪ੍ਰਾਰਥਨਾ ਕੀਤੀ ਸੀ। ਗੁਰੂ ਮਹਾਰਾਜ ਨੇ ਸੰਗਤ 'ਤੇ ਕਿਰਪਾ ਕਰਦੇ ਹੋਏ ਉਸ ਜਗ੍ਹਾ ਤੇ ਪਏ ਪੱਥਰ ਨੂੰ ਰਾਜਾ ਨੂੰ ਹਟਾਉਣ ਲਈ ਕਿਹਾ। ਉਸ ਪੱਧਰ ਨੂੰ ਹਟਾਉਣ ਵਿਚ ਰਾਜਾ ਅਸਮਰੱਥ ਰਹੇ।


ਗੁਰੂ ਜੀ ਨੇ ਅੱਗੇ ਵੱਧ ਕੇ ਸੱਜੇ ਪੈਰ ਦੇ ਅੰਗੂਠੇ ਨਾਲ ਪੱਥਰ ਨੂੰ ਛੋਹਿਆ ਅਤੇ ਪੱਥਰ ਨੇ ਆਪਣੀ ਜਗ੍ਹਾ ਛੱਡ ਦਿੱਤੀ ਅਤੇ ਉਸ ਜਗ੍ਹਾ ਤੋਂ ਗੰਗਾ ਦੇ ਬੁਲਬੁਲੇ ਨਿਕਲਣੇ ਆਰੰਭ ਹੋ ਗਏ, ਜਿਸਨੂੰ ਚਰਨਛੋਹ ਗੰਗਾ ਨਾਲ ਜਾਣਿਆ ਜਾਂਦਾ ਹੈ। ਇੱਥੇ 24 ਘੰਟੇ ਨਿਰਵਿਘਨ ਗੰਗਾ ਜਲ ਵਹਿੰਦਾ ਹੈ।

ਖਾਸ ਗੱਲ ਇਹ ਹੈ ਕਿ ਇਹ ਜਲ 200 ਮੀਟਰ ਅੰਦਰ ਧਰਤੀ ਤੋਂ ਨਿਕਲਦਾ ਹੈ ਅਤੇ ਇੰਨੀ ਹੀ ਥਾਂ ਤੇ ਲੁਪਤ ਹੋ ਜਾਂਦਾ ਹੈ। ਇਸਦੇ ਆਸ ਪਾਸ ਦੇ ਖੇਤਰ ਵਿਚ ਪਾਣੀ ਲੱਗਭੱਗ 1000 ਫੁੱਟ ਡੂੰਘਾਈ 'ਤੇ ਮਿਲਦਾ ਹੈ। ਇੱਥੇ ਸ਼ਰਧਾਲੂਆਂ ਦੇ ਚਮੜੀ ਰੋਗ, ਪਸ਼ੂਆਂ ਦੇ ਰੋਗ ਅਤੇ ਹੋਰ ਬਿਮਾਰੀਆਂ ਖਤਮ ਹੋ ਜਾਂਦੀਆਂ ਹਨ।


ਇਤਿਹਾਸਕ ਤਪ ਸਥਾਨ ਚਰਨਛੋਹ ਗੰਗਾ ਖੁਰਾਲਗੜ੍ਹ ਸਾਹਿਬ।

**ਧਾਰਮਿਕ ਸਥਾਨ 'ਤੇ ਮੌਜੂਦ ਹੈ ਚੱਕੀ**

ਇਸ ਧਾਰਮਿਕ ਸਥਾਨ 'ਤੇ ਉਹ ਆਟਾ ਪੀਹਣ ਵਾਲੀ ਚੱਕੀ ਵੀ ਮੌਜੂਦ ਹੈ, ਜਿਸਨੂੰ ਸ੍ਰੀ ਗੁਰੂ ਰਵਿਦਾਸ ਜੀ ਨੇ ਰਾਜਾ ਦੇ ਆਦੇਸ਼ 'ਤੇ ਸਜ਼ਾ ਪ੍ਰਾਪਤ ਕਰਨ ਤੋਂ ਬਾਅਦ ਸਵਾ ਸਾਲ ਪ੍ਰਯੋਗ ਕੀਤਾ ਸੀ। ਇਸ ਇਤਿਹਾਸਕ ਸਥਾਨ ਦੀ ਪ੍ਰਸਿੱਧੀ ਇੰਨੀ ਹੈ ਕਿ ਰੋਜ਼ਾਨਾ ਸੈਂਕੜੇ ਸ਼ਰਧਾਲੂ ਇੱਥੇ ਨਤਮਸਤਕ ਹੋਣ ਆਉਂਦੇ ਹਨ।



**ਬੋਲਣ ਵਿਚ ਅਸਮਰੱਥ ਵਿਅਕਤੀ ਠੀਕ ਹੋਇਆ**

ਮਾਹਿਲਪੁਰ ਗੜ੍ਹਸ਼ੰਕਰ ਦਾ ਸੁਨੀਲ ਜੱਸੀ ਬੋਲਣ ਵਿਚ ਅਸਮਰੱਥ ਸੀ। ਇਕ ਦਿਨ ਸੱਜਣ ਸੁਨੀਲ ਨੂੰ ਗੰਗਾ ਖੁਰਾਲਗੜ੍ਹ ਸਾਹਿਬ ਦਰਸ਼ਨ ਕਰਨ ਦੇ ਲਈ ਲੈ ਆਏ। ਪਵਿੱਤਰ ਸਥਾਨ ਚਰਨਛੋਹ ਗੰਗਾ ਵਿਚ ਕੁਝ ਦਿਨ ਨਹਾਉਣ ਤੋਂ ਬਾਅਦ ਜਦੋਂ ਪੁਜਾਰੀ ਨੇ ਸੁਨੀਲ ਜੱਸੀ ਨੂੰ ਸੰਖ ਵਜਾਉਣ ਲਈ ਕਿਹਾ ਤਾਂ ਉਹਨਾਂ ਨੇ ਸੰਖ ਵਜਾਇਆ ਅਤੇ ਬੋਲਣ ਵੀ ਲੱਗਿਆ।

**ਨਹੀਂ ਲੱਗਿਆ ਸੀ ਬਗੀਚੇ ਵਿਚ ਫਲ**

ਖੇਤਰ ਦੇ ਇਕ ਵਿਅਕਤੀ ਨੇ ਬਗੀਚਾ ਲਗਾਇਆ ਸੀ। ਪਾਣੀ ਦੀ ਕਿੱਲਤ ਨੂੰ ਦੇਖਦੇ ਹੋਏ ਉਸ ਵਿਅਕਤੀ ਨੇ ਚਰਨਛੋਹ ਗੰਗਾ ਦਾ ਪਾਣੀ ਚੋਰੀ ਕਰਕੇ ਬਗੀਚੇ ਵਿਚ ਲਗਾਉਣਾ ਆਰੰਭ ਕਰ ਦਿੱਤਾ। ਜਦੋਂ ਪੌਦੇ ਵੱਡੇ ਹੋਏ ਤਾਂ ਉਹਨਾਂ 'ਤੇ ਕਦੀ ਫਲ ਨਹੀਂ ਲੱਗਿਆ।

ਉਹ ਵਿਅਕਤੀ ਭਲੀ-ਭਾਂਤ ਸਮਝ ਗਿਆ ਕਿ ਉਸਨੇ ਚਰਨਛੋਹ ਗੰਗਾ ਦਾ ਪਾਣੀ ਚੋਰੀ ਕਰਕੇ ਲਗਾਇਆ ਸੀ, ਜਿਸ ਨਾਲ ਬਗੀਚੇ ਵਿਚ ਫਲ ਨਹੀਂ ਲੱਗੇ। ਉਸਨੇ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਦਰਬਾਰ ਵਿਚ ਆ ਕੇ ਨਤਮਸਤਕ ਹੋ ਕੇ ਮਾਫੀ ਮੰਗੀ ਅਤੇ ਬਗੀਚੇ ਨੂੰ ਕਟਵਾ ਕੇ ਸਾਰੀ ਲੱਕੜੀ ਲੰਗਰ ਦੇ ਲਈ ਦਾਨ ਵਿਚ ਦੇ ਕੇ ਆਪਣੀ ਭੁੱਲ ਦਾ ਸੁਧਾਰ ਕੀਤਾ।

# ਸ਼ੇਖਾਵਤ ਨੇ ਗਠਜੋੜ ਨੂੰ ਲੈ ਕੇ ਕੀਤਾ ਵੱਡਾ ਐਲਾਨ

**ਨਵੀਂ ਦਿੱਲੀ** – ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸੋਮਵਾਰ ਨੂੰ ਨਵੀਂ ਦਿੱਲੀ ਵਿਖੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਰਿਹਾਇਸ਼ 'ਤੇ ਪੰਜਾਬ ਦੀਆਂ ਆਗਾਮੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਅਹਿਮ ਮੀਟਿੰਗ ਲਈ ਪਹੁੰਚੇ। ਮੀਟਿੰਗ ਵਿੱਚ ਭਾਜਪਾ ਦੇ ਪੰਜਾਬ ਚੋਣਾਂ ਦੇ ਇੰਚਾਰਜ ਗਜੇਂਦਰ ਸ਼ੇਖਾਵਤ ਅਤੇ ਕੈਪਟਨ ਦੇ ਸਾਬਕਾ ਸਲਾਹਕਾਰ ਸ਼ੇਰਗਿੱਲ ਮੌਜੂਦ ਸਨ। ਭਾਜਪਾ ਆਗੂ ਗਜੇਂਦਰ ਸ਼ੇਖਾਵਤ ਨੇ ਕਿਹਾ ਕਿ ਅਗਾਮੀ ਵਿਧਾਨ ਸਭਾ ਚੋਣਾਂ ਕੈਪਟਨ ਅਮਰਿੰਦਰ ਸਿੰਘ, ਸੁਖਦੇਵ ਸਿੰਘ ਢੀਂਡਸਾ ਅਤੇ ਭਾਜਪਾ ਮਿਲ ਕੇ ਲੜਨਗੇ। ਸ਼ੇਖਾਵਤ ਨੇ ਕਿਹਾ ਕਿ ਸੀਟਾਂ ਦੀ ਵੰਡ ਨੂੰ ਲੈ ਕੇ ਤਿੰਨੋਂ ਪਾਰਟੀਆਂ ਦੀ ਇੱਕ ਸਾਂਝੀ ਕਮੇਟੀ ਬਣਾਈ ਜਾਵੇਗੀ।



ਉਸ ਤੋਂ ਬਾਅਦ ਸੀਟਾਂ ਦਾ ਫਾਰਮੂਲਾ ਤੈਅ ਕੀਤਾ ਜਾਵੇਗਾ। ਭਾਜਪਾ, ਪੰਜਾਬ ਲੋਕ ਕਾਂਗਰਸ ਅਤੇ ਸੰਯੁਕਤ ਸ਼੍ਰੋਮਣੀ ਅਕਾਲੀ ਦਲ ਯਾਨੀ ਤਿੰਨਾਂ ਪਾਰਟੀਆਂ ਦਾ ਸਾਂਝਾ ਚੋਣ ਮੈਨੀਫੈਸਟੋ ਹੋਵੇਗਾ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪੰਜਾਬ ਵਿਚਕਾਰ ਸੀਟਾਂ ਦੀ ਸੰਭਾਵੀ ਵੰਡ ਨੂੰ ਲੈ ਕੇ ਅਟਕਲਾਂ ਦੇ ਵਿਚਕਾਰ ਦਿਨ ਵਿੱਚ ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਜੇਪੀ ਨੱਡਾ ਨੂੰ ਵੀ ਮਿਲਣ ਦੀ ਸੰਭਾਵਨਾ ਹੈ।

ਕੈਪਟਨ ਅਮਰਿੰਦਰ ਸਿੰਘ, ਜਿਨ੍ਹਾਂ ਨੇ ਕਾਂਗਰਸ ਨਾਲ ਵੱਖ ਹੋਣ ਅਤੇ ਮੁੱਖ ਮੰਤਰੀ ਦਾ ਅਹੁਦਾ ਛੱਡਣ ਤੋਂ ਬਾਅਦ ਪੰਜਾਬ ਲੋਕ ਕਾਂਗਰਸ ਦੀ ਸਥਾਪਨਾ ਕੀਤੀ, ਨੇ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਸਾਰੀਆਂ 117 ਸੀਟਾਂ 'ਤੇ ਚੋਣ ਲੜਨ ਦੇ ਇਰਾਦੇ ਦਾ ਸੰਕੇਤ ਦਿੱਤਾ ਹੈ।ਉਂਜ, ਉਨ੍ਹਾਂ ਦੋ ਹਫ਼ਤੇ ਪਹਿਲਾਂ ਭਾਜਪਾ ਅਤੇ ਸੁਖਦੇਵ ਸਿੰਘ ਢੀਂਡਸਾ ਦੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਨਾਲ ਗਠਜੋੜ ਕਰਨ ਦਾ ਫ਼ੈਸਲਾ ਸਿਧਾਂਤਕ ਤੌਰ 'ਤੇ ਲੈ ਲਿਆ ਗਿਆ ਹੈ ਅਤੇ ਸੀਟ ਐਡਜਸਟ-ਮੈਂਟ ਦਾ ਐਲਾਨ ਜਲਦੀ ਹੀ ਕਰ ਦਿੱਤਾ ਜਾਵੇਗਾ।

# ਕਾਂਗਰਸ ਦੇ ਡੁੱਬਦੇ ਜਹਾਜ਼ ਦੇ ਕਪਤਾਨ ਹਨ ਸਿੱਧੂ ਤੇ ਚੰਨੀ-ਸੁਖਬੀਰ ਬਾਦਲ

**ਕਾਹਨੂੰਵਾਨ** – ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਪੰਜਾਬ ਸੁਖਬੀਰ ਸਿੰਘ ਬਾਦਲ ਨੇ ਜ਼ਿਲ੍ਹਾ ਗੁਰਦਾਸਪੁਰ ਦੇ ਹਲਕਿਆਂ ਵਿਚ ਜਿੱਥੇ ਚੋਣ ਮੀਟਿੰਗਾਂ ਵਿਚ ਹਾਜ਼ਰੀ ਭਰੀ ਉਥੇ ਆਪਣੇ ਸੀਨੀਅਰ ਸਾਥੀਆਂ ਦੇ ਘਰਾਂ ਵਿਚ ਵੀ ਪੱਤਰਕਾਰਾਂ ਤੇ ਆਪਣੇ ਵਰਕਰਾਂ ਤੇ ਆਗੂਆਂ ਨਾਲ ਵਿਚਾਰ ਵਟਾਂਦਰੇ ਕੀਤੇ। ਇਸ ਮੌਕੇ ਉਨ੍ਹਾਂ ਨੇ ਸਾਬਕਾ ਜ਼ਿਲ੍ਹਾ ਪ੍ਰਧਾਨ ਯੂਥ ਅਕਾਲੀ ਦਲ ਪਰਮਵੀਰ ਸਿੰਘ ਲਾਡੀ ਦੇ ਪਿੰਡ ਸੁੰਦੜਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਦੀ ਕਾਰਗੁਜ਼ਾਰੀ ਪੰਜ ਸਾਲਾਂ ਬਾਅਦ ਮਨਫੀ ਹੋ ਨਿੱਬੜੀ ਹੈ। ਉਨ੍ਹਾਂ ਨੇ ਕਿਹਾ ਕਿ ਕਾਂਗਰਸ ਇਸ ਵੇਲੇ ਡੁੱਬਦਾ ਜਹਾਜ਼ ਹੈ, ਜਿਸ ਦੇ ਵੱਡੇ ਲੀਡਰ ਕਾਂਗਰਸ ਨੂੰ ਛੱਡ ਕੇ ਹੋਰ ਪਾਰਟੀਆਂ ਵਿਚ ਜਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਇਸ ਵੇਲੇ ਕਾਂਗਰਸ ਦੇ ਜਹਾਜ਼ ਦੀ ਚਰਨਜੀਤ ਸਿੰਘ ਚੰਨੀ ਕਿਤੇ ਨਵਜੋਤ ਸਿੰਘ ਸਿੱਧੂ ਵਰਗੇ ਅਸਫਲ ਕਪਤਾਨ ਕਮਾਂਡ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਮੁਕਾਬਲਾ ਜਿਥੇ ਭਾਜਪਾ ਆਪ ਤੇ ਕਾਂਗਰਸ ਨਾਲ ਉਸ ਦੇ ਨਾਲ ਨਾਲ ਖੇਤਰੀ ਪਾਰਟੀਆਂ ਨਾਲ ਵੀ ਮੁਕਾਬਲਾ ਹੈ।ਉਨ੍ਹਾਂ ਕਿਹਾ ਕਿ ਇਸ ਮੁਕਾਬਲੇ ਵਿਚ ਸ਼੍ਰੋਮਣੀ ਅਕਾਲੀ ਦਲ ਵਿਰੋਧੀਆਂ ਦੇ ਮੁਕਾਬਲੇ ਚੋਣ ਮੁਹਿੰਮ ਵਿਚ ਅਤੇ ਪੰਜਾਬ ਵਿਚ ਲੋਕਪ੍ਰਿਅਤਾ ਦੇ ਵਿਚ ਕਾਫੀ ਅੱਗੇ ਹਨ। ਉਨ੍ਹਾਂ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਦਾ ਦਿਮਾਗੀ ਤਵਾਜ਼ਨ ਵਿਗੜ ਚੁੱਕਾ ਹੈ ਇਸ ਲਈ ਹੀ ਉਹ ਅਜਿਹੇ ਬਿਆਨ ਦੇ ਰਿਹਾ ਹੈ ਕਿ ਸਮੁੱਚੀ ਕਾਂਗਰਸ ਪਾਰਟੀ ਨੂੰ ਸ਼ਰਮਸਾਰ ਹੋਣਾ ਪੈ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਜੋ ਕਿਸਾਨ ਜਥੇਬੰਦੀਆਂ ਨੇ ਸੰਯੁਕਤ ਮੋਰਚੇ ਵੱਲੋਂ ਪਾਰਟੀ ਬਣਾਈ ਹੈ ਉਹ ਕਿਸਾਨ ਹਿੱਤਾਂ ਤੇ ਕਿਸਾਨਾਂ ਨਾਲ ਕੀਤੇ ਹੋਏ ਕਰਾਰ ਦੇ ਖ਼ਿਲਾਫ਼ ਹੈ। ਜਦੋਂ ਉਨ੍ਹਾਂ ਨੂੰ ਸਵਾਲ ਕੀਤਾ ਗਿਆ ਕਿ ਕੇਜਰੀਵਾਲ ਦੀ ਪਾਰਟੀ ਵੀ ਲੋਕ ਸੰਘਰਸ਼ ਵਿੱਚੋਂ ਆਈ ਹੈ ਤਾਂ ਉਨ੍ਹਾਂ ਨੇ ਕਿਹਾ ਕਿ ਕੇਜਰੀਵਾਲ ਨੇ ਵੀ ਅੰਨਾ ਹਜ਼ਾਰੇ ਦੀ ਮੂਵਮੈਂਟ ਦਾ ਨਾਜਾਇਜ਼ ਫ਼ਾਇਦਾ ਉਠਾਉਂਦੇ ਹੋਏ ਆਪਣਾ ਰਾਜਨੀਤਕ ਮੰਚ ਖੜ੍ਹਾ ਕੀਤਾ ਹੈ। ਇਸ ਮੌਕੇ ਇਸ ਮੌਕੇ ਉਨ੍ਹਾਂ ਦੇ ਨਾਲ ਜ਼ਿਲ੍ਹਾ ਪ੍ਰਧਾਨ ਗੁਰਬਚਨ ਸਿੰਘ ਬੱਬੇਹਾਲੀ ਯੂਥ ਪ੍ਰਧਾਨ ਰਮਨਦੀਪ ਸਿੰਘ ਸੰਧੂ ਗੁਰਜੀਤ ਸਿੰਘ ਬਿਜਲੀਵਾਲ ਕੁਲਦੀਪ ਸਿੰਘ ਸਣੇ ਹੋਰ ਵੀ ਹੋਰ ਵੀ ਸ਼੍ਰੋਮਣੀ ਅਕਾਲੀ ਦਲ ਦੇ ਦਰਜਾ ਬ ਦਰਜਾ ਆਗੂ ਤੇ ਅਹੁਦੇਦਾਰ ਹਾਜ਼ਰ ਸਨ।



## ਸ਼ਰਧਾਂਜਲੀ - ਡਾ ਕਰਨੈਲ ਸਿੰਘ ਥਿੰਦ

# ਚੜ੍ਹਦੇ ਤੇ ਲਹਿੰਦੇ ਪੰਜਾਬ ਦਰਮਿਆਨ ਪੁਲ਼ ਬਣਨ ਵਾਲਾ ਲੋਕਯਾਨ-ਸ਼ਾਸਤਰੀ: ਡਾ ਕਰਨੈਲ ਸਿੰਘ ਥਿੰਦ

**– ਸੁਖਪਾਲ ਸਿੰਘ ਥਿੰਦ**

ਡਾ ਕਰਨੈਲ ਸਿੰਘ ਥਿੰਦ, ਪੰਜਾਬ ਦੇ ਉਹ ਸਪੂਤ ਸਨ ਜਿਨ੍ਹਾਂ ਨੇ ਸਾਰੀ ਉਮਰ ਪੰਜਾਬੀ ਭਾਸ਼ਾ ਅਤੇ ਸਾਂਝੀ ਪੰਜਾਬੀਅਤ ਦੇ ਲੇਖੇ ਲਾਈ। ਪੰਜਾਬੀ ਬੌਧਿਕਤਾ ਦੇ ਨਕਸ਼ ਸੰਵਾਰਨ ਵਾਲੇ ਮੁਢਲੇ ਵਿਦਵਾਨਾਂ ਦੀ ਜਦ ਗੱਲ ਤੁਰਦੀ ਹੈ ਤਾਂ ਡਾ। ਥਿੰਦ ਦਾ ਨਾਮ ਉਨ੍ਹਾਂ ਵਿੱਚ ਬਹੁਤ ਸਤਿਕਾਰ ਨਾਲ ਸ਼ਾਮਲ ਕੀਤਾ ਜਾਂਦਾ ਹੈ। ਉਹ ਪੰਜਾਬੀ ਭਾਸ਼ਾ ਦੇ ਉਨ੍ਹਾਂ ਮੁਢਲੇ ਵਿਦਵਾਨਾਂ ਵਿੱਚ ਆਉਂਦੇ ਹਨ ਜਿੰਨਾਂ ਦੇ ਹਿੱਸੇ ਅਜਾਦੀ ਉਪਰੰਤ, ਪੰਜਾਬੀ ਭਾਸ਼ਾ ,ਸਾਹਿਤ ਅਤੇ ਸਭਿਆਚਾਰ ਨਾਲ ਜੁੜੇ ਖੋਜ -ਕਾਰਜਾਂ ਨੂੰ ਮਜਬੂਤ ਨੀਹਾਂ ਤੇ ਉਸਾਰਨ ਦਾ ਗੁਣਾ ਪੈਂਦਾ ਹੈ। ਇਹ ਉਹ ਪੀੜ੍ਹੀ ਸੀ ਜਿਸ ਸਾਹਮਣੇ ਦੇਸ਼ ਦੀ ਅਜਾਦੀ ਅਤੇ ਵੰਡ ਉਪਰੰਤ ਵੱਡੀ ਉਥਲ-ਪੁਥਲ ਮਚੀ ਹੋਈ ਸੀ। ਪੁਰਾਣਾ ਬਹੁਤ ਕੁਝ ਢਹਿ ਢੇਰੀ ਹੋ ਰਿਹਾ ਸੀ ਅਤੇ ਨਵਾਂ ਉੱਸਰ ਰਿਹਾ ਸੀ। ਜੇ ਇੱਕ ਪਾਸੇ ਅਜਾਦੀ ਦਾ ਚਾਅ ਸੀ ਤਾਂ ਦੂਜੇ ਪਾਸੇ ਵੰਡ ਦੀ ਚੀਸ ਛਿਲਤਰ ਵਾਂਗ ਚੁਭੀ ਪਈ ਸੀ। ਇਹ ਉਹ ਛਿਲਤਰ ਜਿਸ ਨੇ ਸਾਰੀ ਉਮਰ ਟਸ-ਟਸ ਕਰਦੇ ਰਹਿਣਾ ਸੀ । ਡਾ। ਕਰਨੈਲ ਸਿਘ ਥਿੰਦ ਇਨ੍ਹਾਂ ਦੋਹਾਂ ਗੱਲਾਂ ਨਾਲ ਭਰਕੇ ਸਾਰੀ ਉਮਰ ਆਪਣੇ ਅਧਿਐਨ ਅਤੇ ਅਧਿਆਪਨ ਦੇ ਕਾਰਜਾਂ ਵਿੱਚ ਲੱਗੇ ਰਹੇ । ਅਜਿਹਾ ਹੋਣਾ ਉਨ੍ਹਾਂ ਲਈ ਕੁਦਰਤ ਨੇ ਨਿਰਧਾਰਤ ਕਰ ਦਿੱਤਾ ਸੀ ਅਤੇ ਉਹ ਇਸ ਚੁਣੌਤੀ ਨੂੰ ਸਾਰੀ ਉਮਰ ਵੱਡੇ ਹੋ ਕੇ ਟੱਕਰੇ।

ਪੱਛਮੀ ਪੰਜਾਬ ਦੇ ਸਾਂਦਲ ਬਾਰ ਦੇ ਇਲਾਕੇ ਵਿੱਚ 12 ਅਪ੍ਰੈਲ 1929 ਨੂੰ ਜਿਲ੍ਹਾ ਲਾਇਲਪੁਰ ਦੀ ਤਹਿਸੀਲ ਟੋਭਾ ਟੇਕ ਸਿੰਘ ਦੇ ਚੱਕ ਨੰਬਰ 288 ਜੇ।ਬੀ। ਵਿੱਚ ਉਨ੍ਹਾਂ ਦਾ ਜਨਮ ਹੁੰਦਾ ਹੈ । ਇਹ ਉਹ ਪਿੰਡ ਸੀ ਜਿਸਦੀ ਮੋੜ੍ਹੀ ਡਾ ਥਿੰਦ ਹੋਰਾਂ ਦੇ ਪੜਦਾਦੇ ਨੇ ਕੋਈ ਚਾਰ ਕੁ ਦਹਾਕੇ ਪਹਿਲਾਂ ਗੱਡੀ ਸੀ। ਕਰਨੈਲ ਸਿੰਘ ਥਿੰਦ ਹੋਰੀਂ ਉਦੋਂ ਸਤਾਰਾਂ ਕੁ ਸਾਲਾਂ ਦੇ ਸਨ ਜਦ ਆਪਣਾ ਵਸਿਆ- ਰਸਿਆ ਪਿੰਡ ਅਤੇ ਪੜ੍ਹਾਈ ਅਧਵਾਟੇ ਛੱਡ ਕੇ ਗੱਡਿਆਂ ਤੇ ਸਮਾਨ ਲੱਦੀ ਅੰਮ੍ਰਿਤਸਰ ਆ ਪਹੁੰਚੇ ਸਨ। ਇਓ ਉਨ੍ਹਾਂ ਦੀ ਜੀਵਨ ਗਾਥਾ ਉਨ੍ਹਾਂ ਪੰਜਾਬੀ ਨੌਜਵਾਨਾਂ ਵਰਗੀ ਸੀ ਜਿਹੜੇ ਜਵਾਨੀ ਵਿੱਚ ਉੱਖੜ ਕੇ ਏਧਰ ਆ ਵਸੇ ਸਨ। ਜਿਨ੍ਹਾਂ ਹੁਣ ਨਵੇਂ ਹਾਲਾਤਾਂ ਵਿੱਚ ਸਭ ਕੁਝ ਮੁੱਢੋ-ਸੁੱਢੋਂ ਉਸਾਰਨ ਦੇ ਰਾਹ ਪੈਣਾ ਸੀ । ਹਰ ਪਾਸੇ ਮਚੀ ਆਪਾ-ਧਾਪੀ ਨਾਲ ਨਜਿੱਠਦਿਆਂ ਆਪਣੇ ਭਵਿੱਖ ਦੇ ਰਸਤੇ ਬਣਾਉਣੇ ਸਨ । ਜੇ ਇਹ ਕਰਨ ਦਾ ਬਲ ਤੇ ਹਿੰਮਤ ਨਹੀਂ ਸੀ ਤਾਂ ਫਿਰ ਭੀੜ ਵਿੱਚ ਗੁਆਚ ਕੇ ਰਹਿ ਜਾਣਾ ਸੁਭਾਵਿਕ ਸੀ । ਜਵਾਨ ਕਰਨੈਲ ਸਿੰਘ ਹਿੰਮਤੀ ਪੰਜਾਬੀ ਨੌਜਵਾਨਾਂ ਵਾਂਗ ਮਾੜੇ ਹਾਲਾਤਾਂ ਨੂੰ ਆਪਣੇ ਰੁਖ਼-ਸਿਰ ਕਰਨ ਵਿੱਚ ਜੁੱਟ ਜਾਂਦਾ ਹੈ । ਅਧਵਾਟੇ ਛੁੱਟੀ ਪੜ੍ਹਾਈ ਦੇ ਸੱਲ੍ਹ ਨੂੰ ਪਰੇ ਧਰਦਿਆਂ ਉਹ ਕਈ ਪਾਪੜ ਵੇਲਦਾ ਹੈ। ਪਹਿਲਾਂ ਪੁਲਿਸ ਵਿਭਾਗ ਅਤੇ ਫਿਰ ਬੱਸ ਕੰਪਨੀ ਵਿੱਚ ਕਲਰਕੀ ਦੇ ਰਾਹਾਂ ਥਾਣੀ ਲੰਘਦਿਆਂ ਆਖਿਰ ਆਪਣੀ ਮਿਹਨਤ ਬਲਬੂਤੇ 1955 ਵਿੱਚ ਖਾਲਸਾ ਕਾਲਜ, ਅੰਮਿ-ਤਸਰ ਦੇ ਪੰਜਾਬੀ ਵਿਭਾਗ ਵਿੱਚ ਆ ਪੁੱਜਦਾ ਹੈ । ਇਹ ਉਹ ਮੁਕਾਮ ਸੀ ਜਿਸ ਦੇ ਬਲਬੂਤੇ ਕਰਨੈਲ ਸਿਘ, ਡਾ, ਕਰਨੈਲ ਸਿੰਘ ਬਣਦਾ ਹੈ ਅਤੇ ਪੰਜਾਬ ਦੇ ਬੌਧਿਕ ਗਲਿਆਰਿਆਂ ਵਿੱਚ ਡਾ ਥਿੰਦ ਵਜੋਂ ਮਸ਼ਹੂਰ ਹੁੰਦਾ ਹੈ । ਇਹੀ ਉਹ ਥਾਂ ਸੀ ਜਿਸ ਵਿੱਚੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਪੰਜਾਬੀ ਵਿਭਾਗ ਵਿੱਚ ਪੁੱਜਣ ਤੇ ਫਿਰ ਇਸਦੇ ਮੁਖੀ ਅਤੇ ਰਜਿਸਟਰਾਰ ਵਰਗੇ ਵਕਾਰੀ ਅਹੁਦਿਆਂ ਤੇ ਸੇਵਾ ਨਿਭਾਉਣ ਦਾ ਮੌਕਾ ਬਣਦਾ ਹੈ।



ਇਸ ਦੌਰਾਨ ਕੁਝ ਇੱਕ ਮਹੱਤਵਪੂਰਨ ਕਾਰਜ ਵਾਪਰਦੇ ਹਨ। ਸਭ ਤੋਂ ਮਹੱਤਵਪੂਰਨ ਗੱਲ ਪੰਜਾਬੀ ਲੋਕ-ਧਾਰਾ ਦੇ ਖੇਤਰ ਵਿੱਚ ਖੋਜ ਸੰਬੰਧੀ ਵਾਪਰਦੀ ਹੈ। ਡਾ। ਥਿੰਦ ਮੱਧਕ-ਾਲੀਨ ਪੰਜਾਬੀ ਸਾਹਿਤ ਨੂੰ ਲੋਕਯਾਨਕ ਪੱਖ ਤੋਂ ਅਧਿਐਨ ਦਾ ਕੇਂਦਰ ਬਿੰਦੂ ਬਣਾਉਂਦੇ ਹਨ। ਉਹ ਪਹਿਲੀ ਵਾਰ 'ਲੋਕਯਾਨ' ਸ਼ਬਦ ਦੀ ਘਾੜਤ ਕਰਦੇ ਹਨ ਅਤੇ ਯੂਨੀਵਰਸਿਟੀ ਵਿੱਚ ਇਸ ਖੇਤਰ ਵਿੱਚ ਅਗਲੀ ਖੋਜ ਲਈ ਦਰਵਾਜੇ ਖੁੱਲ੍ਹ ਜਾਂਦੇ ਹਨ । ਸੋਹਿੰਦਰ ਸਿੰਘ ਵਣਜਾਰਾ ਬੇਦੀ ਦੇ ਨਾਲ-ਨਾਲ ਡਾ। ਥਿੰਦ ਦਾ ਖੋਜ-ਕਾਰਜ ਪੰਜਾਬੀ ਲੋਕਯਾਨ ਦੇ ਅਧਿਐਨ ਲਈ ਕੁਝ ਮੁ-ਢਲੀਆਂ ਮੌਲਿਕ ਧਾਰਨਾਵਾਂ ਨਾਲ ਸਾਹਮਣੇ ਆਉਂਦਾ ਹੈ। ਇਹ ਧਾਰਨਾਵਾਂ ਬਾਅਦ ਵਿੱਚ ਇਸ ਖੇਤਰ ਵਿੱਚ ਖੋਜ ਕਰਨ ਵਾਲੇ ਵਿਦਿਆਰਥੀਆਂ ਲਈ ਰਾਹ ਦਸੇਰੀ ਭੂਮਿਕਾ ਨਿਭਾਉਂਦੀਆਂ ਹਨ । ਇਹ ਡਾ। ਥਿੰਦ ਜਿਹੇ ਵਿਦਵਾਨਾਂ ਬਦੌਲਤ ਹੀ ਹੈ ਕਿ ਯੂਨੀਵਰਸਿਟੀ ਪੱਧਰ ਤੇ ਪੰਜਾਬੀ ਸਭਿਆਚਾਰ ਅਧਿਐਨ ਦਾ ਸੁਤੰਤਰ ਖੇਤਰ ਹੋਂਦ ਵਿੱਚ ਆਉਂਦਾ ਹੈ ਅਤੇ ਅਗਲੀਆਂ ਪੀੜ੍ਹੀਆਂ ਲਈ ਅਗਲੀਆਂ ਪੁਲਾਘਾਂ ਪੁੱਟਣ ਲਈ ਠੋਸ ਬੁਨਿਆਦ ਬਣ ਜਾਂਦੀ ਹੈ ।

ਇਨ੍ਹਾਂ ਬੌਧਿਕ ਮੰਡਲਾਂ ਵਿੱਚ ਹੀ ਡਾ। ਥਿੰਦ ਦੀ ਅਗਵਾਈ ਵਿੱਚ ਯੂਨੀਵਰਸਿਟੀ ਵਿੱਚ ਪੰਜਾਬੀ ਨਾਵਲ ਅਤੇ 'ਸਾਹਿਤ ਅਧਿਐਨ ਪ੍ਰਣਾਲੀਆਂ' ਸੰਬੰਧੀ ਉੱਚ ਮਿਆਰੀ ਸੈਮੀਨਾਰ ਕੀਤੇ ਜਾਂਦੇ ਹਨ । ਇਨ੍ਹਾਂ ਸੈਮੀਨਾਰਾਂ ਦੇ ਪੇਪਰਾਂ ਅਤੇ ਇਸ ਵਿੱਚ ਹੋਈ ਗੱਲਬਾਤ ਨੂੰ ਦਸਤਾਵੇਜੀ ਰੂਪ ਵਿੱਚ ਸਾਂਭਣ ਦਾ ਉਪਰਾਲਾ ਸਾਹਮਣੇ ਆਉਂਦਾ ਹੈ। ਇਨ੍ਹਾਂ ਸੈਮੀਨਾਰਾਂ ਵਿੱਚੋਂ ਨਿ-ਕਲੀਆਂ ਪੁਸਤਕਾਂ ( ਪੰਜਾਬੀ ਨਾਵਲ ਸਰਵੇਖਣ ਤੇ ਮੁੱਲਾਂਕਣ ਅਤੇ ਸਾਹਿਤ ਅਧਿਐਨ ਪ੍ਰਣਾਲੀਆਂ) ਪੰਜਾਬੀ ਨਾਵਲ ਅਤੇ ਸਾਹਿਤ ਅਧਿਐਨ ਪ੍ਰਣਾਲੀਆਂ ਸੰਬੰਧੀ ਅਜਿਹੀ ਠੋਸ ਸਾਮੱਗਰੀ ਲੈ ਕੇ ਸਾਹਮਣੇ ਆਉਂਦੀਆਂ ਹਨ ਕਿ ਇਹ ਕਿਤਾਬਾਂ ਹੁਣ ਤੱਕ ਖੋਜ-ਕਾਰਜਾਂ ਲਈ ਬੁਨਿਆਦੀ ਕਿਤਾਬਾਂ ਵਜੋਂ ਵਰਤੀਆਂ ਜਾਂ-ਦੀਆਂ ਹਨ। ਡਾ। ਥਿੰਦ ਦੀ ਬੇਜੋੜ ਸੰਪਾਦਨ ਕਲਾ ਦਾ ਇਹ ਪੁਸਤਕਾਂ ਉੱਤਮ ਨਮੂਨਾ ਹੋ ਨਿੱਬੜ-ਦੀਆਂ ਹਨ। ਇਸ ਕਾਰਜ ਦੇ ਨਾਲ-ਨਾਲ ਡਾ ਥਿੰਦ ਹੋਰਾਂ ਵੱਲੋਂ ਇੱਕ ਹੋਰ ਵੱਡਾ ਕਾਰਜ ਚੜ੍ਹਦੇ ਅਤੇ ਲਹਿੰਦੇ ਵਾਲੇ ਦੋਹਾਂ ਪੰਜਾਬਾਂ ਵਿੱਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਵੰਡ ਕਾਰਣ ਪਏ ਦੁਫੇੜ ਵਿੱਚ ਪੁ਼ਲ ਬਣਨ ਵਜੋਂ ਨਿਭਾਈ ਭੂਮਿਕਾ ਵਜੋਂ ਹੈ। ਲਹਿੰਦੇ ਪੰਜਾਬ ਦੇ ਸ਼ਾਹਮੁਖੀ ਵਿੱਚ ਛਪੇ ਪੰਜਾਬੀ ਸਾਹਿਤ ਨੂੰ ਗੁਰਮੁਖੀ ਵਿੱਚ ਉਲਥਾ ਕੇ ਉਸ ਪੰਜਾਬੀ ਸਾਹਿਤ ਦੀ ਮਹਿਕ ਨੂੰ ਚੜ੍ਹਦੇ ਪੰਜਾਬ ਦੇ ਪਾਠਕਾਂ ਲਈ ਪੇਸ਼ ਕਰਨਾ ਉਨ੍ਹਾਂ ਦਾ ਹੋਰ ਵਡੇਰਾ ਅਤੇ ਸ਼ਲਾਘਾਯੋਗ ਕਾਰਜ ਹੈ । ਉਹ ਰਾਵੀਓ ਪਾਰ ਦੀਆਂ ਚੋਣਵੀਆਂ ਕਹਾਣੀਆਂ ਦੇ ਨਾਲ ਨਾਲ ਨਜ਼ਮ ਹੁਸੈਨ ਦੇ ਕਲਾਮ, ਫ਼ਖਰ ਜ਼ਮਾਨ ਦੇ ਨਾਵਲ , ਮੌਲਾ ਬਖਸ਼ ਕੁਸ਼ਤਾ ਦੇ ਜੀਵਨ ਅਤੇ ਰਚਨਾ ਨੂੰ ਏਧਰਲੇ ਪੰਜਾਬੀਆਂ ਦੇ ਪੜ੍ਹਣ ਲਈ ਪੇਸ਼ ਕਰਦੇ ਹਨ । ਇਸ ਤੋਂ ਇਲਾਵਾ 'ਪਾਕਿ-ਸਤਾਨੀ ਪੰਜਾਬੀ ਸਾਹਿਤ ਦਾ ਸੰਖੇਪ ਜਾਇਜਾ' ਨਾਮਕ ਪੁਸਤਕ ਰਾਹੀਂ ਪਾਕਿਸਤਾਨ ਵਿੱਚ ਰਚੇ ਜਾ ਰਹੇ ਪੰਜਾਬੀ ਸਾਹਿਤ ਸੰਬੰਧੀ ਮੁੱਲਵਾਨ ਟਿੱਪਣੀਆਂ ਦਿੰਦੇ ਹਨ। ਅੱਜ ਜਦ ਮੂਲਵਾਦੀ ਤਾਕਤਾਂ ਸੰਸਾਰ ਪੱਧਰ ਤੇ ਸਿਰ ਚੁੱਕ ਰਹੀਆਂ ਹਨ ਅਤੇ ਇਹੋ ਜਿਹੀਆਂ ਆਵਾਜਾਂ ਸਾਡੇ ਆਸ-ਪਾਸ ਵੀ ਹਰ ਰੋਜ਼ ਸੁਣਾਈ ਦਿੰਦੀਆਂ ਹਨ ਤਾਂ ਡਾ ਥਿੰਦ ਹੋਰਾਂ ਦੇ ਕਾਰਜ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ। ਡਾ ਥਿੰਦ ਨੇ ਨਿਸ਼ਚੇ ਹੀ ਆਪਣੇ ਪੁਰਖਿਆਂ ਦੀ ਧਰਤੀ ਦੇ ਕਰਜ ਨੂੰ ਸਾਰੀ ਉਮਰ ਵਿਆਜ ਸਮੇਤ ਮੋੜਨ ਦਾ ਯਤਨ ਕੀਤਾ ਹੈ। ਡਾ। ਥਿੰਦ ਨੇ ਸਾਰੀ ਉਮਰ ਜੋ ਵੀ ਕੀਤਾ, ਪੂਰੇ ਸਿਰੜ , ਲਗਨ , ਸੁਹਿਰਦਤਾ ਅਤੇ ਇਮਾਨਦਾਰੀ ਨਾਲ ਕੀਤਾ । ਉਹ ਉਹੋ ਜਿਹੇ ਵਿਦਵਾਨ ਨਹੀਂ ਸਨ ਜੋ ਕਿਸੇ ਖੋਜ-ਪ੍ਰਾਜੈਕਟ ਦੀਆਂ ਗ੍ਰਾਂਟਾਂ ਤਾਂ ਪੂਰੀਆਂ ਛਕਦੇ ਹਨ ਪਰ ਪ੍ਰਾਜੈਕਟ ਅੱਧ-ਅਧੂਰਾ ਛੱਡ ਦਿੰਦੇ ਹਨ । ਉਨ੍ਹਾਂ ਜਿਸ ਕੰਮ ਨੂੰ ਹੱਥ ਪਾਇਆ ਪੂਰੇ ਤੋੜ ਤੱਕ ਨਿਭਾਇਆ। ਪੰਜਾਬੀ ਯੂਨੀਵਰਸਿਟੀ ਪਟਿਆਲੇ ਨੇ ਜੇ 'ਪੰਜਾਬ ਦੇ ਲੋਕ ਵਿਰਸੇ' ਤੇ ਖੋਜ-ਕਾਰਜ ਸੌਪਿਆਂ ਤਾਂ ਇਸ ਵੱਡ ਅਕਾਰੀ ਕੰਮ ਦੇ ਪੂਰੇ ਤਿੰਨ ਭਾਗ ਮੁਕੰਮਲ ਕੀਤੇ । ਸਾਊਥ ਏਸ਼ੀਅਨ ਰਿਵਿਊ, ਕੈਨੇਡਾ ਅਤੇ ਵਿਰਾਸਤ ਫਾਊਡੇਸ਼ਨ ਕੈਨੇਡਾ ਵੱਲੋਂ ਕੈਨੇਡਾ ਅਤੇ ਪੰਜਾਬ ਵਿੱਚ ਹੋਣ ਵਾਲੀਆਂ ਵਿਸ਼ਵ ਪੰਜਾਬੀ ਕਾਨਫਰੰਸਾਂ ਦੀ ਜੇ ਜਿੰਮੇਵਾਰੀ ਸਾਂਭੀ ਤਾਂ ਇਸ ਨੂੰ ਪੂਰੀ ਸਫਲਤਾ ਨਾਲ ਨੇਪਰੇ ਚਾੜਿਆ । ਇਨ੍ਹਾਂ ਸੰਸਥਾਵਾਂ ਵੱਲੋਂ ਛਾਪੇ 'ਡਾ ਪ੍ਰੇਮ ਪ੍ਰਕਾਸ਼ ਸਿੰਘ ਸਿਮਰਤੀ ਗ੍ਰੰਥ' ਨੂੰ ਛਾਪਣ ਦਾ ਜਿੰਮਾਂ ਜੇ ਚੁਕਿਆ ਤਾਂ ਇਸ ਨੂੰ ਖੂਬਸੂਰਤ ਢੰਗ ਨਾਲ ਨੇਪਰੇ ਚਾੜਿਆ। ਇਨ੍ਹਾਂ ਸਭ ਕਾਰਜਾਂ ਨੂੰ ਨੇਪਰੇ ਚਾੜ੍ਹਦਿਆਂ ਡਾ। ਥਿੰਦ ਨੇ ਜਿੱਥੇ ਬੌਧਿਕ ਉੱਤਮਤਾ ਦਾ ਪੱਲਾ ਸਾਰੀ ਉਮਰ ਫੜ੍ਹੀ ਰੱਖਿਆ ਉਥੇ ਹੀ ਆਪਣੀ ਸਖਸ਼ੀ ਚਾਦਰ ਨੂੰ ਕਿਤੇ ਵੀ ਕੋਈ ਛੋਟਾ ਜਿੰਨਾ ਦਾਗ ਵੀ ਨਹੀ ਲੱਗਣ ਦਿੱਤਾ।

ਡਾ। ਥਿੰਦ ਦੀ ਇਹ ਖੂਬਸੂਰਤੀ ਸੀ ਕਿ ਉਹ ਸਾਰੀ ਉਮਰ ਖੁਦ ਵੀ ਕਾਰਜਸ਼ੀਲ ਰਹੇ ਤੇ ਦੂਜਿਆਂ ਨੂੰ ਵੀ ਪੂਰੀ ਸਰਗਰਮੀ ਨਾਲ ਆਪਣੇ ਕਾਰਜ ਨੇਪਰੇ ਚਾੜ੍ਹਣ ਲਈ ਪ੍ਰੇਰਦੇ ਰਹੇ । ਇਹ ਮੇਰਾ ਨਿੱਜੀ ਅਨੁਭਵ ਹੈ । ਮੈਂ ਜਦ-ਜਦ ਵੀ ਉਨ੍ਹਾਂ ਨੂੰ ਮਿਲਿਆ ਇੱਕ ਪ੍ਰਸਨ ਨੇ ਹਰ ਵਾਰ ਮੇਰਾ ਸਵਾਗਤ ਕੀਤਾ , " ਹੋਰ ਬਈ ! ਨਵਾਂ ਕੀ ਚੱਲ ਰਿਹਾ? " ਜਦ ਮੈਂ ਜਵਾਬ ਵਿੱਚ ਕੁਝ ਨਵਾਂ ਦੱਸਣਾ ਤਾਂ ਚਿਹਰੇ ਤੇ ਫੈਲੀ ਲੰਮੀ ਡੂੰਘੀ ਮੁਸਕਰਾਹਟ ਦਰਮਿਆਨ ਸ਼ਾਬਾਸ਼ ਵਾਲੇ ਜਾਦੂਈ ਬੋਲਾਂ ਵਿੱਚ ਗੜੂੰਦ ਹੋ ਕੇ ਵਾਪਸ ਪਰਤਦਾ ਰਿਹਾਂ ਹਾਂ। ਵੈਸੇ ਇਹ ਗੱਲ ਆਪਣੇ ਥਾਂ ਦਿਲਚਸਪ ਹੈ ਕਿ ਦੋਹਾਂ ਪੰਜਾਬਾਂ ਦੀ ਖੈਰ-ਸੁੱਖ ਮੰਗਣ ਵਾਲੇ ਤੇ ਇਨ੍ਹਾਂ ਦਰਮਿਆਨ ਸਾਰੀ ਉਮਰ ਪੁ਼ਲ ਬਣਨ ਵਾਲੇ ਡਾ। ਥਿੰਦ 25 ਦਸੰਬਰ ਦੀ ਬਰਫਾਨੀ ਠੰਢ ਵਾਲੇ ਮੌਸਮ ਵਿੱਚ ਆਪਣੇ ਆਖਰੀ ਸਾਹ ਕੈਨੇਡਾ ਵਿੱਚ ਆਪਣੇ ਪੁੱਤਰ ਰਾਜਦੀਪ ਸਿੰਘ ਥਿੰਦ ਦੇ ਘਰ ਪਰਿਵਾਰ ਵਿੱਚ ਲੈਂਦੇ ਹਨ । ਅੱਜ ਜਦ ਡਾ ਥਿੰਦ ਸ਼ਰੀਰਕ ਜਾਮੇ ਵਿੱਚ ਸਾਡੇ ਦਰਮਿਆਨ ਨਹੀਂ ਰਹੇ ਤਾਂ ਮੇਰੇ ਵਰਗਿਆਂ ਨੂੰ ਮਿਲਦਿਆਂ ਹੀ ਕੁਝ ਨਵਾਂ ਕੀਤੇ ਲਈ ਪੁੱਛਣ ਤੇ ਇਸ ਲਈ ਮੁਸਕਰਾਹਟ ਭਰੀ ਸ਼ਾਬਾਸ਼ ਦੇਣ ਵਾਲਾ ਸਖਸ਼ ਵੀ ਸਦਾ ਲਈ ਤੁਰ ਗਿਆ ਹੈ । ਦੋਹਾਂ ਪੰਜਾਬਾਂ ਵਿਚਲੇ ਪੁ਼ਲ ਦਾ ਮਜ਼ਬੂਤ ਪਿੱਲਰ ਤਿੜਕਿਆ ਜਾਪਦਾ ਹੈ । ਇਸ ਪੁ਼ਲ ਦੀ ਸਲਾਮਤੀ ਲਈ ਯਤਨ ਕਰਦਿਆਂ ਕੁਝ ਨਵਾਂ ਉਸਾਰਨਾ ਹੀ ਡਾ ਕਰਨੈਲ ਸਿੰਘ ਥਿੰਦ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ ।

# ਪਰਕਸ ਵੱਲੋਂ ਡਾ ਕਰਨੈਲ ਸਿੰਘ ਥਿੰਦ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

**ਅੰਮ੍ਰਿਤਸਰ –** ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲਿਮਿਟਿਡ ਲੁਧਿਆਣਾ/ਅੰਮ੍ਰਿਤਸਰ (ਪਰਕਸ) ਵੱਲੋਂ ਡਾ ਕਰਨੈਲ ਸਿੰਘ ਥਿੰਦ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਸੁਸਾਇਟੀ ਦੇ ਪ੍ਰਧਾਨ ਡਾ. ਬਿਕਰਮ ਸਿੰਘ ਘੁੰਮਣ, ਮੀਤ ਪ੍ਰਧਾਨ ਡਾ. ਬ੍ਰਹਮਜਗਦੀਸ਼ ਸਿੰਘ, ਮੈਨੇਜਿੰਗ ਡਾਇਰੈਕਟਰ ਡਾ. ਚਰਨਜੀਤ ਸਿੰਘ ਗੁਮਟਾਲਾ, ਪ੍ਰੈਸ ਸਕੱਤਰ ਪ੍ਰਿੰਸੀਪਲ ਅੰਮ੍ਰਿਤ ਲਾਲ ਮੰਨਣ, ਸਕੱਤਰ ਗੁਰਮੀਤ ਪਲਾਹੀ ਤੇ ਬਸਰਡ ਦੇ ਡਾਇਰੈਟਰ ਡਾ. ਬ੍ਰਿਜਪਾਲ ਸਿੰਘ, ਸ੍ਰੀ ਮਤੀ ਜਸਬੀਰ ਕੌਸਰ, ਡਾ. ਬੂਟਾ ਸਿੰਘ ਬਰਾੜ, ਡਾ. ਸੁਰਿੰਦਰਪਾਲ ਸਿੰਘ ਮੰਡ,ਸ੍ਰੀ ਹਰਜਿੰਦਰ ਸਿੰਘ ਸੂਰਜੇਵਾਲੀਆ ਤੇ ਡਾ. ਜੀਤ ਸਿੰਘ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਗਿਆ ਹੈ ਡਾ. ਥਿੰਦ ਬਹੁਤ ਹੀ ਮਿਲਾਪੜੇ ਸੁਭਾਅ ਦੇ ਮਾਲਕ ਸਨ। ਉਹ ਪਹਿਲਾਂ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਪੰਜਾਬੀ ਦੇ ਪ੍ਰੋਫ਼ੈਸਰ ਰਹਿ ਤੇ ਬਾਦ ਵਿਚ ਗੁਰੂ ਨਾਨਕ ਦੇਵ ਯੂਨੀਵਿਰਸਿਟੀ ਅੰਮ੍ਰਿਤਸਰ ਵਿੱਚ ਪੰਜਾਬੀ ਇਤਿਹਾਸ, ਸਾਹਿਤ ਅਤੇ ਸਭਿਆਚਾਰ ਵਿਭਾਗ ਦੇ ਮੁਖੀ ਰਹੇ ਹਨ। ਉਪਰੰਤ ਉਹ ਇਸ ਯੂਨੀਵਰਸਿਟੀ ਵਿੱਚ ਰਜਿਸਟਰਾਰ ਦੇ ਤੌਰ 'ਤੇ ਨਿਯੁਕਤ ਹੋਏ। ਡਾ. ਥਿੰਦ ਕੁਝ ਸਮੇਂ ਲਈ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਦੇ ਮੁਖੀ ਵੀ ਰਹਿ।ਉਹ 1977-1978 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਸਿੰਡੀਕੇਟ ਦੇ ਮੈਂਬਰ ਰਹੇ। ਉਹ ਤੇ ਡਾ. ਵਣਜਾਰਾ ਬੇਦੀ ਮੁੱਢਲੇ ਫੋਕਲਰਿਸਟਾਂ ਵਿੱਚੋਂ ਸਨ। ਉਨ੍ਹਾਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨਾਲ ਸੰਬੰਧਤ ਡੇਢ ਦਰਜਨ ਪੁਸਤਕਾਂ ਦੇ ਲੇਖਕ/ ਸੰਪਾਦਕ ਪੰਜਾਬੀ ਸਾਹਿੱਤ ਦੀ ਝੋਲੀ ਪਾਈਆਂ। ਉਨ੍ਹਾਂ ਦੇ 75 ਦੇ ਕ੍ਰੀਬ ਖੋਜ ਪੱਤਰ ਵੀ ਛਪ ਚੁੱਕੇ ਹਨ। ਉਹ ਅੱਜ ਭਾਵੇਂ ਸਾਡੇ ਵਿੱਚ ਨਹੀਂ ਰਹਿ ਪਰ ਉਨ੍ਹਾਂ ਵੱਲੋਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਲਈ ਪਾਏ ਵੱਡਮੁੱਲੇ ਯੋਗਦਾਨ ਲਈ ਉਨ੍ਹਾਂ ਨੂੰ ਹਮੇਸ਼ਾਂ ਯਾਦ ਕੀਤਾ ਜਾਂਦਾ ਰਹਿਗਾ।।ਪੰਜਾਬੀ ਸਾਹਿਤ ਦੀ ਝੋਲੀ ਪਾਈਆਂ।ਉਹ ਭਾਵੇਂ ਅੱਜ ਸਾਡੇ ਵਿੱਚ ਨਹੀਂ ਰਹੇ ਪਰ ਉਨ੍ਹਾਂ ਦੁਆਰਾ ਪੰਜਾਬੀ ਭਾਸ਼ਾ ਤੇ ਸਾਹਿਤ ਲਈ ਪਾਏ ਵੱਡਮੂਲੇ ਯੋਗਦਾਨ ਤੇ ਸਮਾਜਿਕ ਖੇਤਰ ਵਿਚ ਕੀਤੇ ਕੰਮਾਂ ਲਈ ਉਨ੍ਹਾਂ ਨੂੰ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ।



## ਨਵਾਂ ਵਰ੍ਹਾ

ਖੁਸ਼ੀਆਂ ਦੇਣ ਵਾਲਾ ਹੋਵੇ, ਨਵਾਂ ਵਰ੍ਹਾ,
ਚੌਵੀਂ ਕੈਰਟ ਸੋਨੇ ਵਾਂਗ ਨਿਕਲੇ ਖਰਾ।
ਕਰੋਨਾ ਵਿੱਚ ਰੁਲਿਆ ਵੀਹ ਤੇ ਇੱਕੀ,
ਜਿੰਦਗੀ ਹੋ ਚੁੱਕੀ ਸੀ ਬਿਲਕੁੱਲ ਫਿੱਕੀ।
ਖਰੋਚ ਨਾ ਆਏ ਅੱਲਾ, ਕਿਸੇ ਨੂੰ ਜ਼ਰਾ,
ਖੁਸ਼ੀਆਂ ਦੇਣ ਵਾਲਾ
ਦੋ ਵਰ੍ਹੇ ਚੜ੍ਹ ਗਏ ਸੀ ਕਰੋਨਾ ਦੀ ਭੇਟ,
ਦੇਸ਼ ਦੀ ਤਰੱਕੀ ਲਈ ਬੰਦ ਹੋਏ ਗੇਟ।
ਸੰਕਟ ਦੇ ਹੱਲ ਲਈ ਮੱਤ ਵੀ ਦੇ ਜ਼ਰਾ,
ਖੁਸ਼ੀਆਂ ਦੇਣ ਵਾਲਾ
ਬੱਚਿਆਂ ਦੀ ਸਾਰੀ ਪੜ੍ਹਾਈ ਰੁਲ ਗਈ,
ਨਕਲਾਂ ਮਾਰ ਮਾਰ ਡਿਗਰੀ ਮਿਲ ਗਈ।

ਪ੍ਰੈਕਟੀਕਲ ਘਾਟਾ ਏਹਦਾ ਹੋਵੇ ਨਾ ਬੜਾ,
ਖੁਸ਼ੀਆਂ ਦੇਣ ਵਾਲਾ
ਆਲਸ ਦੀ ਜਗਾਂ ਮਿਹਨਤ ਦੀਆਂ ਗੱਲਾਂ,
ਤਾਂਹੀ ਵੱਜ ਸਕਣਗੀਆਂ ਵੱਡੀਆਂ ਮੱਲਾਂ।
ਸੌ ਕੱਟ ਭੁਲਾ ਕੇ ਸਹੀ ਮਾਰਗ ਫੜਾ,
ਖੁਸ਼ੀਆਂ ਦੇਣ ਵਾਲਾ
ਸਿਹਤ ਦਾ ਰੱਖਣਾ ਪਊ ਪੂਰਾ ਖਿਆਲ,
ਓਮੀਕਰੋਨ ਵਾਇਰਸ ਫਿਰੇ ਸਾਡੇ ਨਾਲ।
ਕਰੋਨਾ ਬਿਮਾਂਰੀ ਨੂੰ ਰੱਬਾ ਕਰਦੇ ਪਰਾ,
ਖੁਸ਼ੀਆਂ ਦੇਣ ਵਾਲਾ
ਨਸ਼ਿਆਂ ਦੀ ਲਤ ਤੋਂ ਹੋਜੇ ਛੁਟਕਾਰਾ,
ਈਮਾਨਦਾਰੀ ਦਾ ਹੀ ਗੂੰਜੇ ਨਾਅਰਾ।

ਇਹੀ ਉਮੀਦਾਂ ਮੈਂ ਤੁਹਾਡੇ ਕੋਲੋਂ ਕਰਾਂ,
ਖੁਸ਼ੀਆਂ ਦੇਣ ਵਾਲਾ ਹੋਵੇ, ਨਵਾਂ ਵਰ੍ਹਾਂ,
ਚੌਵੀਂ ਕੈਰਟ ਸੋਨੇ ਵਾਂਗ ਨਿਕਲੇ ਖਰਾ।

**– ਚਮਨਦੀਪ ਸ਼ਰਮਾ**
91-95010 33005



# ਪੰਜਾਬੀ ਭਾਸ਼ਾ ਤੇ ਸਾਂਝੀ ਪੰਜਾਬੀਅਤ (ਦੋਵੇਂ ਪੰਜਾਬਾਂ) ਦੇ ਪਹਿਰੇਦਾਰ ਡਾ ਕਰਨੈਲ ਸਿੰਘ ਨੂੰ ਸ਼ਰਧਾਂਜਲੀ



ਥੋੜੇ ਦੁੱਖ ਤੋ ਬਾਅਦ ਮਹਿਸੂਸ ਹੋਇਆ 'ਸੁੱਖ', ਮਹਿਸੂਸ ਕਰਾ ਰਿਹਾ ਹੈ ਕਿ ਡਾ ਕਰਨੈਲ ਸਿੰਘ ਥਿੰਦ ਹੋਰਾਂ ਜੋ ਪੰਜਾਬੀ ਸਾਹਿਤ ਰਾਂਹੀ ਪੰਜਾਬੀਅਤ ਨੂੰ ਦਿੱਤਾ ਉਹ ਬੜਾ ਵੱਡਮੁੱਲਾ ਤੇ ਨਿਵੇਕਲਾ ਹੈ।

ਬੜੀ ਲੰਬੀ ਉਮਰ ਗੁਜਾਰ ਕੇ ਜੀਵਨ ਦਾ ਅੰਤ ਉਨ੍ਹਾਂ ਦੇ ਸਾਰੇ ਜੀਵਨ ਕਾਲ ਨੂੰ ਓਸ ਧਰਾਤਲ ਤੇ ਖੜ੍ਹਾ ਕਰਦਾ ਹੈ ਜਿੱਥੇ ਪੰਜਾਬੀ ਦਾ ਕੋਈ ਨਿਵੇਕਲਾ ਸਾਹਿਤ ਕਾਰ ਹੀ ਆਪਣੇ ਪੈਰ ਜਮਾ ਸਕਿਆ ਹੋਵੇ।

ਲੋਕਯਾਨ, ਲੋਕਧਾਰਾ ਤੇ ਪੰਜਾਬੀ ਲੋਕ ਸਾਹਿਤ ਦੀਆਂ ਜਿਹੜੀਆਂ ਰੰਮਜਾਂ ਉਨ੍ਹਾਂ ਵਲੋ ਲੋਕ ਅਰਪਤ ਕੀਤੀਆਂ ਗਈਆਂ ਓਸ ਦੀ ਪਛਾਣ ਅਜੋਕੇ ਦੌਰ ਦਾ ਸਿਰਕੱਢ ਸਾਹਿਤਕਾਰ ਉਨ੍ਹਾਂ ਦਾ ਨਜਦੀਕੀ ਰਿਸ਼ਤੇਦਾਰ ਪ੍ਰੋ ਸੁਖਪਾਲ ਥਿੰਦ(ਡਾ) ਹੀ ਕਰ ਸਕਿਆ।।,(ਭਾਂਵੇ ਉਨ੍ਹਾ ਬਾਰੇ ਬਹੁਤ ਲਿਖਿਆਂ ਗਿਆ)

ਮੈਨੂੰ ਆਪਣੇ ਅਜੀਜ ਮਿੱਤਰ ਲੰਗੋਟੀਏ ਯਾਰ ਸੁਖਪਾਲ ਨਾਲ ਡਾ ਕਰਲਨੈਲ ਸਿੰਘ ਥਿੰਦ ਹੋਰਾਂ ਨੂੰ ਮਿਲਣ ਦਾ ਕਈ ਵਾਰੀ ਸਵੱਬ ਮਿਲਿਆ।

ਪ੍ਰਮਾਤਮਾ ਉਨ੍ਵਾਂ ਦੀ ਨਿਵੇਕਲੀ ਵਿਚਾਰਕ ਸੂਝ ਉਤੇ ਉਨ੍ਹਾਂ ਦੇ ਮਾਰਗੀ ਤੇ ਲੋਕ ਸਿਆਣਪ ਯੁਕਤੀਆਂ ਨੂੰ ਪਹਿਰਾ ਦੇਣ ਦੀ ਹਿੰਮਤ ਬਰਕਰਾਰ ਰੱਖੇ।!

**– ਫਕੀਰ ਸਿੰਘ ਮੱਲ੍ਹੀ**

ਸੋਹੰ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355



ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਨਵੇਂ ਸਾਲ 2022 ਦੀਆਂ ਲੱਖ-ਲੱਖ ਵਧਾਈਆਂ। ਅਸੀਂ ਦੁਆ ਕਰਦੇ ਹਾਂ ਕਿ ਨਵਾਂ ਸਾਲ ਤੁਹਾਡੇ ਲਈ ਆਪਾਰ ਖੁਸ਼ੀਆਂ-ਖੇੜੇ, ਤੰਦਰੁਸਤੀਆਂ ਲੈ ਕੇ ਆਵੇ।




## Sri Guru Ravidass Temple Pittsburg (CA), Gurughar's coming programs

**Guru- Piari Sadh Sangat Ji,**
**Devoted families are requesting entire Sangat to attend the following functions:**

**December 31, 2021**
**Rain Sabai New Year's celebrations**

We will be celebrating New Year's Eve at Gurughar in welcoming the New Year 2022. Let us start the New Year with Ardas for love, happiness and prosperity of our Sangat. After Sukhmani Sahib path, jathas of Bhai Bhupinder Singh, Giani Gurnam Singh/Giani Ompal Singh will do the Shabad Kirtan till mid night followed by Ardas for the entire Sangat.

**January 7-8-9 , 2022**
**Sri Akhand Path Sahib and Langar sewa by Bhai Ajayvir Birdi**

Sri Akhand Path Sahib and langar sewa will be hosted by Bhai Ajayvir Birdi and his family for the Chardi-kala of their family. May Waheguru bless Birdi family.

**January 13, 2022**
**LOHRI Celebration**

Lohri will be celebrated in the Gurughar at 6:00 PM on Thursday, January 13, 2022. Sangat is requested to come with their families and friends. Parents of newborn children are specially requested to come and celebrate first Lohri of their new born children in the Gurughar.

**February 18-19-20, 2022**
**645th Gurupurb of Sri Guru Ravidass Ji**

Sri Guru Ravidass Sabha CA, Pittsburg will be celebrating the 645th Parkash Utsav of SATGURU RAVIDASS JI on Sunday, February 20, 2022 at the Gurughar.

| | |
|---|---|
| ARAMBH SRI AKHAND PATH | February 18, 2022 (FRIDAY) 9:30 AM |
| BHOG SRI AKHAND PATH | February 20, 2022 (SUNDAY) 9:30 AM |
| KIRTAN DIWAN | After Bhog Ceremony until 2:00 PM |

Nishan Sahib Hoisting Ceremony will be held on February 19th 2022 (Saturday) at 11:00 AM.

www.sriguru../ravidasstemple.com

## Sangat Sewadars

| Chairperson | President | General Secretary | Treasurer |
|---|---|---|---|
| Kulwant Kaur Banga | Jagtar Singh Bhatia | Abhishek Pal Narabut | Sunita Singh |

# ਸਾਕਾ ਸਰਹਿੰਦ 27 ਦਸੰਬਰ, 1704 'ਤੇ ਵਿਸ਼ੇਸ਼



ਸੰਸਾਰ ਵਿਚ ਸੰਘਰਸ਼ ਅਤੇ ਦਲੇਰੀ ਦੀਆਂ ਬਹੁਤ ਮਿਸਾਲਾਂ ਹਨ। ਪਰ ਸਿੱਖ ਕੌਮ ਦਾ ਇਕ ਵਿਲੱਖਣ ਇਤਿਹਾਸ ਹੈ। ਹਰ ਮੁਸੀਬਤ ਦਾ ਸਾਹਮਣਾ ਸੰਜਮ, ਸਾਹਸ, ਦ੍ਰਿੜ੍ਹਤਾ ਅਤੇ ਬੀਰਤਾ ਨਾਲ ਕੀਤਾ ਹੈ। ਘੱਲੂਘਾਰਿਆਂ ਤੋਂਬਾਅਦ 1763 ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਜੀ ਦੀ ਅਗਵਾਈ ਹੇਠ ਸਰਹਿੰਦ ਨੂੰ ਮੁੜ ਫਤਿਹ ਕਰ ਲਿਆ ਅਤੇ ਜੈਨ ਖਾਂ ਸੂਬਾ ਸਰਹਿੰਦ ਨੂੰ ਮਾਰ ਮੁਕਾਇਆ।

ਸਿੱਖ ਸੰਘਰਸ਼ ਵਿਚ ਸਵੈਮਾਣ ਅਤੇ ਮਨੁੱਖ ਦੀ ਪੂਰਨ ਆਜ਼ਾਦੀ ਲਈ ਧਾਰਮਿਕ ਕੱਟੜਵਾਦੀਆਂ ਦੇ ਜਬਰੀ ਧਰਮ ਪ੍ਰੀਵਰਤਨ ਦੇ ਖੂਨੀ ਇਰਾਦੇ ਦਾ ਮੁਕਾਬਲਾ ਕੀਤਾ ਜਿਵੇਂ: ਤੱਤੀਆਂ ਤਵੀਆਂ, ਉਬਲਦੀਆਂ ਦੇਗਾਂ, ਆਰੇ ਦੇ ਦੰਦਿਆਂ ਤੇ, ਚਰਖੜੀਆਂ ਤੇ, ਰੰਬੀਆਂ ਦੀ ਧਾਰ, ਜੰਬੂਰ ਦੀਆਂ ਖਿੱਚਾਂ ਤੇ ਸਰਹਿੰਦ ਦੀ ਕੰਧ ਤੇ ਚਮਕੌਰ ਦੀਆਂ ਬੇਜੋੜ ਜੰਗਾਂ ਵਿਚ ਦ੍ਰਿੜ੍ਹਤਾ ਨਾਲ ਮੁਕਾਬਲਾ ਕੀਤਾ।

ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਵਧਦੀ ਫੌਜੀ ਤਾਕਤ ਤੋਂ ਪਹਾੜੀ ਰਾਜੇ ਭੈਅ-ਭੀਤ ਸਨ ਕਿਉਂਕਿ ਉਹਨਾਂ ਨੂੰ ਆਪਣੇ ਧਰਮ ਅਤੇ ਰਾਜਸੱਤਾ ਨੂੰ ਖਤਰਾ ਜਾਪਦਾ ਸੀ। ਉਹਨਾਂ ਮੁਗਲ ਬਾਦਸ਼ਾਹ ਔਰੰਗਜੇਬ ਤੋਂ ਮਦਦ ਮੰਗੀ। ਬਾਦਸ਼ਾਹ ਔਰੰਗਜੇਬ ਨੇ ਲਾਹੌਰ ਅਤੇ ਸਰਹਿੰਦ ਦੇ ਸੂਬੇਦਾਰਾਂ ਨੂੰ ਗੁਰੂ ਸਾਹਿਬ ਜੀ ਵੱਲ ਵਧਣ ਲਈ ਕਿਹਾ। ਉਹਨਾਂ ਨੇ 1701 ਨੂੰ ਆਨੰਦਪੁਰ ਸਾਹਿਬ 'ਤੇਹਮਲਾ ਕਰ ਦਿੱਤਾ। ਪਹਾੜੀ ਰਾਜਿਆਂ ਦਾ ਮੁਕਾਬਲਾ ਤਿੰਨ ਸਾਲ ਤੱਕ ਚਲਦਾ ਰਿਹਾ। ਅੰਤ 1704 ਨੂੰ ਵੈਰੀ ਦੀਆਂ ਰਲਵੀਆਂ ਫੌਜਾਂ ਨੇ ਕਿਲੇ ਨੂੰ ਪੂਰੀ ਤਰ੍ਹਾਂ ਘੇਰਾ ਪਾ ਲਿਆ। ਰਾਸ਼ਨ ਪਾਣੀ ਅੰਦਰ ਜਾਣ'ਤੇ ਪਾਬੰਦੀ ਲਗਾ ਦਿੱਤੀ। ਸਿੱਟੇ ਵਜੋਂ ਭੁੱਖ ਅਤੇ ਪਿਆਸ ਹੱਥੋਂ ਸਿੰਘ ਤੰਗ ਆ ਗਏ। ਨਿੱਤ ਦਿਨ ਉਹ ਕਮਜ਼ੋਰ ਹੋਣ ਲੱਗੇ। ਵੈਰੀ ਕੋਲ ਸਿਖਲਾਈ ਪ੍ਰਾਪਤ ਵੱਡੀ ਫੌਜ ਸੀ। ਫਿਰ ਵੀ ਵੈਰੀ ਨੇ ਜਾਣ ਲਿਆ ਸੀ ਕਿ ਗੁਰੂ ਸਾਹਿਬ ਜੀ ਕੋਲੋਂ ਜਬਰੀ ਕਿਲਾ ਖਾਲੀ ਨਹੀਂ ਕਰਵਾਇਆ ਜਾ ਸਕਦਾ। ਰਲਵੇਂ ਜਰਨੈਲਾਂ ਨੇ ਝੂਠੀਆਂ ਕਸਮਾਂ ਖਾਸ ਕੇ ਗੁਰੂ ਸਾਹਿਬ ਜੀ ਨੂੰ ਕਿਹਾ ਕਿ ਜੇਕਰ ਉਹ ਕਿਲਾ ਛੱਡ ਦੇਣ ਤਾਂ ਉਹਨਾਂ ਨੂੰ ਸੁਰੱਖਿਅਤ ਜਾਣ ਦਿੱਤਾ ਜਾਵੇਗਾ, ਕੋਈ ਹਮਲਾ ਨਹੀਂ ਕੀਤਾ ਜਾਵੇਗਾ।



**ਪ੍ਰਮਿੰਦਰ ਸਿੰਘ ਪ੍ਰਵਾਨਾ**

510-781-0487

ਭਾਵੇਂ ਗੁਰੂ ਸਾਹਿਬ ਜੀ ਨੂੰ ਉਹਨਾਂ 'ਤੇ ਇਤਬਾਰ ਨਹੀਂ ਸੀ, ਪਰ ਹਾਲਾਤ ਹੀ ਅਜਿਹੇ ਸਨ ਕਿ ਗੁਰੂ ਸਾਹਿਬ ਜੀ ਨੇ 20-21 ਦਸੰਬਰ 1704 ਦੀ ਵਿਚਕਾਰਲੀ ਰਾਤ ਨੂੰ ਆਨੰਦਪੁਰ ਛੱਡ ਦਿੱਤਾ। ਗੁਰੂ ਸਾਹਿਬ ਜੀ ਨਾਲ 400-500 ਸਿੰਘ ਚਾਰ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਸਨ। ਇੱਥੋਂ ਹੀ ਚਮਕੌਰ ਸਾਹਿਬ ਦੀ ਜੰਗ ਅਤੇ ਸਾਕਾ ਸਰਹਿੰਦ ਸ਼ੁਰੂ ਹੁੰਦਾ ਹੈ। ਜਦੋਂ ਇਹ ਕਾਫਲਾ ਸਰਸਾ ਨਦੀ ਤੇ ਪਹੁੰਚਿਆ, ਵੈਰੀਆਂ ਨੇ ਸਾਰੀਆਂ ਕਸਮਾਂ ਤੋੜਕੇ ਕਾਫਲੇ 'ਤੇ ਹਮਲਾ ਕਰ ਦਿੱਤਾ। ਗੁਰੂ ਸਾਹਿਬ ਜੀ ਘੇਰੇ ਵਿਚ ਆ ਗਏ। ਵੈਰੀ ਦੀ ਰਲਵੀਂ ਫੌਜ ਪਿੱਛਾ ਕਰਦੀ ਆ ਰਹੀ ਸੀ। ਸਿੰਘ ਵੀ ਮੈਦਾਨ ਵਿਚ ਡਟ ਖਲੋਤੇ। ਘਮਸਾਨ ਦੀ ਜੰਗ ਸ਼ੁਰੂ ਸੀ। ਸਿੰਘਾਂ ਨੇ ਹਿੰਮਤ ਕਰਕੇ ਦੋ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਸਿਰਸਾ ਪਾਰ ਲੰਘਾ ਦਿੱਤਾ। ਗੁਰੂ ਸਾਹਿਬ ਜੀ ਅਤੇ ਕੁਝ ਸਿੰਘ ਘੋੜਿਆਂ ਸਮੇਤ ਸਿਰਸਾ ਪਾਰ ਲੰਘ ਗਏ। ਇਸੇ ਦੌਰਾਨ ਮਾਤਾ ਗੁਜਰੀ ਜੀ ਅਤੇ ਦੋ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਜੀ ਪਰਿਵਾਰ ਤੋਂ ਵਿੱਛੜ ਗਏ। ਗੁਰੂ ਘਰ ਦੇ ਰਸੋਈਏ ਗੰਗੂ ਬ੍ਰਾਹਮਣ ਕਿਸੇ ਹੋਰ ਰਾਹ 'ਤੇ ਪੈ ਗਏ। ਗੁਰੂ ਸਾਹਿਬ ਜੀ ਕੁਝ ਸਿੰਘਾਂ ਅਤੇ ਦੋ ਵੱਡੇ ਸਾਹਿਬਜ਼ਾਦਿਆਂ ਨਾਲ ਚਮਕੌਰ ਸਾਹਿਬ ਵੱਲ ਵੱਧ ਰਹੇ ਸਨ। ਮਾਤਾ ਗੁਜਰੀ ਜੀ ਅਤੇ ਦੋ ਛੋਟੇ ਸਾਹਿਬਜ਼ਾਦਿਆਂ ਨਾਲ ਕਾਫਲੇ ਤੋਂ ਵਿਛੜ ਕੇ ਗੰਗੂ ਬ੍ਰਾਹਮਣ ਨਾਲ ਉਸਦੇ ਪਿੰਡ ਸਹੇੜੀ/ਮੋਰਿੰਡਾ ਵਿਖੇ ਜਾ ਠਹਿਰੇ। ਮਾਤਾ ਜੀ ਕੋਲ ਧੰਨ ਦੌਲਤ ਵੀ ਸੀ। ਇਹ ਵੇਖ ਕੇ ਗੰਗਾਂ ਦੇ ਮਨ ਵਿਚ ਲਾਲਚ ਅਤੇ ਬੇਈਮਾਨੀ ਆ ਗਈ। ਉਸਨੇ ਰਾਤ ਨੂੰ ਮਾਤਾ ਜੀ ਦੇ ਪੱਲੇ ਜੋ ਨਕਦੀ ਧੰਨ ਅਤੇ ਗਹਿਣੇ ਸਨ, ਚੋਰੀ ਕਰ ਲਏ। ਜਦੋਂ ਸਵੇਰੇ ਮਾਤਾ ਜੀ ਨੇ ਗੰਗੂ ਤੋਂ ਚੋਰੀ ਬਾਰੇ ਪੁੱਛਿਆ ਤਾਂ ਆਪਣੀ ਚੋਰੀ ਛੁਪਾਉਣ ਲਈ ਉਹ ਖਹਿਬੜ ਹੀ ਪਿਆ। ਹੋਰ ਲਾਲਚ ਵਿਚ ਸਰਕਾਰ ਤੋਂ ਇਨਾਮ ਪ੍ਰਾਪਤ ਕਰਨ ਲਈ ਉਸਨੇ ਮਾਤਾ ਜੀ ਅਤੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਸਰਕਾਰ ਕੋਲ ਫੜਾਉਣ ਲਈ ਕਹਿ ਦਿੱਤਾ।

ਮਾਤਾ ਜੀ ਨੇ ਬੜਾ ਸਮਝਾਇਆ ਕਿ ਤੂੰ ਇਹ ਪਾਪ ਨਾ ਕਰ। ਉਸਨੇ ਮੋਰਿੰਡਾ ਦੇ ਕੋਤਵਾਲ ਕੋਲ ਜਾ ਕੇ ਦੱਸ ਪਾ ਦਿੱਤੀ ਕਿ ਗੁਰੂ ਸਾਹਿਬ ਜੀ ਦਾ ਪਰਿਵਾਰ ਉਸਦੇ ਘਰ ਵਿਚ ਹੈ। ਮੋਰਿੰਡਾ ਪੁਲਿਸ ਨੇ ਮੋਰਿੰਡਾ ਦੇ ਜਾਨੀ ਖਾਂ ਤੇ ਮਾਨੀ ਖਾਂ ਨੂੰ ਭੇਜ ਕੇ 23 ਦਸੰਬਰ 1704 ਦੀ ਸਵੇਰ ਨੂੰ ਪਰਿਵਾਰ ਗ੍ਰਿਫਤਾਰ ਕਰ ਲਿਆ। ਸ਼ਾਮ ਤੱਕ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਕੋਲ ਪੇਸ਼ ਕਰ ਦਿੱਤਾ। ਅਗਲੀ ਕਾਰਵਾਈ ਹੋਣ ਤੱਕ ਸੂਬੇਦਾਰ ਨੇ ਤਿੰਨਾਂ ਨੂੰ ਸਰਹਿੰਦ ਦੇ ਠੰਡੇ ਬੁਰਜ ਵਿਚ ਕੈਦ ਕਰ ਦਿੱਤਾ। ਪੋਹ ਦੀ ਠੰਡੀ ਰਾਤ ਨੂੰ ਪਰਿਵਾਰ ਨੇ ਮੁਗਲਾਂ ਦਾ ਜ਼ੁਲਮ ਸਹਿਣਾ ਪਿਅ। ਹਕੂਮ ਤਦੇ ਪਹਿਰੇ ਦੀ ਪੂਰੀ ਸਖਤੀ ਸੀ। ਸਿੱਖੀ ਦੇ ਸ਼ਰਧਾਲੂ ਬਾਬਾ ਮੋਤੀ ਰਾਮ ਮਹਿਰਾ ਜੀ ਨੇ ਆਪਣੀ ਜਾਨ ਤੇ ਖੇਡ ਕੇ ਪਰਿਵਾ ਦੀ ਗਰਮ ਦੁੱਧ ਨਾਲ ਸੇਵਾ ਕੀਤੀ। ਮੋਤੀ ਰਾਮ ਮਹਿਰਾ ਜੀ ਦੀ ਇਸ ਕੁਰਬਾਨੀ ਦਾ ਸਿੱਖ ਇਤਿਹਾਸ ਵਿਚ ਬੜਾ ਸਤਿਕਾਰ ਹੈ।

23-24 ਦਸੰਬਰ 1704 ਦੀ ਰਾਤ ਠੰਡੇ ਬੁਰਜ ਵਿਚ ਕੈਦ ਰੱਖਣ ਤੋਂਬਾਅਦ 24 ਦਸੰਬਰ 1704 ਨੂੰ ਸੂਬੇਦਾਰ ਵਜ਼ੀਰ ਖਾਂ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਅ। ਸਾਹਿਬਜ਼ਾਦੇ ਬੜੀ ਚੜ੍ਹਦੀ ਕਲਾ ਸਿਦਕ, ਸੰਜਮ ਅਤੇ ਦ੍ਰਿੜ੍ਹਤਾ ਨਾਲ ਪੇਸ਼ ਹੋਏ। ਸਾਹਿਬਜ਼ਾਦਿਆਂ ਨੂੰ ਝੂਠਾ ਡਰਾਵਾ ਦਿੱਤਾ ਗਿਆ ਕਿ ਉਹਨਾਂ ਦੇ ਗੁਰ-ਪਿਤਾ ਸਾਹਿਬ ਜੀ ਚਮਕੌਰ ਸਾਹਿਬ ਦੀ ਜੰਗ ਵਿਚ ਸ਼ਹੀਦ ਹੋ ਚੁੱਕੇ ਹਨ। ਹੁਣ ਤੁਹਾਨੂੰ ਕੋਈ ਨਹੀਂ ਬਚਾਅ ਸਕਦਾ। ਤੁਸੀਂ ਇੱਥੋਂ ਬਚ ਕੇ ਵੀ ਨਹੀਂ ਨਿਕਲ ਸਕਦੇ। ਤੁਹਾਡੀ ਜਾਨ ਬਖਸ਼ੀ ਜਾ ਸਕਦੀ ਹੈ ਕਿ ਇਸਲਾਮ ਕਬੂਲ ਕਰ ਲਓ। ਸਾਹਿਬਜ਼ਾਦਿਆਂ ਨੇ ਬੜੀ ਦ੍ਰਿੜ੍ਹਤਾ ਨਾਲ ਉਤਰ ਦਿੱਤਾ ਕਿ ਉਹ ਆਪਣੇ ਧਰਮ ਨੂੰ ਬਚਾਉਣ ਅਤੇ ਕਾਇਮ ਰੱਖਣ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਲਈ ਤਿਆਰ ਹਨ। ਸਾਨੂੰ ਆਪਣੇ ਧਾਰਮਿਕ ਵਿਰਸੇ ਦੀਆਂ ਕੁਰਬਾਨੀਆਂ ਤੇ ਬੜਾ ਮਾਣ ਹੈ। ਉਪਰੋਂ ਦਾਦੀ ਮਾਂ ਗੁਜਰੀ ਜੀ ਦਾ ਹੌਸਲਾ ਸਾਡੇ ਨਾਲ ਹੈ। ਅਸੀਂ ਧਰਮ ਦੀ ਸ਼ਾਨ ਹਮੇਸ਼ਾ ਉੱਚੀ ਰੱਖਣੀ ਹੈ। ਕਚਹਿਰੀ ਵਿਚ ਹਕੂਮਤ ਦੇ ਉਚ ਅਧਿਕਾਰੀਆਂ ਨੇ ਵੀ ਕਿਹਾ ਕਿ ਬੱਚਿਓ ਨਵਾਬ ਅੱਗੇ ਝੁਕ ਜਾਣ। ਇਸਲਾਮ ਕਬੂਲ ਕਰਨ ਲਈ ਵੀ ਪ੍ਰੇਰਿਆ।

ਸੂਬੇਦਾ ਹੁਣ ਦੁਨਿਆਵੀ ਲਾਲਚ ਦੇਣ ਤੇ ਆ ਗਿਆ ਕਿ ਇਸਲਾਮ ਕਬੂਲ ਕਰਕੇ ਸ਼ਾਹੀ ਠਾਠ ਬਾਠ ਦੀ ਜ਼ਿੰਦਗੀ ਦਾ ਸੁਪਨਾ ਦਿਖਾਇਆ। ਪਰ ਸਾਹਿਬਜ਼ਾਦੇ ਅਡੋਲ ਆਪਣੇ ਵਚਨ 'ਤੇ ਕਾਇਮ ਰਹੇ। ਬੜੀ ਦਲੀਲ ਨਾਲ ਹਰ ਲਾਲਚ ਠੁਕਰਾ ਦਿੱਤਾ। ਸੂਬੇਦਾਰ ਉਹਨਾਂ ਦੀ ਦਲੇਰੀ ਤੇ ਹੈਰਾਨ ਸੀ। ਪਰ ਉਸਨੇ ਸੋਚਿਆ ਕਿ ਬੱਚੇ ਹਨ ਡਰਾਉਣ ਧਮਕਾਉਣ ਨਾਲ ਸਹਿਮ ਜਾਣਗੇ, ਹੌਲੀ ਹੌਲੀ ਮੰਨ ਹੀ ਜਾਣਗੇ। ਉਸ ਦਿਨ ਦੀ ਕਾਰਵਾਈ ਖਤਮ ਹੋਈ। ਅਗਲੇ ਦਿਨ ਪੇਸ਼ ਹੋਣ ਦਾ ਹੁਕਮ ਦਿੱਤਾ ਅਤੇ ਉਹਨਾਂ ਨੂੰ ਮੁੜ ਠੰਡੇ ਬੁਰਜ ਵਿਚ ਭੇਜ ਦਿੱਤਾ।

25 ਦਸੰਬਰ 1704 ਨੂੰ ਮੁੜ ਕਚਹਿਰੀ ਵਿਚ ਪੇਸ਼ੀ ਹੋਈ। ਸਾਹਿਬਜ਼ਾਦੇ ਹੋਰ ਵੀ ਦ੍ਰਿੜ੍ਹ ਸਨ। ਫਿਰ ਉਹੀ ਜਾਹੋ-ਜਲਾਲ ਅਤੇ ਚੜ੍ਹਦੀ ਕਲਾ ਵਿਚ ਕਾਇਮ ਸਨ। ਅਦਾਲਤ ਦੀ ਕਾਰਵਾਈ ਵਿਚ ਫਿਰ ਉਹੀ ਇਸਲਾਮ ਕਬੂਲਣ ਦੀ ਕਹਾਣੀ ਦੁਹਰਾਈ ਗਈ। ਸੂਬੇਦਾਰ ਫਿਰ ਡਰਾਉਣ ਧਮਕਾਉਣ ਲੱਗਾ। ਉਸਨੇ ਕ੍ਰੋਧ ਵਿਚ ਆ ਕੇ ਕਿਹਾ ਕਿ ਇਸਲਾਮ ਨਾ ਕਬੂਲ ਕਰਨ ਤੇ ਉਹਨਾਂ ਨੂੰ ਜ਼ਿੰਦਾ ਕੰਧ ਵਿਚ ਚਿਣ ਕੇ ਕਤਲ ਕਰਨ ਤੱਕ ਦੀ ਧਮਕੀ ਦਿੱਤੀ। ਸਾਹਿਬਜ਼ਾਦੇ ਅਡੋਲ ਸਨ। ਸੂਬੇਦਾਰ ਨੇ ਕਾਜੀ ਨੂੰ ਸਾਹਿਬਜ਼ਾਦਿਆਂ ਦਾ ਦੋਸ਼ ਸਮਝਾਉਂਦਿਆਂ ਉਹਨਾਂ ਵਿਰੁੱਧ ਤੁਰੰਤ ਸਜ਼ਾ ਸੁਣਾਉਣ ਦਾ ਫੈਸਲਾ ਦੇਣ ਲਈ ਕਿਹਾ। ਪਰ ਕਾਜ਼ੀ ਨੇ ਕਿਹਾ ਕਿ ਇਸਲਾਮ ਮਾਸੂਮ ਬੱਚਿਆਂ ਨੂੰ ਉਹਨਾਂ ਦੇ ਬਾਪ ਨਾਲ ਦੁਸ਼ਮਣੀ ਤੇ ਸਜ਼ਾ ਦੇਣ ਦੀ ਇਜਾਜ਼ਤ ਨਹੀਂ ਦਿੰਦਾ। ਸੂਬੇਦਾਰ ਵਜੀਰ ਖਾਂ ਨੇ ਚਲਾਕੀ ਨਾਲ ਹਾਜ਼ਰ ਮੁਹੰਮਦ ਖਾਂ ਨਵਾਬ ਮਲੇਰਕੋਟਲਾ ਨੂੰ ਦੀਨ ਸੁੱਚਾ ਨੰਦ ਦੇ ਇਸ਼ਾਰੇ ਤੇ ਸੂਬੇਦਾਰ ਵਜ਼ੀਰ ਖਾਂ ਨੇ ਨਵਾਬ ਮਲੇਰਕੋਟਲਾ ਨੂੰ ਯਾਦ ਕਰਵਾਇਆ ਕਿ ਉਸਦਾ ਭਰਾ ਨਾਹਰ ਖਾਂ ਜੋ ਮੁਗਲ ਫੌਜ ਦਾ ਆਗੂ ਸੀ। ਗੁਰੂ ਸਾਹਿਬ ਜੀ ਦੇ ਹੱਥੋਂ ਜੰਗ ਵਿਚ ਮਾਰਿਆ ਗਿਆ ਸੀ। ਸੂਬੇਦਾਰ ਨੇ ਸਾਹਿਬਜ਼ਾਦਿਆਂ ਨੂੰ ਉਸਦੇ ਹਵਾਲੇ ਕਰਨ ਦੀ ਪੇਸ਼ਕਸ਼ ਕੀਤੀ ਤਾਂ ਕਿ ਉਹ ਸਾਹਿਬਜ਼ਾਦਿਆਂ ਨੂੰ ਕਤਲ ਕਰਕੇ ਆਪਣੇ ਭਰਾ ਦੀ ਮੌਤ ਦਾ ਬਦਲਾ ਲੈ ਸਕੇ। ਇਹ ਉਸ ਲਈ ਸ਼ਾਹੀ ਮੌਕਾ ਹੈ। ਪਰ ਇਖਲਾਕੀ ਨਵਾਬ ਸੂਬੇਦਾਰ ਦੀ ਚਲਾਕੀ ਵਿਚ ਨਹੀਂ ਆਇਆ। ਉਸਦੇ ਸ਼ਬਦਾਂ ਨੂੰ ਹਕੀਮ ਅੱਲਾ ਯਾਰ ਖਾਂ ਜੋਗੀ ਦੇ ਸ਼ਬਦਾਂ ਵਿਚ ਕਿ 'ਬਦਲਾ ਹੀ ਲੇਨਾ ਹੋਗਾ ਤੋ ਹਮ ਲੇਂਗੇਬਾਪ ਸੇ, ਮਹਿਫੂਜ਼ ਰੱਖੇ ਹਮ ਕੋ ਖੁਦਾ ਐਸੇ ਪਾਪ ਸੇ'।

ਪਰ ਮਕਾਰ ਸੁੱਚਾ ਨੰਦ ਨਹੀਂ ਚਾਹੁੰਦਾ ਸੀ ਕਿ ਬੱਚਿਆਂ ਨੂੰ ਛੱਡਿਆ ਜਾਵੇ। ਉਸਨੇ ਬਹਾਨੇ ਨਾਲ ਕਿਹਾ ਕਿ ਜੇਕਰ ਹੁਣ ਛੱਡ ਦਿੱਤੇ ਤਾਂ ਅੱਗੇ ਜਾ ਕੇ ਵੱਡੀ ਬਗਾਵਤ ਕਰਨਗੇ। ਇਸ ਲਈ ਇਹ ਕੱਲ੍ਹ ਦੇ ਬਾਗੀ ਹਕੂਮਤ ਲਈ ਖਤਰਾ ਹਨ। ਬਾਗੀਆਂ ਨੂੰ ਸਜ਼ਾ ਮਿਲਣੀ ਹੀ ਚਾਹੀਦੀ ਹੈ। ਹੋਰ ਕੋਈ ਚਾਰਾ ਨਾ ਦਿੱਸਣ ਤੇ ਸੂਬੇਦਾਰ ਵਜ਼ੀਰ ਖਾਂ ਨੇ ਕਿਹਾ ਕਿ ਬੱਚਿਓ ਮੈਂ ਤੁਹਾਨੂੰ ਆਖਰੀ ਮੌਕਾ ਦਿੰਦਾ ਹਾਂ ਕਿ ਇਸਲਾਮ ਕਬੂਲ ਕਰ ਲਵੋ ਜਾਂ ਮੌਤ ਦਾ ਸਾਹਮਣਾ ਕਰਨ ਲਈ ਤਿਆਰ ਹੋ ਜਾਓ। ਸਾਹਿਬਜ਼ਾਦਿਆਂ ਨੇ ਆਪਣਾ ਦ੍ਰਿੜ੍ਹ ਫੈਸਲਾ ਸੁਣਾਉਂਦਿਆਂ ਬੜੇ ਜੋਸ਼ ਵਿਚ ਕਿਹਾ ਕਿ ਅਸੀਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਵੱਲੋਂ ਬਣਾਈ ਸ਼ੇਰਾਂ ਦੀ ਕੌਮ ਦੇ ਸਾਹਿਬਜ਼ਾਦੇ ਹਾਂ, ਜੋ ਮੌਤ ਤੋਂ ਨਹੀਂ ਡਰਦੇ। ਤਦ ਸੂਬੇਦਾਰ ਨੇ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਕੰਧ ਵਿਚ ਚਿਣ ਦੇਣ ਦਾ ਹੁਕਮ ਸੁਣਾ ਦਿੱਤਾ। ਨਵਾਬ ਮਲੇਰਕੋਟਲਾ ਨੇ ਇਸ ਫੈਸਲੇ ਤੇ ਅਸਹਿਮਤੀ ਪ੍ਰਗਟ ਕਰਦਿਆਂ ਇਸਨੂੰ ਰੱਦ ਕਰਨ ਦਾ ਸੁਝਾਅ ਦਿੱਤਾ। ਪਰ ਉਸਦੀ ਸੱਚ ਦੀ ਆਵਾਜ਼ ਨੂੰ ਨਾ ਸੁਣਿਆ ਗਿਆ। ਨਵਾਬ ਸਾਹਿਬ ਨੇ 'ਹਾਅ ਦਾ ਨਾਅਰਾ' ਮਾਰਿਆ ਅਤੇ ਕਚਹਿਰੀ ਛੱਡ ਕੇ ਚਲੇ ਗਏ।

ਸੂਬੇਦਾਰ ਵਜ਼ੀਰ ਖਾਂ ਦੇ ਹੁਕਮ ਨਾਲ ਕੰਧ ਦੀ ਉਸਾਰੀ ਦਾ ਸਮਾਨ ਮੰਗਵਾ ਲਿਆ ਗਿਆ। ਮਾਸੂਮ ਸਾਹਿਬਜ਼ਾਦਿਆਂ ਨੂੰ ਕੰਧ ਵਿਚ ਚਿਣਵਾਇਆ ਜਾਣ ਲੱਗਾ। ਰਦੇ ਲਾਉਂਦਿਆਂ ਵੀ ਉਹਨਾਂ ਨੂੰ ਮੁੜ ਮੁੜ ਇਸਲਾਮ ਕਬੂਲਣ ਲਈ ਉਕਸਾਇਆ ਜਾਂਦਾ ਰਿਹਾ ਪਰ ਸਾਹਿਬਜ਼ਾਦੇ ਹਮੇਸ਼ਾ ਦੀ ਤਰ੍ਹਾਂ ਅਡੋਲ ਸਨ। ਜਦੋਂ ਕੰਧ ਛਾਤੀ ਤੱਕ ਆਣ ਪੁੱਜੀ ਤਾਂ ਬੁਨਿਆਦ ਹਿੱਲ ਗਈ ਤੇ ਕੰਧ ਢਹਿ ਢੇਰੀ ਹੋ ਗਈ। ਸਾਹਿਬਜ਼ਾਦਿਆਂ ਨੂੰ ਬਾਹਰ ਕੱਢ ਲਿਆ। ਉਹਨਾਂ ਨੂੰ ਫਿਰ ਠੰਡੇ ਬੁਰਜ ਭੇਜ ਦਿੱਤਾ, ਜਿੱਥੇ ਉਹ ਫਿਰ ਤੋਂ ਕਾਇਮ ਹੋ ਗਏ ਸਨ।

27 ਦਸੰਬਰ 1704 ਨੂੰ ਸਾਹਿਬਜ਼ਾਦਿਆਂ ਨੂੰ ਤੀਸਰੀ ਅਤੇ ਆਖਰੀ ਵਾਰ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਫਿਰ ਹਾਕਮਾਂ ਨੇ ਉਹੀ ਕੋਸ਼ਿਸ਼ ਕੀਤੀ ਕਿ ਇਸਲਾਮ ਕਬੂਲ ਕਰ ਲੈਣ। ਪਰ ਸਾਹਿਬਜ਼ਾਦੇ ਤਾਂ ਦ੍ਰਿੜ੍ਹ ਸਨ। ਉਹਨਾਂ ਨੇ ਸ਼ਹੀਦੀ ਕਬੂਲ ਕਰ ਲਈ। ਹਕੂਮਤ ਨੇ ਆਪਣੀ ਹਾਰ ਹੁੰਦੀ ਵੇਖ ਕੇ ਸੁੱਚਾ ਨੰਦ ਫਿਰ ਬੌਖਲਾ ਉਠਾ ਤੇ ਫੈਸਲਾ ਕਰਵਾ ਲਿਆ ਕਿ ਸਾਹਿਬਜ਼ਾਦਿਆਂ ਦੇ ਸੀਸ ਕਲਮ ਕਰਨ ਦਾ ਹੁਕਮ ਸੁਣਾ ਦਿੱਤਾ ਗਿਆ। ਸਮਾਣਾ ਦੇ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨਾਮੀ ਜਲਾਦਾਂ ਨੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਦੇ ਬੜੀ ਬੇਰਹਿਮੀ ਨਾਲ ਸੀਸ ਧੜ ਤੋਂ ਅਲੱਗ ਕਰ ਦਿੱਤਾ। ਸਾਹਿਬਜ਼ਾਦਿਆਂ ਨੇ ਆਪਣੇ ਸਰੀਰ ਭੇਂਟ ਕਰਕੇ ਆਪਣੇ ਪੁਰਖਿਆਂ ਦੀਆਂ ਸ਼ਹੀਦੀਆਂ ਦੀ ਲਾਜ਼ ਰੱਖ ਲਈ। ਉਹ ਧਰਮ ਦੇ ਸਿਦਕ ਤੋਂ ਨਹੀਂ ਹਾਰੇ। ਲੋਕਾਂ ਨੂੰ ਹਾਅ ਦਾ ਨਾਅਰਾ ਮਾਰਿਆ ਕਿ ਧੰਨ ਹੈ ਉਹ ਮਾਂ ਜਿਸਨੇ ਅਜਿਹੇ ਬਹਾਦਰ ਸਪੂਤਾਂ ਨੂੰ ਜਨਮ ਦਿੱਤਾ ਹੈ। ਇਸ ਤਰ੍ਹਾਂ 7, 9 ਸਾਲ ਦੀ ਉਮਰ ਦੇ ਸਾਹਿਬਜ਼ਾਦੇ ਮੁਗਲ ਹਕੂਮਤ ਦੇ ਜ਼ਾਲਮ ਹਾਕਮਾਂ ਨੇ ਸ਼ਹੀਦ ਕਰਵਾ ਦਿੱਤੇ। ਮਾਤਾ ਗੁਜਰੀ ਜੀ ਵੀ ਇਸੇ ਜ਼ੁਲਮ ਹੇਠ ਸ਼ਹੀਦੀ ਪਾ ਗਏ। ਸਾਕਾ ਸਰਹਿੰਦ ਦਿਵਸ ਸਾਲਾਨਾ ਜੋੜ ਮੇਲਾ ਫਤਿਹਗੜ੍ਹ ਸਾਹਿਬ ਵਿਖੇ 11, 12, 13 ਪੋਹ ਨੂੰ ਮਨਾਇਆ ਜਾਂਦਾ ਹੈ।

ਸੂਬਾ ਸਰਹਿੰਦ ਦੇ ਦੀਵਾਨ ਟੋਡਰ ਮੱਲ ਜੀ ਜੋ ਸਿੱਖੀ ਦੇ ਸ਼ਰਧਾਲੂ ਨੇਕ ਇਨਸਾਨ ਸਨ, ਉਹਨਾਂ ਨੇ ਸ਼ਾਮ ਤੱਕ ਤਿੰਨਾਂ ਦੀਆਂ ਅੰਤਿਮ ਰਸਮਾਂ ਦਾ ਪ੍ਰਬੰਧ ਕਰ ਲਿਆ ਸੀ। ਜ਼ਮੀਨ ਦੇ ਇਸ ਟੁਕੜੇ ਲਈ ਉਹਨਾਂ ਨੂੰ ਖੜ੍ਹੇ ਰੁਖ ਸੋਨੇ ਦੀਆਂ ਅਸ਼ਰ-ਫੀਆਂ ਵਿਛਾ ਕੇ ਮੁੱਲ ਤਾਰਨਾ ਪਿਆ। ਜਿੱਥੇ ਗੁਰਦੁਆਰਾ 'ਜੋਤੀ ਸਰੂਪ ਸੁਸ਼ੋਭਿਤ ਹੈ। ਸਿੱਖ ਇਤਿਹਾਸ ਵਿਚ 'ਸਾਕਾ ਸਰਹਿੰਦ' ਕੁਰਬਾਨੀ ਦੀ ਇਕ ਆਪਣੀ ਵਿਲੱਖਣ ਮਿਸਾਲ ਹੈ।

ਸਿੱਖ ਇਤਿਹਾਸ ਵਿਚ ਕਾਫੀ ਮੋਤੀ ਰਾਮ ਮਹਿਰਾ ਅਤੇ ਦੀਵਾਨ ਟੋਡਰ ਮੱਲ ਜੀ ਦਾ ਨਾਂ ਉਹਨਾਂ ਦੇ ਨੇਕ ਕਿਰਦਾਰਾਂ ਲਈ ਬੜੇ ਪਿਆਰ ਸਤਿਕਾਰ ਨਾਲ ਲਿਆ ਜਾਂਦਾ ਹੈ। ਸਾਰਾ ਸਰਹਿੰਦ ਦੀਆਂ ਸਰਵਉੱਚ ਸ਼ਹੀਦੀਆਂ ਨੇ ਸੰਸਾਰ ਲਈ ਇਕ ਮਿਸਾਲ ਪੈਦਾ ਕੀਤੀ ਹੈ। ਇਸ ਦ੍ਰਿੜ੍ਹ ਇਰਾਦੇ ਦੇ ਜਜ਼ਬਾਤ ਨੇ ਸਾਬਤ ਕੀਤਾ ਕਿ ਕਿਸੇ ਲਾਲਚ ਜਾਂ ਡਰ ਅੱਗੇ, ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਕਦੇ ਨਹੀਂ ਝੁਕ ਸਕਦਾ। ਸਰਹਿੰਦ ਦੀ ਕੰਧ ਸਿੱਖ ਰਾਜ ਦਾ ਨੀਂਹ ਪੱਥਰ ਸਾਬਤ ਹੋਈ। ਬਾਬਾ ਬੰਦਾ ਸਿੰਘ ਬਹਾਦਰ ਨੇ 'ਸਾਕਾ ਸਰਹਿੰਦ' ਦੇ ਮੁੱਖ ਦੋਸ਼ੀ ਸੂਬੇਦਾਰ ਵਜ਼ੀਰ ਖਾਂ ਨੂੰ ਮੌਤ ਦੇ ਘਾਟ ਉਤਾਰ ਕੇ 14 ਮਈ 1710 ਨੂੰ ਜ਼ੁਲਮ ਦਾ ਮਹੱਲ ਢਾਹਿਆ। ਭਾਰੀ ਮੁਸੀਬਤਾਂ ਅਤੇ ਮੁਹਿੰਮਾਂ ਵਿਚੋਂ ਲੰਘ ਕੇ ਸਿੱਖ ਕੌਮ ਫਿਰ ਤੋਂਜਥੇਬੰਦ ਹੁੰਦੀ ਰਹੀ। ਸੰਨ 1783 ਨੂੰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਦਿੱਲੀ 'ਤੇ ਕਬਜ਼ਾ ਕਰ ਲਿਆ। ਸਿੱਖਾਂ ਦੀ ਸੰਯੁਕਤ ਤਾਕਤ ਨੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ 12 ਅਪ੍ਰੈਲ 1801 ਤੋਂ 27 ਜੂਨ 1839 ਤੱਕ ਕਾਇਮ ਰੱਖਿਆ।

# "ਸਰਕਾਰ ਦਾ ਹਿੱਸਾ ਬਣੋ" ਰੈਲੀ 'ਚ ਬਸਪਾ ਅਕਾਲੀ ਵਰਕਰਾਂ ਦਾ ਹੋਇਆ ਇਕੱਠ

**ਡੇਰਾਬੱਸੀ** – ਪੰਜਾਬ ਸੂਬੇ 'ਤੇ ਰਾਜ ਕਰਨ ਲਈ ਹਮੇਸ਼ਾ ਪਾੜੋ ਤੇ ਰਾਜ ਕਰੋ ਦੀ ਨੀਤੀ ਅਪਣਾਈ ਹੈ ਅਤੇ ਗਰੀਬਾਂ ਦੇ ਖ਼ੂਨ-ਪਸੀਨੇ ਦੀ ਕਮਾਈ 'ਤੇ ਰੱਜ ਕੇ ਮੌਜਾਂ ਲੁੱਟੀਆਂ ਹਨ। ਪੰਜਾਬ ਨੂੰ ਸਭ ਤੋਂ ਵੱਧ ਸੰਤਾਪ ਭੋਗਣਾ ਪਿਆ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨਜਸਵੀਰ ਸਿੰਘ ਗੜ੍ਹੀ ਨੇ ਰਾਮਲੀਲ੍ਹਾ ਮੈਦਾਨ ਡੇਰਾਬੱਸੀ ਵਿਖੇ ਬਸਪਾ ਤੇ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਹੇਠ ਆਯੋਜਿਤ 'ਸਰਕਾਰ ਦਾ ਹਿੱਸਾ ਬਣੋ' ਰੈਲੀ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਰੈਲੀ ਦੇ ਵਿਸ਼ਾਲ ਇਕੱਠ ਤੋਂ ਗਦਗਦ ਹੁੰਦਿਆਂ ਕਿਹਾ ਕਿ ਪੰਜਾਬ 'ਚ ਅਗਲੀ ਸਰਕਾਰ ਸਿਰਫ਼ ਤੇ ਸਿਰਫ਼ ਸ਼੍ਰੋਮਣੀ ਅਕਾਲੀ ਦਲ ਤੇ ਬਸਪਾ ਗਠਜੋੜ ਦੀ ਹੀ ਬਣੇਗੀ।ਉਨ੍ਹਾਂ ਕਿਹਾ 1947 ਨੇ ਸਿਰਫ਼ ਪੰਜਾਬ ਨੂੰ ਵੰਡਿਆ ਸੀ ਇਸ ਵੰਡ ਸਮੇਂ 20 ਲੱਖ ਪੰਜਾਬੀਆਂ ਦੀ ਕਤਲੋਗਾਰਤ ਕੀਤੀ ਗਈ। 1984 ਤੋਂ 1994 ਤਕ ਦੇ ਕਾਲੇ ਦੌਰ 'ਚ ਨੌਜਵਾਨਾਂ ਦੀਆਂ ਜਾਨਾਂ ਗਈਆਂ, ਬਜ਼ੁਰਗ ਮਾਰੇ ਗਏ ਧੀਆਂ ਭੈਣਾਂ ਦੀ ਬੇਹੁਰਮਤੀ ਕੀਤੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਪੰਜਾਬ ਦੇ ਭਲੇ ਲਈ ਅੱਜ ਸ਼੍ਰੋਮਣੀ ਅਕਾਲੀ ਬਸਪਾ ਗਠਜੋੜ ਨੂੰ ਜਿਤਾਉਣਾ ਸਮੇਂ ਦੀ ਮੁੱਖ ਮੰਗ ਹੈ। ਉਨ੍ਹਾਂ ਲੋਕਾਂ ਨੂੰ ਵਿਧਾਇਕ ਸ਼ਰਮਾ ਨੂੰ ਇਕ ਵਾਰ ਫਿਰ ਵੱਧ ਤੋਂ ਵੋਟਾਂ ਪਾ ਕੇ ਜਿਤਾਉਣ ਦੀ ਅਪੀਲ ਕੀਤੀ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਹਲਕਾ ਡੇਰਬੱਸੀ ਤੋਂ ਵਿਧਾਇਕ ਐਨਕੇ ਸ਼ਰਮਾ ਨੇ ਬਸਪਾ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੂੰ ਜੀ ਆਇਆ ਕਿਹਾ।



ਉਨ੍ਹਾਂ ਹਲਕੇ ਬਾਰੇ ਗੱਲ ਕਰਦਿਆਂ ਕਿਹਾ ਹਲਕਾ ਡੇਰਾਬੱਸੀ ਦਾ ਵਿਕਾਸ ਜੇ ਹੋਇਆ ਤਾਂ ਸਿਰਫ਼ ਸ਼੍ਰੋਮਣੀ ਅਕਾਲੀ ਦਲ ਦੇ ਰਾਜ 'ਚ ਹੀ ਹੋਇਆ ਹੈ। ਉਨ੍ਹਾਂ ਕਿਹਾ ਇਸ ਹਲਕੇ ਦਾ ਸੇਵਾਦਾਰ ਹੋਣ ਦੇ ਨਾਤੇ ਜਿਹੜੇ ਵਾਅਦੇ ਉਨ੍ਹਾਂ ਲੋਕਾਂ ਨਾਲ ਕੀਤੇ ਉਹ ਪੂਰੀ ਇਮਾਨਦਾਰੀ ਨਾਲ ਪੂਰੇ ਵੀ ਕੀਤੇ। ਉਨ੍ਹਾਂ ਕਿਹਾ ਡੇਰਾਬੱਸੀ ਤਹਿਸੀਲ ਅਤੇ ਜ਼ੀਰਕਪੁਰ ਸਬ ਤਹਿਸੀਲ ਬਾਦਲ ਸਰਕਾਰ ਸਮੇਂ ਹੀ ਬਣੀ। ਲੋੜ ਅਨੁਸਾਰ ਥਾਂ-ਥਾਂ ਓਵਰ ਬਰਿੱਜ ਬਣਾਏ, 55 ਸੁਵਿਧਾ ਕੇਂਦਰ ਬਣੇ, 10 ਹਜ਼ਾਰ ਪਖਾਨੇ ਬਣਾਏ, 22 ਸਕੂਲਾਂ ਨੂੰ ਅਪਗ੍ਰੇਡ ਕੀਤਾ ਗਏ। 47 ਹਜ਼ਾਰ ਨੀਲੇ ਕਾਰਡ ਅਤੇ 10 ਹਜ਼ਾਰ ਲੇਬਰ ਕਾਰਡ ਬਣਾਏ, ਸਗਨ ਸਕੀਮ, ਪੈਨਸਨ ਸਕੀਮ, ਸਕਾਲਰਸ਼ਿਪ ਸਕੀਮ, ਸਾਈਕਲ ਸਕੀਮ ਬਿਜਲੀ ਬਿਲ ਮੁਆਫ ਸਮੇਤ ਹੋਰ ਬਹੁਤ ਸਾਰੀਆਂ ਸਕੀਮਾਂ ਸ਼੍ਰੋਮਣੀ ਅਕਾਲੀ ਦਲ ਦੇ ਰਾਜ 'ਚ ਹੀ ਲਾਗੂ ਹੋਈਆਂ ਜਿਨ੍ਹਾਂ ਚਲਾਉਣ 'ਚ ਸਰਕਾਰ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ। ਉਨ੍ਹਾਂ ਲੋਕਾਂ ਨੂੰ ਭਰੋਸਾ ਦਿਵਾਇਆ ਸ਼੍ਰੋਮਣੀ ਅਕਾਲੀ ਦਲ ਬਸਪਾ ਦੀ ਸਰਕਾਰ ਬਣਨ 'ਤੇ ਲੋਕਾਂ ਨਾਲ ਕੀਤਾ ਇਕ ਇਕ ਵਾਅਦਾ ਪੂਰਾ ਕੀਤਾ ਜਾਵੇਗਾ।

ਇਸ ਹਲਕੇ 'ਚ ਕਿਸਾਨ ਭਰਾਵਾਂ ਲਈ ਇਕ ਵੱਡਾ ਸ਼ੂਗਰ ਮਿੱਲ ਲਾਇਆ ਜਾਵੇਗਾ। ਇਥੇ ਪੀਣ ਅਤੇ ਜ਼ਮੀਨਾਂ ਲਈ ਨਹਿਰੀ ਪਾਣੀ ਲਿਆਂਦਾ ਜਾਵੇਗਾ। ਨੌਜਵਾਨਾਂ ਅਤੇ ਬੀਬੀਆਂ ਲਈ ਵਿਸ਼ੇਸ਼ ਰੁਜ਼ਗਾਰ ਤੇ ਟ੍ਰੇਨਿੰਗ ਦੇ ਮੌਕੇ ਪ੍ਰਦਾਨ ਕੀਤੇ ਜਾਣਗੇ। ਇਸ ਤੋਂ ਇਲਾਵਾ ਹਰ ਘਰ ਨੂੰ ਛੱਤ ਜ਼ਰੂਰ ਮੁਹੱਈਆ ਕਰਵਾਈ ਜਾਵੇਗੀ। ਇਸ ਮੌਕੇ ਬੀਬੀ ਸੀਲਮ ਸੋਹੀ, ਮਨਪ੍ਰੀਤ ਕੌਰ ਡੌਲੀ, ਬੀਬੀ ਗੁਨਿੰਦਰ ਕੌਰਾਂ ਢੱਲੋ, ਬਸਪਾ ਇੰਚਾਰਜ, ਕਰਮਜੀਤ ਕੌਰ ਬੜਾਣਾ, ਮਨਜੀਤ ਸਿੰਘ ਮਲਕਪੁਰ, ਜਥੇਦਾਰ ਰਜਿੰਦਰ ਸਿੰਘ ਈਸਾਪੁਰ, ਭੁਪਿੰਦਰ ਸੈਣੀ, ਕੁਲਦੀਪ ਸਿੰਘ ਰੰਗੀ ਸਮੇਤ ਹੋਰ ਆਗੂ ਹਾਜ਼ਰ ਸਨ।

# ਆਪਣੇ ਸ਼ਹੀਦਾਂ ਦੀ ਕਦਰ ਨਾ ਕਰਨ ਵਾਲੀ ਕੌਮ ਗੁਲਾਮ ਬਣ ਜਾਂਦੀ ਹੈ



ਲਾਲ ਸਿੰਘ ਸੁਲਹਾਣੀ
91-98721-55120

ਦੁਆਬੇ ਵਾਂਗ ਮਾਲਵੇ ਖਾਸ ਕਰਕੇ ਫਿਰੋਜ਼ਪੁਰ, ਫਾਜ਼ਿਲਕਾ, ਅਬੋਹਰ, ਜਲਾਲਾਬਾਦ, ਮੁਕਤਸਰ, ਮੋਗਾ, ਕੋਟਕਪੂਰਾ, ਫਰੀਦਕੋਟ, ਬਠਿੰਡਾ, ਮਾਨਸਾ ਵਿਚ ਬਹੁਜਨ ਸਮਾਜ ਪਾਰਟੀ ਰਾਜਨੀਤਕ ਰੰਗ ਮੰਚ ਤੇ ਤੇਜੀ ਨਾਲ ਉਭਰ ਰਹੀ ਸੀ। ਸਮਾਜਿਕ ਪਰਿਵਰਤਨ ਤੇ ਆਰਥਿਕ ਮੁਕਤੀ ਅੰਦੋਲਨ ਵਿਚ ਇਸ ਖਿਤੇ ਦੇ ਕਾਰਜਕਰਤਾਵਾਂ ਵਲੋਂ ਭਰਪੂਰ ਯੋਗਦਾਨ ਪਾਇਆ ਜਾ ਰਿਹਾ ਸੀ। ਪਿੰਡਾਂ ਦੇ ਗ਼ਰੀਬ ਗੁਰਬੇ ਧਨਾਢ ਪਾਰਟੀਆਂ ਦੇ ਚੁੰਗਲ ਚੋਂ ਨਿਕਲ ਕੇ ਇਨਕਲਾਬੀ ਤਬਦੀਲ-ਿਆਂ ਦਾ ਰਾਹ ਫੜ ਰਹੇ ਸਨ। ਬਹੁਜਨ ਸਮਾਜ ਪਾਰਟੀ ਵੱਲੋਂ ਦੇਸ਼ ਭਰ ਵਿਚ ਬਾਬਾ ਸਾਹਿਬ ਡਾਕਟਰ ਅੰਬੇਡਕਰ ਸ਼ਤਾਬਦੀ ਵਰ੍ਹੇ ਦੇ ਤਹਿਤ ਮਨਾਏ ਜਾ ਰਹੇ ਸਮਾਰੋਹਾਂ ਦੀ ਲੜੀ ਵਿਚ 18 ਸਤੰਬਰਰ1989 ਨੂੰ ਚੰਡੀਗੜ੍ਹ ਦੇ ਸਤਾਰਾਂ ਸੈਕਟਰ ਦੀ ਪਰੇਡ ਗਰਾਊਂਡ ਚ ਸੂਬਾ ਪੱਧਰੀ ਵਿਸ਼ਾਲ ਸੰਮੇਲਨ ਰੱਖਿਆ ਗਿਆ ਸੀ। ਜੋ ਹੁਣ ਤਕ ਦਾ ਸਭ ਤੋਂ ਵੱਡਾ ਸੰਮੇਲਨ ਸੀ ਜਿਸ ਵਿਚ ਪੰਜਾਬ ਭਰ ਤੋਂ ਇਕ ਲੱਖ ਤੋਂ ਵਧੇਰੇ ਬਸਪਾ ਕਾਰਕੁਨਾਂ ਨੇ ਭਾਗ ਲਿਆ। ਇਸ ਸਮਾਗਮ ਵਿਚ ਮਾਲਵਾ ਖੇਤਰ ਦੇ ਕਾਰਜਕਰਤਾਵਾਂ ਨੇ ਵੱਡੀ ਗਿਣਤੀ ਵਿਚ ਪੁਰਜੋਸ਼ ਸ਼ਮੂਲੀਅਤ ਕੀਤੀ। ਇਸ ਮੌਕੇ ਤੇ ਪੰਜਾਬ ਦੇ ਲੋਕਾਂ ਵਲੋਂ ਬਹੁਜਨ ਨਾਇਕ ਸਾਹਿਬ ਕਾਂਸ਼ੀ ਰਾਮ ਜੀ ਨੂੰ 1,11,11 (ਇਕ ਲੱਖ, ਗਿਆਰਾਂ ਹਜ਼ਾਰ, ਇਕ ਸੌ ਗਿਆਰਾਂ) ਰੁਪਏ ਦੀ ਥੈਲੀ ਭੇਟ ਕਰਕੇ ਡਾਕਟਰ ਮੋਹਨ ਸਿੰਘ ਫਲੀਆਂ ਵਾਲਾ ਪ੍ਰਧਾਨ ਬਸਪਾ ਪੰਜਾਬ, ਮੈਂਬਰ ਪਾਰਲੀਮੈਂਟ ਹਰਭਜਨ ਲਾਖਾ ਜਰਨਲ ਸਕੱਤਰ ਬਸਪਾ ਪੰਜਾਬ ਸਤਨਾਮ ਸਿੰਘ ਕੈਂਥ ਪ੍ਰਧਾਨ ਯੂਥ ਵਿੰਗ ਬਸਪਾ ਪੰਜਾਬ ਚੌਧਰੀ ਦਰਸ਼ਨ ਲਾਲ ਅਤੇ ਸਰਦਾਰ ਦੁਆਰਾ ਉਜਾਗਰ ਸਿੰਘ ਸੰਧੂ ਵੱਲੋਂ ਸਨਮਾਨਿਤ ਕੀਤਾ ਗਿਆ। ਪਰਜਾਪਤੀ ਸਮਾਜ ਵਲੋਂ 511 ਰੁਪਏ ਦੀ ਮਾਲਾ ਪਹਿਨਾ ਕੇ ਮਾਨਯੋਗ ਕਾਂਸ਼ੀ ਰਾਮ ਜੀ ਦਾ ਸੁਆਗਤ ਕੀਤਾ ਗਿਆ।

ਸੰਮੇਲਨ ਦੀ ਸਮਾਪਤੀ ਉਪਰੰਤ ਪੀ ਆਰ ਟੀ ਸੀ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਦੇ ਕਰਮਚਾਰੀਆਂ ਦੇ ਪੰਜਾਬ ਦੇ ਚੇਅਰਮੈਨ ਪ੍ਰਭ ਦਿਆਲ ਮਾਂਡੀਆ ਦੀ ਅਗਵਾਈ ਵਿਚ ਕੋਟ ਕਪੂਰਾ ਤੋਂ ਗਏ ਉਤਸ਼ਾਹੀ ਕਾਰਜਕਰਤਾਵਾਂ ਦਾ ਟਰੱਕ ਵਾਪਸੀ ਸਮੇਂ ਘੜੂੰਆਂ ਲਾਗੇ ਪਲਟ ਗਿਆ ਤੇ ਪੰਜ ਵਰਕਰਾਂ ਸ਼ਾਮ ਲਾਲ ਪੁੱਤਰ ਸ਼੍ਰੀ ਰੁਲਦੂ ਰਾਮ ਉਮਰ 25 ਸਾਲ ਜਾਤ ਚੁਮਾਰ ਵਾਸੀ ਕੋਟ ਕਪੂਰਾ , ਲੀਲੂ ਰਾਮ ਪੁੱਤਰ ਸ਼੍ਰੀ ਹਰਚੰਦ ਰਾਮ ਉਮਰ 40 ਸਾਲ ਜਾਤ ਚੁਮਾਰ ਵਾਸੀ ਕੋਟ ਕਪੂਰਾ , ਜਸਵੰਤ ਸਿੰਘ ਪੁੱਤਰ ਸ਼੍ਰੀ ਮਹਿੰਦਰ ਸਿੰਘ ਉਮਰ 22 ਸਾਲ ਜਾਤ ਜੁਲਾਹਾ ਵਾਸੀ ਕੋਟ ਕਪੂਰਾ, ਮੂਲ ਚੰਦ ਪੁੱਤਰ ਸ਼੍ਰੀ ਨੇਕੀ ਰਾਮ ਉਮਰ 19 ਸਾਲ ਜਾਤ ਚੁਮਾਰ ਵਾਸੀ ਕੋਟ ਕਪੂਰਾ, ਭੀਮ ਸੈਨ ਪੁੱਤਰ ਸ਼੍ਰੀ ਮਾੜੂ ਰਾਮ ਜਾਤ ਪਰਜਾਪਤ ਵਾਸੀ ਕੋਟ ਕਪੂਰਾ ਦੀ ਮੌਤ ਹੋ ਗਈ ਅਤੇ ਸਤਪਾਲ ਪ੍ਰਜਾਪਤੀ, ਰੁਲਦੂ ਸਿੰਘ ਮਜ਼੍ਹਬੀ ਸਿੱਖ, ਜੀਤ ਸਿੰਘ ਪੰਜ ਗਰਾਈਂ ਮਜ਼੍ਹਬੀ ਸਿੱਖ, ਜਗਦੀਸ਼ ਕੁਮਾਰ ਪ੍ਰਜਾਪਤੀ ਮੇਵਾ ਰਾਮ ਗੰਭੀਰ ਜ਼ਖਮੀ ਹੋ ਗਏ।

ਬਸਪਾ ਮੁਖੀ ਸਾਹਿਬ ਕਾਂਸ਼ੀ ਰਾਮ ਵੱਲੋਂ ਇਸ ਹਾਦਸੇ ਪ੍ਰਤੀ ਸੰਜੀਦਾ ਨਿਰਨਾ ਲੈਂਦਿਆ ਮਰਨ ਵਾਲਿਆਂ ਦੀ ਯਾਦ ਵਿਚ ਸ਼ਹੀਦੀ ਸਮਾਰਕ ਬਨਾਉਣ ਆਦੇਸ਼ ਦੇ ਦਿਤਾ ਗਿਆ। ਕੋਟਕਪੂਰਾ ਵਿਖੇ ਜਲਾਲੇਆਣਾ ਰੋਡ ਤੇ ਬਣਾਏ ਜਾਣ ਵਾਲੇ ਸ਼ਹੀਦੀ ਸਮਾਰਕ ਦਾ 25 ਨਵੰਬਰ1990 ਨੂੰ ਨੀਹ ਪੱਥਰ ਰਖਣ ਸਮੇਂ ਇਕੱਠੇ ਹੋਏ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਦਲਿਤਾਂ ਸ਼ੋਸ਼ਿਤਾਂ ਦੇ ਮਸੀਹਾ ਸਾਹਿਬ ਕਾਂਸ਼ੀ ਰਾਮ ਜੀ ਨੇ ਆਖਿਆ ਕਿ ਸਾਥੀਓ! ਅਸੀਂ ਰਾਜ ਭਾਗ ਦੀ ਲੜਾਈ ਲੜ ਰਹੇ ਹਾਂ। ਹੁਣ ਤਕ ਅਸੀ ਦੂਜਿਆਂ ਲਈ ਲੜਦੇ ਰਹੇ ਹਾਂ। ਪ੍ਰੰਤੂ ਆਪਣੇ ਲਈ ਕੋਈ ਸੰਘਰਸ਼ ਨਹੀਂ ਕੀਤਾ। ਹੁਣ ਅਸੀਂ ਆਪਣੇ ਲਈ ਲੜਕੇ ਸਾਸ਼ਨ ਪ੍ਰਸ਼ਾਸਨ ਵਿਚ ਹਿੱਸੇਦਾਰ ਬਣਨ ਤੋਂ ਇਲਾਵਾ ਮੁੜ ਤੋਂ ਇਸ ਦੇਸ ਦੇ ਮਾਲਕ ਬਣਨਾ ਹੈ। ਬਹੁਜਨ ਸਮਾਜ ਪਾਰਟੀ ਦੇ ਸ਼ਹੀਦ ਸਾਥੀਆਂ ਦੀ ਯਾਦ ਵਿਚ ਬਣ ਰਹੇ ਸ਼ਹੀਦੀ ਸਮਾਰਕ ਸ਼ੁਰੂ ਨੂੰ ਕਰਨ ਲਈ ਇਹ ਸਮਾਗਮ ਰੱਖਿਆ ਗਿਆ ਹੈ।

ਸ਼ਹੀਦ ਸਾਥੀਆਂ ਦੇ ਪਰਵਾਰਾਂ ਤੇ ਜ਼ਖ਼ਮੀ ਕਾਰਜਕਰਤਾਵਾਂ ਨੂੰ ਮਿਲਣ ਉਪਰੰਤ ਸਾਹਿਬ ਕਾਂਸ਼ੀ ਰਾਮ ਜੀ ਨੇ ਸਮਾਗਮ ਵਿੱਚ ਵੱਡੀ ਗਿਣਤੀ ਚ ਇਕੱਠੇ ਹੋਏ ਸਾਥੀਆਂ ਨੂੰ ਸਮਾਜਕ ਪਰਿਵਰਤਨ ਬਾਰੇ ਦਸਦਿਆਂ ਕਿਹਾ ਕਿ ਚਾਰ ਹਜਾਰ ਸਾਲ ਪਹਿਲਾਂ ਇਸ ਦੇਸ਼ ਤੇ ਬਹੁਜਨ ਸਮਾਜ ਦਾ ਰਾਜ ਸੀ। ਉਸ ਤੋਂ ਬਾਅਦ ਮੱਧ ਏਸ਼ੀਆ ਤੋਂ ( ਆਰੀਆ) ਹਮਲਾਵਰ ਆਉਣੇ ਸ਼ੁਰੂ ਹੋਏ ਤੇ ਸਾਨੂੰ ਧੱਕ ਕੇ ਰਾਜਭਾਗ ਸਥਾਪਤ ਕਰ ਲਿਆ। ਉਹਨਾਂ ਨੇ ਸਾਡੀ ਸਭਿਅਤਾ ਸਮਾਪਤ ਕਰਕੇ ਆਪਣੀ ਸਭਿਅਤਾ ਹੀ ਨਹੀਂ ਠੋਸੀ ਸਗੋਂ ਸਮਾਜਕ ਵਿਵਸਥਾ ਵੀ ਲਾਗੂ ਕਰ ਦਿਤੀ। ਜਿਸ ਕਰਕੇ ਅਸੀਂ ਹਜ਼ਾਰਾਂ ਸਾਲ ਗੁਲਾਮ ਬਣੇ ਰਹੇ। ਆਦਿ ਵਾਸੀਆਂ ਨੂੰ ਜੰਗਲਾਂ ਵਿਚ ਧੱਕਦੇ ਹੋਏ ਬੰਗਾਲ ਦੀ ਖਾੜੀ ਤੱਕ ਪੁਚਾ ਦਿਤਾ ਜੋ ਬਹੁਤ ਹੀ ਘਟੀਆ ਜਗਾਹ ਹੈ। ਸਾਰਿਆਂ ਤੋਂ ਭੈੜੀ ਸਜਾ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਦਿੱਤੀ ਗਈ। ਦੂਜੇ ਪਛੜੇ ਵਰਗਾਂ ਨੂੰ ਜ਼ਿਆਦਾ ਤੰਗ ਤਾਂ ਨਹੀਂ ਕੀਤਾ ਪਰ ਸ਼ਾਸਨ ਪ੍ਰਸ਼ਾਸਨ ਤੋਂ ਦੂਰ ਰੱਖਿਆ। ਇਸ ਦੇਸ ਦੇ ਕਰੋੜਾਂ ਬਹੁਜਨ ਸਮਾਜ ਦੇ ਲੋਕ ਪਿੰਡਾਂ ਨੂੰ ਛੱਡਕੇ ਸ਼ਹਿਰਾਂ ਚ ਗੰਦੀਆਂ ਥਾਵਾਂ ਤੇ ਰਹਿਣ ਲਈ ਮਜਬੂਰ ਹਨ। ਪਰ ਸਵਰਨ ਜਾਤੀਆਂ ਦੇ ਮੁਰਦੇ ਕਈ ਕਈ ਏਕੜਾਂ ਵਿਚ ਮੌਜ ਮਸਤੀ ਕਰ ਰਹੇ ਹਨ।

ਸਾਡੇ ਬਜ਼ੁਰਗ ਆਪਣਾ ਦੁੱਖ ਦਰਦ ਦੂਰ ਕਰਨ ਲਈ ਕੁਝ ਸੋਚਦੇ ਵੀ ਰਹੇ, ਦੁਖਾਂ ਦੀ ਦਵਾ ਦਾਰੂ ਲੱਭਦੇ ਤੇ ਸਮਾਜ ਨੂੰ ਦੱਸਦੇ ਵੀ ਰਹੇ। ਪੰਜਾਬ ਚ ਪੜ੍ਹਿਆ ਜਾਣ ਵਾਲਾ ਗੁਰੂ ਗ੍ਰੰਥ ਸਾਹਿਬ ਸਾਡੇ ਬਜ਼ੁਰਗਾਂ ਦੀ ਇਸੇ ਸੋਚ ਦਾ ਨਤੀਜਾ ਹੈ। ਇਹ ਸੰਘਰਸ਼ ਸਾਡੇ ਦੁੱਖ ਦਰਦ ਦੂਰ ਕਰਨ ਲਈ ਸੀ। ਫਿਰ 150 ਕੁ ਸੌ ਸਾਲ ਪਹਿਲਾਂ ਸਾਡੇ ਕੁਝ ਬਜ਼ੁਰਗਾਂ ਨੇ ਰਾਜ ਭਾਗ ਦੀ ਲੜਾਈ ਸ਼ੁਰੂ ਕੀਤੀ ਇਹ ਗੱਲ ਕੁਝ ਕੁ ਲੋਕਾਂ ਨੇ ਹੀ ਸਮਝੀ , ਹੁਣ ਤਕ ਸੰਘਰਸ਼ ਜਾਰੀ ਹੈ।

ਬਾਬਾ ਸਾਹਿਬ ਅੰਬੇਡਕਰ ਨੇ 60-65 ਵਰ੍ਹੇ ਪਹਿਲਾਂ ਕਿਹਾ ਕਿ ਮੂਲ ਨਿਵਾਸੀਓ ਆਪਣੀਆਂ ਦੀਵਾਰਾਂ ਤੇ ਲਿਖ ਦਿਓ ਕਿ "ਅਸੀਂ ਇਸ ਦੇਸ ਦੇ ਹੁਕਮਰਾਨ ਬਣਨਾ ਹੈ।" ਉਸ ਸਮੇਂ ਤਾਂ ਦੀਵਾਰਾਂ ਵੀ ਨਹੀਂ ਸਨ । ਬਾਬਾ ਸਾਹਿਬ ਨੇ ਸੋਚਿਆ ਹੋਵੇਗਾ ਕਿ ਜੇ ਦੀਵਾਰ ਨਹੀਂ ਤਾਂ ਦਿਲਾਂ ਤੇ ਹੀ ਲਿਖ ਲੈਣਗੇ।

ਬਾਮਸੇਫ, ਡੀ ਐਸ ਫੋਰ ਬਣਾ ਕੇ ਤੇ ਉਸ ਤੋਂ ਬਾਅਦ ਬਹੁਜਨ ਸਮਾਜ ਪਾਰਟੀ ਦੇ ਮਾਧਿਅਮ ਰਾਹੀਂ ਇਹੀ ਗੱਲ ਦੁਹਰਾਈ ਜਾ ਰਹੀ ਹੈ। ਸਾਡਾ ਟੀਚਾ ਰਾਜ ਭਾਗ ਪਰਾਪਤ ਕਰਨਾ ਹੈ। ਜੋ ਸਾਡੇ ਸਮਾਜ ਦੇ ਹਿੱਤ ਵਿਚ ਹੈ।

ਆਪ ਨੇ ਆਖਿਆ ਕਿ ਸਾਡਾ ਸਮਾਜ ਜਲਦੀ ਹੀ ਬ੍ਰਾਹਮਣਵਾਦੀਆਂ ਦੇ ਬਹਿਕਾਵੇ ਵਿਚ ਆ ਜਾਂਦਾ ਹੈ। ਜੋ ਆਪਣੀ ਤਾਕਤ ਨੂੰ ਨਹੀਂ ਪਹਿਚਾਣਦਾ । ਵੀ ਪੀ ਸਿੰਘ ਸਿੰਘ ਤੇ ਉਸਦੇ "ਗੁਲਾਮਰਾਮ" ਬਹੁਜਨ ਸਮਾਜ ਨੂੰ ਰਾਜਭਾਗ ਪ੍ਰਾਪਤ ਕਰਨ ਦੇ ਆਪਣੇ ਇਰਾਦੇ ਤੋਂ ਪਿਛੇ ਹਟਾ ਕੇ ਰਾਹਤ ਦੇਣ ਦੀਆਂ ਫੋਕੀਆਂ ਗੱਲਾਂ ਕਰ ਰਹੇ ਹਨ। ਉਹਨਾਂ ਦਾ ਇਰਾਦਾ ਕੁਝ ਦੇਣ ਦਾ ਨਹੀਂ। ਜੇ ਕੁਝ ਦੇਣਾ ਹੁੰਦਾ ਤਾ ਸਾਂਸਦ ਵਿਚ ਲਿਆ ਕੇ ਪੂਰੀ ਮੰਡਲ ਕਮਿਸਨ ਰਿਪੋਰਟ ਲਾਗੂ ਕਰਦੇ ਅੱਧੀ ਅਧੂਰੀ ਨਹੀਂ। ਲੇਕਿਨ ਨਾਗਨਾਥ ਤੇ ਸਾਂਪ ਨਾਥ ਕਦੇ ਸਾਡੇ ਸਮਾਜ ਦੇ ਹਿਤ ਦੀ ਗੱਲ ਨਹੀਂ ਕਰ ਸਕਦੇ। ਜਿਨਾਂ ਹੋ ਸਕੇ ਇਨ੍ਹਾਂ ਤੋਂ ਬਚਣ ਵਿਚ ਸਾਡੇ ਸਮਾਜ ਦਾ ਹਿਤ ਹੈ। ਕਿਉਂਕਿ ਇਨ੍ਹਾਂ ਨੇ ਸਾਡੇ ਸਮਾਜ ਨੂੰ ਲਲੂਆ (ਅਗਿਆਨੀ, ਲਾਚਾਰ, ਗੁਲਾਮ) ਬਣਾ ਰੱਖਿਆ ਹੈ।

ਸਾਡਾ ਸਮਾਜ ਕੁਰਬਾਨੀਆਂ ਦਿੰਦਾ ਨਜ਼ਰ ਆ ਰਿਹਾ ਹੈ। ਜਿਹੜੀ ਕੌਮ ਆਪਣੇ ਸ਼ਹੀਦਾਂ ਦੀ ਕਦਰ ਨਹੀਂ ਕਰਦੀ ਉਹ ਕਦੇ ਆਜ਼ਾਦ ਨਹੀਂ ਹੋ ਸਕਦੀ। ਅਸੀਂ ਆਪਣੇ ਸੰਘਰਸ਼ ਦੌਰਾਨ ਕਦੇ ਲਾਠੀਚਾਰਜ ਦਾ ਮੌਕਾ ਨਹੀਂ ਦਿੱਤਾ। ਪਰ ਆਉਣ ਵਾਲੇ ਸਮੇਂ ਚ ਗੋਲੀ ਲਈ ਵੀ ਤਿਆਰ ਰਹਿਣਾ ਪਵੇਗਾ। ਜੋ ਸ਼ਹੀਦ ਹੋਣਗੇ ਅਮਰ ਹੋਣਗੇ। ਜੇ ਉਹਨਾਂ ਦੀ ਕਦਰ ਹੋਏਗੀ ਤਾਂ ਸਮਾਜ ਕੁਰਬਾਨੀਆਂ ਲਈ ਤਿਆਰ ਹੋਵੇਗਾ। ਅਸੀਂ ਆਪਣਾ ਸਮਾਜ ਮਿਸ਼ਨਰੀ ਲੋਕਾਂ ਦਾ ਸਮਾਜ ਬਨਾਉਣਾ ਹੈ।

ਆਪ ਨੇ ਕਿਹਾ ਕਿ ਇਨ੍ਹਾਂ ਸ਼ਹੀਦਾਂ ਦਾ ਜੋ ਸਮਾਰਕ ਬਣਾਇਆ ਜਾ ਰਿਹਾ ਹੈ ਇਸ ਨਾਲ ਸਾਡੇ ਸਮਾਜ ਦਾ ਗੌਰਵ ਤੇ ਹੌਸਲਾ ਬੁਲੰਦ ਹੋਵੇ। ਕਿਤੇ ਇਹ ਬੇਜਾਨ ਇਮਾਰਤ ਬਣ ਕੇ ਨਾ ਰਹਿ ਜਾਵੇ। ਉਹਨਾਂ ਨੇ ਸਲਾਹ ਦਿੱਤੀ ਕਿ ਰਲ ਮਿਲਕੇ ਸ਼ਹੀਦਾਂ ਦੇ ਪਰਿਵਾਰਾਂ ਨਾਲ ਹਮਦਰਦੀ ਤੇ ਜ਼ਖ਼ਮੀਆਂ ਦਾ ਇਲਾਜ ਕਰਵਾਇਆ ਜਾਵੇ।

ਇਸ ਸਮਾਗਮ ਵਿਚ ਹੋਰ ਬੁਲਾਰਿਆਂ ਤੋਂ ਬਿਨਾਂ ਡਾਕਟਰ ਮੋਹਨ ਸਿੰਘ ਪ੍ਰਧਾਨ ਬਹੁਜਨ ਸਮਾਜ ਪਾਰਟੀ ਪੰਜਾਬ, ਸਤਨਾਮ ਸਿੰਘ ਕੈਂਥ ਪ੍ਰਧਾਨ ਯੂਥ ਵਿੰਗ ਬਸਪਾ ਪੰਜਾਬ ਨੇ ਆਪਣੇ ਵਿਚਾਰ ਪੇਸ਼ ਕੀਤੇ।

ਅੰਤ ਚ ਬਾਪੂ ਜਗੀਰ ਸਿੰਘ ਲੁਬਾਣਿਆਂ ਵਾਲੀ ਪ੍ਰਧਾਨ ਬਸਪਾ ਜ਼ਿਲ੍ਹਾ ਫਰੀਦਕੋਟ ਨੇ ਮੁਖ ਮਹਿਮਾਨ ਅਤੇ ਆਏ ਕਾਰਜਕਰਤਾਵਾਂ ਦਾ ਧਨਵਾਦ ਕੀਤਾ। ਮੰਚ ਸੰਚਾਲਨ ਮੈ ( ਲਾਲ ਸਿੰਘ ਸੁਲਹਾਣੀ) ਨੇ ਕੀਤਾ ਸੀ।

# ਜਰਖੜ ਖੇਡਾਂ 24-25-26 ਜਨਵਰੀ ਨੂੰ- ਨਾਇਬ ਸਿੰਘ ਗਰੇਵਾਲ ਆਲ ਓਪਨ ਕਬੱਡੀ ਕੱਪ ਵਿੱਚ ਖੇਡਣਗੀਆਂ ਚੋਟੀ ਦੀਆਂ 8 ਕਲੱਬਾਂ, ਮਹਿੰਦਰ ਪ੍ਰਤਾਪ ਗਰੇਵਾਲ ਗੋਲਡ ਕੱਪ ਹਾਕੀ ਵਿੱਚ ਖੇਡਣਗੀਆਂ 24 ਟੀਮਾਂ , 6 ਸ਼ਖ਼ਸੀਅਤਾਂ ਦਾ ਹੋਵੇਗਾ ਸਨਮਾਨ

ਖੇਡ ਮੈਦਾਨ ਬੋਲਦਾ ਹੈ



ਜਗਰੂਪ ਸਿੰਘ ਜਰਖੜ
98143-00722

ਲੁਧਿਆਣਾ- ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਦੀ ਇਕ ਜ਼ਰੂਰੀ ਮੀਟਿੰਗ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਜਰਖੜ ਖੇਡਾਂ ਜਨਵਰੀ 24-25-26 ਜਨਵਰੀ ਨੂੰ ਹੀ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ।

ਅੱਜ ਦੀ ਮੀਟਿੰਗ ਵਿੱਚ ਸਰਦਾਰ ਸਿੱਧੂ ਤੋਂ ਇਲਾਵਾ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਪ੍ਰਧਾਨ ਐਡ-ਵੋਕੇਟ ਹਰਕਮਲ ਸਿੰਘ, ਇੰਸਪੈਕਟਰ ਬਲਵੀਰ ਸਿੰਘ, ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ, ਪ੍ਰੋ ਰਜਿੰਦਰ ਸਿੰਘ, 5ਜਾਬ ਫਾਊਂਡੇਸ਼ਨ ਦੇ ਮੁਖੀ ਜਗਦੀਪ ਸਿੰਘ ਘੁੰਮਣ, ਪ੍ਰਿੰਸੀਪਲ ਬਲਵੰਤ ਸਿੰਘ ਚਕਰ ਕਬੱਡੀ ਪ੍ਰਮੋਟਰ ਤਰਨ ਜੋਧਾ, ਰਾਣਾ ਜੋਧਾਂ, ਮੀਕਾ ਜੋਧਾਂ, ਤੇਜਿੰਦਰ ਸਿੰਘ ਜਰਖੜ ਸਾਹਿਬ ਜੀਤ ਸਿੰਘ ਜਰਖੜ, ਗੁਰਸਤਿੰਦਰ ਸਿੰਘ ਪਰਗਟ, ਪਹਿਲਵਾਨ ਹਰਮੇਲ ਸਿੰਘ ਕਾਲਾ, ਅਜੀਤ ਸਿੰਘ ਲਾਦੀਆ ,ਲੱਖਾ ਖਾਨਪੁਰ, ਕਾਲਾ ਘਵੱਦੀ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ ਮੀਟਿੰਗ ਦੀ ਕਾਰਵਾਈ ਬਾਰੇ ਦੱਸਦਿਆਂ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ ਅਤੇ ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਇਸ ਵਾਰ ਨਾਇਬ ਸਿੰਘ ਗਰੇਵਾਲ ਜੋਧਾਂ ਆਲ ਓਪਨ ਕਬੱਡੀ ਕੱਪ ਮੁੱਖ ਖਿਚ ਦਾ ਕੇਂਦਰ ਹੋਵੇਗਾ। ਜਿਸ ਵਿਚ ਨਾਮੀ 8 ਟੀਮਾਂ ਹਿੱਸਾ ਲੈਣਗੀਆਂ। ਜਿਨ੍ਹਾਂ ਵਿੱਚ ਸ਼ਹੀਦ ਭਗਤ ਸਿੰਘ ਕਲੱਬ ਸਰਹਾਲਾ ਰਣੂਆਂ, ਭਗਵਾਨਪੁਰ, ਅਲੰਕਾਰ ਟੋਨੀ ਕਲੱਬ ਕੁੱਬੇ , ਸਾਹਿਬਜ਼ਾਦਾ ਅਜੀਤ ਸਿੰਘ ,ਜ਼ੋਰਾਵਰ ਸਿੰਘ ਕਲੱਬ ਚਮਕੌਰ ਸਾਹਿਬ, ਜਗਰਾਉਂ ਕਬੱਡੀ ਕਲੱਬ, ਬਾਬਾ ਹੁੰਦਲ ਕਬੱਡੀ ਕਲੱਬ ਬੋਪਾਰਾਏ ਸਮੇਤ 6 ਟੀਮਾਂ ਦੀ ਐਂਟਰੀ ਨਿਸਚਤ ਹੋ ਗਈ ਹੈ ਤੇ ਜਦ ਕਿ ਇਸ ਤੋਂ ਇਲਾਵਾ 2 ਟੀਮਾਂ ਹੋਰ ਲਈਆਂ ਜਾਣਗੀਆਂ। ਕਬੱਡੀ ਆਲ ਓਪਨ ਦੀ ਚੈਂਪੀਅਨ ਟੀਮ ਨੂੰ ਇੱਕ ਲੱਖ ਰੁਪਏ ਦੀ ਨਕਦ ਰਾਸ਼ੀ ਅਤੇ ਨਾਇਬ ਸਿੰਘ ਗਰੇਵਾਲ ਯਾਦਗਾਰੀ ਟਰਾਫੀ, ਉਪ ਜੇਤੂ ਟੀਮ ਨੂੰ 75 ਹਜ਼ਾਰ ਰੁਪਏ ਦੀ ਇਨਾਮੀ ਰਾਸ਼ੀ ਮਿਲੇਗੀ। ਜੇਤੂ ਜਾਫੀ ਅਤੇ ਧਾਵੀ ਨੂੰ ਇੱਕ ਇੱਕ ਮੋਟਰਸਾਈਕਲ ਮਿਲੇਗਾ। ਇਸ ਤੋਂ ਇਲਾਵਾ ਹਾਕੀ ਲਈ ਮਹਿੰਦਰਪ੍ਰਤਾਪ ਸਿੰਘ ਗਰੇਵਾਲ ਗੋਲਡ ਕੱਪ ਹਾਕੀ ਟੂਰਨਾਮੈਂਟ ਮੁੱਖ ਖਿੱਚ ਦਾ ਕੇਂਦਰ ਹੋਵੇਗਾ ਜਿਸ ਵਿੱਚ ਤਿੰਨ ਵਰਗਾਂ ਦੀ ਹਾਕੀ ਹੋਏਗੀ ਹਾਕੀ ਸੀਨੀਅਰ ਲੜਕੇ, ਹਾਕੀ ਲੜਕੀਆਂ ਹਾਕੀ ਸਬ ਜੂਨੀਅਰ ਲੜਕੇ (ਅੰਡਰ 12 ਸਾਲ), ਜਿਸ ਵਿੱਚ ਨਾਮੀ 24 ਟੀਮਾਂ ਹਿੱਸਾ ਲੈਣਗੀਆਂ। ਜੇਤੂ ਹਾਕੀ ਟੀਮਾਂ ਨੂੰ 2:50 ਲੱਖ ਦੀ ਇਨਾਮੀ ਰਾਸ਼ੀ ਮਿਲੇਗੀ। ਹਾਕੀ ਮੈਚਾਂ ਦਾ ਉਦਘਾਟਨ ਹੰਸਲੋ ਦੇ ਸਾਬਕਾ ਮੇਅਰ ਪ੍ਰੀਤਮ ਸਿੰਘ ਗਰੇਵਾਲ ਕਰਨਗੇ । ਖੇਡਾਂ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਮਹਿੰਦਰਪ੍ਰਤਾਪ ਗਰੇਵਾਲ ਚੈਰੀਟੇਬਲ ਟਰੱਸਟ, ਕੋਕਾ ਕੋਲਾ, ਏਵਨ ਸਾਇਕਲ ,ਫਾਈਵ ਜਾਬ ਫਾਊਂਡੇਸ਼ਨ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਵਾਲੀਬਾਲ ਸ਼ੂਟਿੰਗ ਵਿੱਚ ਅਮਰਜੀਤ ਗਰੇਵਾਲ ਚੈਂਪੀਅਨ ਕੱਪ ਅਤੇ ਬਾਬਾ ਸੁਰਜਨ ਸਿੰਘ ਸਰੀਹ ਰਨਰਜ਼ ਅੱਪ ਵਾਲੀਵਾਲ ਕੱਪ ਦਾ ਮੁਕਾਬਲਾ ਕਰਵਾਇਆ ਜਾਵੇਗਾ। ਇਸ ਤੋਂ ਇਲਾਵਾ ਪਹਿਲੀ ਵਾਰ ਜਰਖੜ ਖੇਡਾਂ ਵਿੱਚ ਮੁੱਕੇਬਾਜ਼ੀ ਮੁਕਾਬਲਿਆਂ ਦੀ ਸ਼ੁਰੂਆਤ ਹੋਵੇਗੀ। ਇਸ ਤੋਂ ਇਲਾਵਾ ਕੁਸ਼ਤੀਆਂ, ਕਬੱਡੀ ਵਜਨੀ ਅਤੇ ਹੋਰ ਖੇਡਾਂ ਕਰਵਾਉਣ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਨਾਇਬ ਸਿੰਘ ਗਰੇਵਾਲ ਜੋਧਾਂ ਕਬੱਡੀ ਕੱਪ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਅਤੇ ਵਧੀਆ ਟੀਮਾਂ ਬਣਾਉਣ ਲਈ ਕੋਚ ਦੇਵੀ ਦਿਆਲ, ਕਬੱਡੀ ਸਟਾਰ ਪਾਲਾ ਜਲਾਲਪੁਰ, ਕਬੱਡੀ ਪ੍ਰਮੋਟਰ ਮੋਹਨਾ ਜੋਧਾਂ ਸਿਆਟਲ,ਰਪਿੰਦਰ ਸਿੰਘ ਜਲਾਲ,ਕੋਚ ਦਵਿੰਦਰ ਸਿੰਘ ਚਮਕੌਰ ਸਾਹਿਬ, ਸੇਵਾ ਸਿੰਘ ਰਾਣਾ ਸਰਹਾਲਾ ਰਣੂਆ , ਬਿੰਦਰ ਸਿੱਧੂ ਸਿੱਧਵਾ, ਆਦਿ ਹੋਰ ਕੋਚਾਂ ਨੇ ਇਹ ਵਿਸ਼ਵਾਸ ਦਿਵਾਇਆ ਕਿ ਇਸ ਵਾਰ ਦੀਆਂ ਜਰਖੜ ਖੇਡਾਂ ਦੇ ਦੋ ਦਿਨ ਦੇ ਕਬੱਡੀ ਕੱਪ ਇੱਕ ਨਵਾਂ ਇਤਿਹਾਸ ਸਿਰਜਣਗੇ। ਜਰਖੜ ਖੇਡਾਂ ਦੇ ਫਾਈਨਲ ਸਮਾਰੋਹ ਤੇ ਇਸ ਵਾਰ ਕਰਨ ਔਜਲਾ ਆਪਣੀ ਗਾਇਕੀ ਦਾ ਰੰਗ ਬਖੇਰੇਗਾ। ਫਾਈਨਲ ਸਮਾਰੋਹ ਤੇ ਉੱਘੀਆਂ ਸਮਾਜ ਸੇਵੀ ਅਤੇ ਖੇਡ ਜਗਤ ਨਾਲ ਜੁੜੀਆਂ 6 ਸ਼ਖਸੀਅਤਾਂ ਦਾ ਵਿਸ਼ੇਸ਼ ਐਵਾਰਡਾਂ ਨਾਲ ਸਨਮਾਨ ਹੋਵੇਗਾ।







# ਮੁਹਾਲੀ ਕੋਰਟ ਨੇ ਖਾਰਜ ਕੀਤੀ ਮਜੀਠੀਆ ਦੀ ਜ਼ਮਾਨਤ ਅਰਜ਼ੀ

**ਮੋਹਾਲੀ –** ਡਰੱਗਜ਼ ਮਾਮਲੇ ’ਚ ਘਿਰੇ ਸਾਬਕਾ ਮੰਤਰੀ ਅਤੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਮੋਹਾਲੀ ਅਦਾਲਤ ਨੇ ਝਟਕਾ ਦਿੱਤਾ ਹੈ। ਅਦਾਲਤ ਨੇ ਉਸ ਵੱਲੋਂ ਲਾਈ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ ਹੈ। ਇਸ ਨਾਲ ਬਿਕਰਮ ਮਜੀਠੀਆ ਦੀਆਂ ਮੁਸੀਬਤਾਂ ਵਧ ਗਈਆਂ ਹਨ ਅਤੇ ਉਨ੍ਹਾਂ ’ਤੇ ਗ੍ਰਿਫ਼ਤਾਰੀ ਦੀ



ਤਲਵਾਰ ਲਟਕ ਗਈ ਹੈ। ਮਜੀਠੀਆ ਦੇ ਵਕੀਲ ਨੇ ਉਹ ਕਿ ਅਸੀਂ ਹਾਈ ਕੋਰਟ ਦਾ ਰੁਖ ਕਰਾਂਗੇ।ਜ਼ਿਕਰਯੋਗ ਹੈ ਕਿ ਪੰਜਾਬ ’ਚ ਨਸ਼ਿਆਂ ਨੂੰ ਲੈ ਕੇ ਪੰਜਾਬ ਸਰਕਾਰ ਨੇ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਐਫ਼ਆਈਆਰ ਦਰਜ ਕੀਤੀ ਸੀ। ਐਫ਼ਆਈਆਰਜ ਦਰ ਹੋਣ ਤੋਂ ਬਾਅਦ ਉਹ ਰੂਪੋਸ਼ ਹੋ ਗਿਆ ਸੀ।

‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਏਕਤਾ ਕਮਜ਼ੋਰ ਨਹੀਂ ਹੋਰ ਮਜਬੂਤ ਕਰਨ ਦੀ ਲੋੜ



ਕੇਹਰ ਸ਼ਰੀਫ
+49 173 3546050

ਕਿਸਾਨ ਸੰਘਰਸ਼ ਅਜੇ ਖਤਮ ਨਹੀਂ ਹੋਇਆ, ਚੱਲ ਰਿਹਾ ਹੈ। ਰਹਿੰਦੇ ਮਸਲਿਆਂ ਬਾਰੇ ਫੈਸਲਿਆਂ ਤੱਕ ਪਹੁੰਚਣ ਲਈ ਬਹੁਤ ਕੁੱਝ ਵਿਚਾਰਨਾ ਅਜੇ ਬਾਕੀ ਹੈ। ਸੰਘਰਸ਼ ਕਰਨ ਵਾਲੀ ਧਿਰ ਜੇਤੂ ਰਹੀ ਹੈ, ਸਵਾਲ ਇੱਥੇ ਵੀ ਪੈਦਾ ਹੁੰਦਾ ਹੈ ਕਿ ਕੀ ਧੱਕਾ ਕਰਨ ਵਾਲਿਆਂ ਨੇ ਹਾਰ ਕਬੂਲ ਕਰ ਲਈ ਹੈ ? ਮਿਹਨਤਕਸ਼ਾਂ ਦੇ ਖਿਲਾਫ ਆਪਣੀ ਹੂੜਮੱਤ ਵਾਲੀ ਭੁੱਲ ਸਵੀਕਾਰ ਕਰ ਲਈ ਹੈ? ਨਹੀਂ, ਅਜਿਹਾ ਨਹੀਂ ਹੋਇਆ । ਏਸੇ ਨੂੰ ਤਾਂ ਲੋਕਾਂ ਦੇ ਵਿਰੋਧ ਵਿਚ ਸੱਤਾ ਦਾ ਗਰੂਰ ਕਿਹਾ ਜਾਂਦਾ ਹੈ। ਝੂਠੇ ਗਰੂਰ ਨਾਲ ਭਰੀ ਧੱਕੜ ਸਿਆਸਤ ਤੋਂ ਵੱਧ ਖਤਰਨਾਕ ਹੋਰ ਕੁੱਝ ਵੀ ਨਹੀਂ ਹੁੰਦਾ।

ਕਿਸਾਨ ਸੰਘਰਸ਼ ਦੇ ਸਮੇਂ ਮਿਹਨਤਕਸ਼ ਲੋਕਾਂ ਅੰਦਰ ਲੋਹੜਿਆਂ ਦੀ ਏਕਤਾ ਬਣੀ। 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਜੁੜੀ। ਸਮਾਜ ਦੇ ਹਰ ਤਬਕੇ ਸਨਅਤੀ ਮਜ਼-ਦੂਰਾਂ, ਖੇਤ ਮਜ਼ਦੂਰਾਂ, ਚਿੱਟਕੱਪੜੀਏ ਮੁਲਾਜਮਾਂ, ਛੋਟੇ ਵਪਾਰੀਆਂ, ਦੁਕਾਨਦਾਰਾਂ ਭਾਵ ਹਰ ਕਿਸੇ ਦਾ ਸਾਥ ਮਿਲਿਆ। ਪਰਦੇਸੀਂ ਵਸਦੇ ਭਾਰਤੀਆਂ ਦੀਆਂ ਸ਼ੁਭਇਛਾਵਾਂ ਰਾਹੀਂ ਸਾਥ ਮਿਲਿਆ, ਪੰਜਾਬੀਆਂ ਦਾ ਖਾਸ ਕਰਕੇ ਭਰਵਾਂ ਹੁੰਗਾਰਾ ਜਿੱਤ ਦੀ ਕਾਮਨਾ ਕਰਦਾ ਰਿਹਾ। ਅੰਦੋਲਨ ਕਰ ਰਹੇ ਮਿਹਨਤਕਸ਼ਾਂ ਨੇ ਹਕੂਮਤੀ ਜਬਰ ਨਾਲ ਹਰ ਮੌਸਮ ਦਾ ਜਬਰ ਵੀ ਜਿਗਰੇ ਨਾਲ ਝੱਲਿਆ।

ਸੱਤਾ ਨੂੰ ਲੋਕ ਪੌੜੀ ਲਾਉਣ ਅਤੇ ਉਸ ਤੱਕ ਪਹੁੰਚਣ ਦੀ ਲੋੜ ਤਾਂ ਹੈ, ਪਰ ਸਮੇਂ ਦੀ ਨਜ਼ਾਕਤ ਨੂੰ ਭਾਂਪਣਾ ਉਸ ਤੋਂ ਵੀ ਜ਼ਰੂਰੀ ਹੈ । 22ਕਿਸਾਨ ਜਥੇਬੰਦੀਆਂ ਵਲੋਂ "ਸੰਯੁਕਤ ਸਮਾਜ ਮੋਰਚਾ" ਕਾਇਮ ਕਰ ਲਿਆ। ਪਹਿਲੇ ਹੀ ਦਿਨ 32 ਤੋਂ 22 ਤੇ ਆ ਡਿਗਣਾ ਕੀ ਦਰਸਾਉਂਦਾ ਹੈ? ਏਕਤਾ ਤਾਂ ਪਹਿਲਾਂ ਤੋਂ ਕਮਜ਼ੋਰ ਹੋ ਗਈ। ਕਿਸਾਨ ਸੰਘਰਸ਼ ਦੀ ਏਕਤਾ ਦੀ ਜਿੱਤ ਦਾ ਹੋਕਾ ਤਾਂ ਸਮਾਜ ਵਿਚ ਪਏ ਹਰ ਕਿਸਮ ਦੇ ਖੱਪਿਆਂ ਨੂੰ ਦੂਰ ਕਰਨ ਦਾ ਹੋਣਾ ਸੀ, ਪਰ ਇੱਥੇ ਸੱਤਾ 'ਤੇ ਝੱਟ/ਪੱਟ ਕਬਜ਼ੇ ਦੀ ਸਿਆਸਤ ਅੱਗੇ ਆ ਗਈ ।

ਸਮਾਜ ਅੰਦਰਲੀਆਂ ਵੰਡੀਆਂ ਦੂਰ ਕਰਨਾ ਸਮੇਂ ਦੀ ਮੰਗ ਸੀ/ਹੈ। ਸੰਘਰਸ਼ ਦੌਰਾਨ ਜਾਤ ਤੇ ਧਰਮ ਅਧਾਰਤ ਵਖਰੇਵੇਂ ਬਹੁਤ ਹੱਦ ਤੱਕ ਘੱਟ ਹੋਏ, ਲੋੜ ਸੀ ਬਣੀ ਇਸ ਏਕਤਾ ਦਾ ਪ੍ਰਚਾਰ ਕਰਨ ਦੀ। ਮਿਹਨਤਕਸ਼ ਲੋਕਾਂ ਦਾ ਏਕਾ ਹਰ ਜਬਰ ਦਾ ਮੁਕਾਬਲਾ ਕਰਨ ਵਾਸਤੇ ਲੋੜੀਂਦਾ ਸੀ/ਹੈ ਤੇ ਰਹੇਗਾ। ਹਰ ਮਸਲਾ ਹਿੰਸਾ ਨਾਲ ਹੱਲ ਕਰਵਾਉਣ ਦੀਆਂ ਟਾਹਰਾਂ ਮਾਰਨ ਵਾਲੇ ਸਰਕਾਰ ਪ੍ਰਸਤ ਖਰੂਦੀਆਂ ਦੇ ਟੋਲੇ ਨੂੰ ਸਾਂਝੇ ਕਿਸਾਨੀ ਸੰਘਰਸ਼ ਦੀ ਅਗਵਾਈ ਕਰਨ ਵਾਲਿਆਂ ਨੇ ਦੱਸ ਦਿੱਤਾ ਕਿ ਸ਼ਾਂਤ ਰਹਿ ਕੇ ਵੀ ਸੰਘਰਸ਼ ਲੜਿਆ ਤੇ ਜਿਤਿਆ ਜਾ ਸਕਦਾ ਹੈ। ਇਹ ਸਾਡਾ ਇਤਹਾਸ ਵੀ ਹੈ ਅਤੇ ਵਿਰਸਾ ਵੀ ਜਿਸ ਨੂੰ ਚੇਤੇ ਰੱਖਣ ਤੇ ਸਾਂਭਣ ਦੀ ਲੋੜ ਹੈ।



ਇਸ ਸ਼ਾਂਤਮਈ ਅੰਦੋਲਨ ਨੇ ਆਪਣੇ ਸਬਰ ਨਾਲ ਜਬਰ ਨੂੰ ਹਰਾਇਆ ਹੀ ਨਹੀਂ ਸਗੋਂ ਦੁਨੀਆਂ ਭਰ ਦੇ ਮੁਲਕਾਂ ਅਤੇ ਦੁਨੀਆਂ ਦੇ ਵੱਡੇ ਸੋਚਵਾਨਾਂ ਵਲੋਂ ਹਮਾਇਤ ਵਿਚ ਸ਼ਾਬਾਸ਼ ਦੀਆਂ ਆਵਾਜ਼ਾਂ ਤੇ ਬਿਆਨ ਵੀ ਸੁਣੇ। ਇਸ ਸੰਘਰਸ਼ ਵਿਚ ਸ਼ਾਮਲ ਸਾਰੇ ਲੋਕ ਇਸੇ ਸਮਾਜ ਦਾ ਅੰਗ ਹੋਣ ਕਰਕੇ ਇਸਦੀ ਬਿਹਤਰੀ ਲਈ ਲੜੇ। ਹੁਣ ਇਸ ਬਣੀ ਹੋਈ ਏਕਤਾ ਨੂੰ ਵਧਾਇਆ ਜਾਣਾ ਚਾਹੀਦਾ ਹੈ। ਪਰ ਤੀਜਾ ਹਿੱਸਾ ਜਥੇਬੰਦੀਆਂ ਤਾਂ ਇਸ ਮੋਰਚੇ ਤੋਂ ਬਾਹਰ ਹਨ। ਕਈ ਲੋਕ ਵਿਰੋਧੀ ਸਿਆਸੀ ਧਿਰਾਂ ਇਸ ਵੰਡ ਦਾ ਫਾਇਦਾ ਵੀ ਉਠਾਉਣ ਦਾ ਜਤਨ ਕਰਨਗੀਆਂ । ਸੋਚਣ ਤੇ ਵਿਚਾਰਨ ਦਾ ਮਸਲਾ ਇਹ ਹੀ ਹੈ ਕਿ ਇਸ ਤੋਂ ਕਿਵੇਂ ਬਚਿਆ ਜਾਵੇ, ਕਿਉਂਕਿ ਸੰਘਰਸ਼ ਤਾਂ ਅਜੇ ਵੀ ਜਾਰੀ ਹੈ। ਨਾਲ ਹੀ ਅੰਦੋਲਨ ਦੌਰਾਨ ਉਨ੍ਹਾਂ ਸੱਤ ਸੌ ਤੋਂ ਵੱਧ ਹੋਏ ਸ਼ਹੀਦ ਹੋਏ ਕਿਸਾਨ, ਮਜ਼ਦੂਰਾਂ ਦੇ ਘਰਾਂ ਵੱਲ ਨਿਗਾਹ ਮਾਰ ਲੈਣੀ ਚਾਹੀਦੀ ਹੈ ਜਿਨ੍ਹਾਂ ਦੇ ਚੁੱਲਿਆਂ ਵਿਚ ਪਾਣੀ ਪਾਇਆ ਗਿਆ ਹੈ। ਮਿਹਨਤੀ ਪਰਿਵਾਰਾਂ ਨੂੰ ਉਨ੍ਹਾ ਦੇ ਸਦਾ ਵਾਸਤੇ ਵਿਛੜ ਗਏ ਜੀਆਂ ਬਾਰੇ ਕੀ ਕਹਿ ਕੇ ਹੌਸਲਾ ਦਿਉਗੇ ? ਉਨ੍ਹਾ ਸ਼ਹੀਦਾਂ ਦਾ ਅਪਮਾਨ ਨਹੀਂ ਹੋਣਾ ਚਾਹੀਦਾ।

ਲੋਕ ਆਪਣੇ ਦੁੱਖਾਂ ਭਰੇ ਜੀਵਨ ਤੋਂ ਨਿਜਾਤ ਪਾਉਣਾ ਚਾਹੁੰਦੇ ਹਨ, ਰਾਹ ਕੋਈ ਲੱਭਦਾ ਨਹੀਂ। ਇਸ ਨਾਲ ਲੋਕਾਂ ਅੰਦਰ ਚਿੰਤਾ ਹੋਰ ਵਧ ਜਾਂਦੀ ਹੈ। ਚਿੰਤਾ ਤਾਂ ਹਰ ਵਿਅਕਤੀ ਕਰਦਾ ਹੈ, ਇਸ ਵੇਲੇ ਦੀਆਂ ਸਥਿਤੀਆਂ ਚਿੰਤਨ ਕਰਨ ਵਾਲੇ ਸੂਝਵਾਨਾਂ ਦਾ ਰਾਹ ਤੱਕਦੀਆਂ ਹਨ ਜੋ ਪੰਜਾਬ ਨੂੰ ਇਸ ਚਿੱਕੜ ਭਰੇ ਸੰਕਟ ਵਿੱਚੋਂ ਕੱਢ ਸਕਣ। ਇਸ ਚਿੰਤਾ ਤੋਂ ਅੱਗੇ ਸਵਾਲ ਪੈਦਾ ਹੁੰਦਾ ਹੈ ਕਿ ਸਾਡੇ ਸੋਚਵਾਨ ਲੋਕ (ਵੱਡੇ ਸਿਰਾਂ ਵਾਲੇ) ਹੁਣ ਕਿੱਥੇ ਹਨ? ਉਹ ਲੋਕਾਂ ਨੂੰ ਰਾਹ ਦੱਸਦੇ ਨਜ਼ਰ ਨਹੀਂ ਆਉਂਦੇ। ਇਹ ਸਮਾਂ ਹੈ ਜਦੋਂ ਉਨ੍ਹਾਂ ਨੂੰ ਅੱਗੇ ਆ ਕੇ ਪੰਜਾਬ 'ਚ ਰਾਜ ਕਰਨ ਵਾਲਿਆਂ ਵਲੋਂ ਪੰਜਾਬ ਸਿਰ ਪਾਏ ਪੁਆੜਿਆਂ ਦੇ ਕਾਰਨ ਦੱਸਦਿਆਂ ਇਸ ਦਾ ਹੱਲ ਦੱਸਣ ਵਾਸਤੇ ਆਪਣੀ ਅਗਵਾਈ ਦੇਣ ਦਾ ਜਤਨ ਕਰਨਾ ਚਾਹੀਦਾ ਹੈ। ਪੰਜਾਬ ਦੇ ਸੂਝਵਾਨੋਂ, ਸੋਚਵਾਨੋਂ ਜਾਗੋ ਤੇ ਅੱਗੇ ਆਉ ਇਹ ਪੰਜਾਬ ਤੁਹਾਡਾ ਤੇ ਤੁਹਾਡੇ ਬੱਚਿਆਂ ਦਾ ਵੀ ਹੈ। ਆਉਣ ਵਾਲੇ ਕੱਲ੍ਹ ਤੁਹਾਡੇ ਬੱਚਿਆਂ ਨੇ ਤੇ ਪੰਜਾਬ ਨੇ ਤੁਹਾਥੋਂ ਸਵਾਲ ਪੁੱਛਣੇ ਹਨ, ਫੇਰ ਕੀ ਜਵਾਬ ਦਿਉਂਗੇ ਕਿ ਮੁਸੀਬਤ ਵੇਲੇ ਤੁਸੀ ਕਿਸੇ ਧਿਰ ਦੇ ਪਿਛਲੱਗ ਕਿਉਂ ਬਣੇ ਜਾਂ ਚੁੱਪ ਕਿਉਂ ਰਹੇ? ਆਪਣੇ ਲੋਕਾਂ ਨੂੰ ਅਗਵਾਈ ਕਿਉਂ ਨਾ ਦਿੱਤੀ ?

ਪੰਜਾਬ ਨੂੰ ਅੱਜ ਤੁਹਾਡੀ ਅਗਵਾਈ ਦੀ ਲੋੜ ਹੈ ਜਿਵੇਂ ਮੱਧਯੁੱਗ ਅੰਦਰ ਭਗਤੀ ਲਹਿਰ ਨੇ ਸਮਾਜ ਦੀਆਂ ਕਮਜ਼ੋਰ ਧਿਰਾਂ ਨੂੰ ਹਿੰਮਤ ਦਿੱਤੀ, ਜਿਸ ਦਾ ਅਗਲਾ ਰੂਪ ਸਿੱਖ ਲਹਿਰ ਬਣਦੀ ਹੈ। ਜਿਵੇਂ ਆਜ਼ਾਦੀ ਦੀ ਲਹਿਰ ਵੇਲੇ ਗਦਰ ਪਾਰਟੀ, ਭਗਤ ਸਿੰਘ ਦੀ ਲਹਿਰ ਤੇ ਹੋਰ ਬਹੁਤ ਸਾਰੇ ਗਰੁੱਪਾਂ ਨੇ ਸਮਾਜ ਨੂੰ ਹਲੂਣ ਕੇ ਅਗਵਾਈ ਦਿੱਤੀ, ਬਸਤੀਵਾਦੀਆਂ ਦੀ ਗੁਲਾਮੀ ਪਰ੍ਹਾਂ ਵਗਾਹ ਮਾਰੀ। ਕੀ ਅੱਜ ਉਹੋ ਜਹੀ ਸਥਿਤੀ ਨਹੀਂ ਬਣ ਗਈ ਕਿ ਕਾਰਪੋਰੇਟੀਆਂ ਦੀ ਗੁਲਾਮੀ ਤੋਂ ਨਿਜਾਤ ਪਾਈ ਜਾਵੇ☬? ਸਮਾਂ ਤੁਹਾਨੂੰ ਆਵਾਜ਼ਾਂ ਮਾਰ ਰਿਹਾ ਹੈ।

ਇਸ ਮੋਰਚੇ ਦੇ ਬਣਨ ਨਾਲ "ਸੰਯੁਕਤ ਕਿਸਾਨ ਮੋਰਚੇ" ਨਾਲ ਕਿਵੇਂ ਦੇ ਸਬੰਧ ਰਹਿਣਗੇ ਅਤੇ ਅੱਗੇ ਲੜੇ ਜਾਣ ਵਾਲੇ ਸਾਂਝੇ ਕਿਸਾਨ ਸੰਘਰਸ਼ ਦਾ ਕੀ ਬਣੇਗਾ ? ਇਸ ਦਾ ਜਵਾਬ ਕਿਸੇ ਨੂੰ ਤਾਂ ਦੇਣਾ ਹੀ ਪਵੇਗਾ, ਦੇਣਾ ਚਾਹੀਦਾ ਵੀ ਹੈ । ਰਾਜ ਗੱਦੀ ਖਾਤਰ ਏਕਤਾ ਤੋੜਨ ਨਾਲੋਂ ਏਕਤਾ ਨੂੰ ਤਕੜਿਆਂ ਕਰਨਾ ਬਹੁਤ ਜ਼ਰੂਰੀ ਹੈ।

ਭਾਈਚਾਰਕ ਸਾਂਝ ਕਿਸੇ ਸਮਾਜ ਦੇ ਸੋਹਣੇ, ਸੁਚੱਜੇ ਭਵਿੱਖ ਲਈ ਮੁੱਖ ਲੋੜ ਹੁੰਦੀ ਹੈ ਅਤੇ ਸੁਰੱਖਿਆ ਦੀ ਜਾਮਨ ਵੀ ਬਣਦੀ ਹੈ।



## ਸਿਆਸੀ ਜੰਗ 2022

# ਸਿਆਸੀ ਆਗੂਆਂ ਦਾ ਹਾਲ 'ਗਲੀ ਗਲੀ ਵਣਜਾਰਾ ਫਿਰਦਾ'...

## ਪੋਹ ਦੀ ਠੰਢ 'ਚ ਗਰਮੀ ਵਰਗਾ ਮਾਹੌਲ ਬਣਾਉਣਾ ਤੇ ਜੋਰ ਅਜਮਾਉਣਾ ਸ਼ੁਰੂ



ਸੰਤੋਖ ਸਿੰਘ ਜੱਸੀ
91-70876-19800

ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰੀ ਦੇਸ਼ ਮੰਨੇ ਜਾਂਦੇ ਭਾਰਤ ਵਿੱਚ ਨਵੇਂ ਸਾਲ 2022 'ਚ 5 ਸੂਬਿਆਂ ਦੀਆਂ ਚੋਣਾਂ ਹੋਣ ਜਾ ਰਹੀਆਂ ਹਨ। ਜਿਸ ਲਈ ਜਿੱਥੇ ਪੋਹ ਦੀ ਅੰਤਾਂ ਦੀ ਠੰਢ ਪੈ ਰਹੀ ਹੈ। ਉੱਥੇ ਦਿਨ-ਬ-ਦਿਨ ਸਿਆਸੀ ਆਗੂਆਂ ਵਲੋਂ ਆਪਣੇ ਭਾਸ਼ਣਾਂ ਤੇ ਵਿਉਂਤਬੰਦੀ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਸਿਆਸੀ ਗਰਮੀ ਲਿਆਂਦੀ ਜਾ ਰਹੀ ਹੈ। ਗੱਲ ਅਸੀਂ ਅੱਜ ਆਪਣੇ ਸੂਬੇ ਪੰਜਾਬ ਦੀ ਕਰਨ ਜਾ ਰਹੇ ਹਾਂ। ਪੰਜਾਬ ਵਿੱਚ 117 ਵਿਧਾਇਕ ਆਪਣਾ ਮੁੱਖ ਮੰਤਰੀ ਚੁਣਦੇ ਹਨ। ਪੰਜਾਬ ਵਿੱਚ 13 ਲੋਕ ਸਭਾ ਅਤੇ 7 ਰਾਜ ਸਭਾ ਦੀਆਂ ਸੀਟਾਂ ਹਨ। ਭਾਰਤੀ ਸੰਵਿਧਾਨ ਦੇ ਰਾਖਵੇਂਕਰਨ ਮੁਤਾਬਕ 34 ਸੀਟਾਂ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਪਹਿਲਾਂ ਹੀ ਕੀਤੀਆਂ ਗਈਆਂ ਹਨ।

ਮੌਜੂਦਾ ਕਾਂਗਰਸ ਸਰਕਾਰ ਦੀ ਪਾਰੀ 27 ਮਾਰਚ 2022 ਤੱਕ ਹੈ। ਉਸ ਤੋਂ ਪਹਿਲਾਂ ਪਹਿਲਾਂ ਵਿਧਾਨ ਸਭਾ ਚੋਣਾਂ ਹੋਣਗੀਆਂ ਅਤੇ ਉਹ ਚੁਣੇ ਹੋਏ ਵਿਧਾਇਕ ਬਹੁ ਗਿਣਤੀ ਵਾਲੀ ਧਿਰ ਆਪਣਾ ਮੁੱਖ ਮੰਤਰੀ ਚੁਣਨਗੀਆਂ। ਇਸ ਲਈ ਮਿੱਥੇ ਤੇ ਤੈਅ ਹੋਏ ਵਿਧੀ ਵਿਧਾਨ ਮੁਤਾਬਕ ਚੋਣਾਂ ਫਰਵਰੀ 2022 ਵਿੱਚ ਹੋਣ ਦੀ ਭਾਰੀ ਸੰਭਾਵਨਾਵਾਂ ਹਨ। ਸਮੁੱਚੀ ਕਾਰਜ ਪ੍ਰਣਾਲੀ ਚੋਣ ਕਮਿਸ਼ਨ ਜਨਵਰੀ ਦੇ ਪਹਿਲੇ ਜਾਂ ਦੂਜੇ ਹਫਤੇ ਆਪਣੇ ਹੱਥ ਲੈ ਲਵੇਗਾ, ਭਾਵ ਚੋਣ ਜਾਬਤਾ ਲੱਗ ਜਾਵੇਗਾ।

ਮੌਜੂਦਾ ਸਿਆਸੀ ਹਾਲਾਤਾਂ ਮੁਤਾਬਕ ਪੰਜਾਬ ਵਿੱਚ ਸਭ ਤੋਂ ਸਰਗਰਮ ਇਸ ਵੇਲੇ ਮੌਜੂਦਾ ਰਾਜ ਕਰ ਰਹੀ ਕਾਂਗਰਸ ਪਾਰਟੀ, ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਦਾ ਸਾਂਝਾ ਗਠਜੋੜ, ਆਮ ਆਦਮੀ ਪਾਰਟੀ ਵਲੋਂ ਚੋਣ ਰੈਲੀਆਂ ਲਗਾਤਾਰ ਕੀਤੀਆਂ ਜਾ ਰਹੀਆਂ ਹਨ। ਭਾਰਤੀ ਜਨਤਾ ਪਾਰਟੀ ਤੇ ਕੈਪਟਨ ਅਮਰਿੰਦਰ ਸਿੰਘ ਸਾਬਕਾ ਮੁੱਖ ਮੰਤਰੀ ਪੰਜਾਬ ਵਿਉਂਤਬੰਦੀ ਕਰ ਰਹੇ ਹਨ। ਇਸ ਤੋਂ ਇਲਾਵਾ ਲੋਕ ਇਨਸਾਫ ਪਾਰਟੀ ਤੇ ਅਨੇਕਾਂ ਹੋਰ ਧੜੇ ਤੇ ਦਬਾਓ ਸਮੂਹ ਆਪਣਾ ਪ੍ਰਭਾਵ ਬਣਾਉਣ ਲਈ ਯੋਜਨਾਵਾਂ ਨੂੰ ਅੰਤਿਮ ਛੋਹਾਂ ਦੇ ਰਹੇ ਹਨ। ਇੱਕ ਆਗੂ ਦਾ ਦੂਜੀ ਪਾਰਟੀ ਵਿੱਚ ਜਾਣਾ ਤੇ ਆਪਣੇ ਗਰੁੱਪ/ਪਾਰਟੀ ਦਾ ਦੂਜੀ ਪਾਰਟੀ ਵਿੱਚ ਸਮੁੱਚਤਾ ਰੂਪ ਵਿੱਚ ਸ਼ਾਮਿਲ ਹੋਣ ਦੀ ਸਿਆਸੀ ਸੀਟੀ ਵੱਜ ਚੁੱਕੀ ਹੈ।

ਲੋਕਤੰਤਰੀ ਢਾਂਚੇ ਵੱਲ ਝਾਤ ਮਾਰੀਏ ਤਾਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਭਾਰਤੀ ਲੋਕਤੰਤਰ ਦੀ ਇਹ ਖੂਬਸੂਰਤੀ ਹੀ ਮੰਨੀ ਜਾਵੇਗੀ ਕਿ ਦੇਸ਼ ਦੇ ਮੌਜੂਦਾ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਤਿੰਨੋ ਕਾਨੂੰਨ ਵਾਪਸ ਲੈਣੇ ਪਏ ਤੇ ਦੇਸ਼ ਤੋਂ ਮੁਆਫੀ ਮੰਗਣੀ ਪਈ। ਲੋਕਤੰਤਰ ਹੋਣ ਕਾਰਨ ਜਿੰਨਾ ਵਿਰੋਧ ਪ੍ਰਦਰਸ਼ਨ, ਦਬਾਓ ਵੱਖ ਵੱਖ ਕਿਸਾਨ, ਮੁਲਾਜਮ ਤੇ ਹੋਰ ਅਨੇਕਾਂ ਸੰਗਠਨਾਂ ਨੇ ਕੀਤਾ ਇਹ ਵੀ ਭਾਰਤੀ ਇਤਿਹਾਸ ਵਿੱਚ ਇੱਕ ਲਾ ਮਿਸਾਲ ਘਟਨਾ ਹੈ ਜਿਵੇਂ ਕਿਹਾ ਜਾਂਦਾ ਹੈ ਕਿ ਵਿਚੋਲੇ ਤੋਂ ਬਿਨਾਂ ਵਿਆਹ ਨਹੀਂ ਉਸੇ ਤਰ੍ਹਾਂ ਸਿਆਸੀ ਆਗੂਆਂ ਤੋਂ ਬਿਨਾਂ ਤੁਹਾਡਾ ਭਵਿੱਖ ਸੁਰੱਖਿਅਤ ਨਹੀਂ, ਭਾਵ ਸਿਆਸੀ ਆਗੂ ਹੀ ਤੁਹਾਡਾ ਭਵਿੱਖ ਨਿਸ਼ਚਿਤ ਕਰਦੇ ਹਨ।

ਰਾਜਨੀਤੀ ਸ਼ਾਸਤਰ ਨਾਂ ਦਾ ਵਿਸ਼ਾ ਹੀ ਹੈ ਜੋ ਸਾਨੂੰ ਰਾਜਸੀ ਪੱਖਾਂ ਬਾਰੇ, ਇਤਿਹਾਸ ਬਾਰੇ ਸੂਬੇ, ਦੇਸ਼ ਅਤੇ ਕੌਮਾਂਤਰੀ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ। ਰਾਜਸੀ ਆਗੂ ਜਦੋਂ ਚੋਣ ਜਿੱਤ ਜਾਂਦਾ ਹੈ ਤਾਂ ਉਸਨੂੰ ਸੂਬੇ ਤੇ ਦੇਸ਼ ਵਿੱਚ ਪ੍ਰੋਟੋਕਾਲ ਮੁਤਾਬਕ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ।





ਹਰ ਪਾਰਟੀ ਜਾਂ ਰਾਜਸੀ ਆਗੂਆਂ ਦਾ ਮੁੱਖ ਏਜੰਡਾ ਸੂਬੇ ਜਾਂ ਦੇਸ਼ ਤੇ ਰਾਜ ਕਰਨ ਦਾ ਹੁੰਦਾ ਹੈ ਜਿਸ ਦਾ ਮੁੱਖ ਕਰਤੱਵ ਸੂਬੇ ਦੇ ਲੋਕਾਂ ਨੂੰ ਕਲਿਆਣਕਾਰੀ ਸੇਵਾਵਾਂ ਉਪਲੱਬਧ ਕਰਵਾਉਣੀਆਂ, ਸੂਬੇ ਦੇ ਲੋਕਾਂ ਦੀ ਸੁਰੱਖਿਆ ਅਤੇ ਸੂਬੇ ਦੇ ਵਿਕਾਸ ਨੂੰ ਗਤੀ ਦੇਣਾ ਹੁੰਦਾ ਹੈ। ਮੌਜੂਦਾ ਰਾਜ ਕਰ ਰਹੀ ਧਿਰ ਨੂੰ ਹੁਕਮਰਾਨ ਧਿਰ ਜਾਂ ਸ਼ਾਸਕ ਵਰਗ ਕਿਹਾ ਜਾਂਦਾ ਹੈ ਜਿਵੇਂ ਪੰਜਾਬ ਵਿੱਚ ਇਸ ਸਮੇਂ ਰਾਜ ਕਰਨ ਵਾਲੀ ਰਾਜਸੀ ਧਿਰ ਕਾਂਗਰਸ ਹੈ ਜਿਸ ਨੂੰ ਰੂਲਿੰਗ (ਰਾਜ ਕਰਨ ਵਾਲੀ ਧਿਰ) ਪਾਰਟੀ ਕਿਹਾ ਜਾਂਦਾ ਹੈ। ਇਵੇਂ ਦੇਸ਼ ਤੇ ਭਾਰਤੀ ਜਨਤਾ ਪਾਰਟੀ ਤੇ ਹੋਰ ਅਨੇਕਾਂ ਪਾਰਟੀਆਂ ਦੇ ਸਮੂਹ ਨੂੰ ਐਨ.ਡੀ.ਏ. ਦੇਸ਼ ਦੀ ਸ਼ਾਸਕ ਧਿਰ ਕਿਹਾ ਜਾਂਦਾ ਹੈ। ਇਹ ਰਾਜਾਂ ਦੀ ਸ਼ਕਤੀ ਹੀ ਹੈ ਕਿ ਕਿਸੇ ਵੇਲੇ ਮੌਜੂਦਾ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਤੇ ਅਮਰੀਕਾ ਨੇ ਦੇਸ਼ 'ਚ ਦਾਖਲੇ ਤੇ ਪਾਬੰਦੀ ਲਗਾਈ ਹੋਈ ਸੀ ਪਰ ਇਹ ਲੋਕ ਸਭਾ ਚੋਣਾਂ ਜਿੱਤਕੇ ਦੇਸ਼ ਦੇ ਪ੍ਰਧਾਨ ਮੰਤਰੀ ਬਣ ਗਏ ਜਿਸ ਕਾਰਨ ਅਮਰੀਕਾ ਨੂੰ ਲੋਕਤੰਤਰੀ ਵਿਵਸਥਾ ਕਾਰਨ ਸ੍ਰੀ ਮੋਦੀ ਨੂੰ ਆਪਣੇ ਹੀ ਕਾਨੂੰਨ/ਨਿਯਮ ਨੂੰ ਵਾਪਸ ਕਰਨ ਉਪਰੰਤ ਮੁੜ ਕਲਾਵੇ 'ਚ ਲੈਣਾ ਪਿਆ। ਇਸ ਨੂੰ ਕਹਿੰਦੇ ਹਨ ਰਾਜ ਸ਼ਕਤੀ ਭਾਵ ਰਾਜ ਕਰਨ ਵਾਲੀ ਪਾਰਟੀ। ਇਸ ਤਰ੍ਹਾਂ ਕਿਸੇ ਵੇਲੇ ਪੰਜਾਬ ਵਿੱਚ ਸ: ਸਿਮਰਨਜੀਤ ਸਿੰਘ ਮਾਨ ਨੂੰ ਜੇਲ੍ਹ ਵਿੱਚ ਵੱਖ-ਵੱਖ ਇਲਜਾਮਾਂ ਤਹਿਤ ਜੇਲ੍ਹ ਵਿੱਚ ਡੱਕਿਆ ਹੋਇਆ ਸੀ ਪਰ ਜੇਲ੍ਹ ਵਿੱਚ ਸ: ਮਾਨ ਨੂੰ ਲੋਕਾਂ ਨੇ ਕਰੀਬ ਪੌਣੇ ਪੰਜ ਲੱਖ ਵੋਟਾਂ ਰਾਹੀਂ ਸੰਸਦ ਮੈਂਬਰ ਬਣਾ ਦਿੱਤਾ। ਜਿਸ ਕਾਰਨ ਸਰਕਾਰਾਂ ਨੂੰ ਕੇਸ ਵਾਪਸ ਲੈਣੇ ਪਏ। ਇਸੇ ਕਾਰਨ ਹਰ ਸਿਆਸੀ ਪਾਰਟੀ ਜਾਂ ਵਿਚਾਰਧਾਰਾ ਦਾ ਆਖਰੀ ਨਿਸ਼ਾਨਾ ਸ਼ਾਸਕ ਵਰਗ ਬਣਨਾ ਹੁੰਦਾ ਹੈ। ਸਥਿਤੀਆਂ, ਪ੍ਰਸਥਿਤੀਆਂ ਤੇ ਸਮੇਂ ਦੇ ਬਦਲਾਓ ਕਾਰਨ ਹੀ ਵੋਟਾਂ ਡੱਬਿਆਂ 'ਚ ਪਾਉਣ ਦੀ ਬਜਾਏ ਮਸ਼ੀਨਾਂ (ਥ।ੜ।ਝ) ਰਾਹੀਂ ਸਮੇਂ ਦਾ ਬਚਾਓ ਕਰਨ ਨੂੰ ਅਮਲ ਵਿੱਚ ਲਿਆਂਦਾ ਗਿਆ। ਇੱਥੇ ਇਹ ਵੀ ਦੱਸਣ ਯੋਗ ਹੈ ਕਿ ਕਈ ਦੇਸ਼ਾਂ ਤੇ ਸਾਡੇ ਦੇਸ਼ ਵਿੱਚ ਇਹਨਾਂ ਮਸ਼ੀਨਾਂ ਨੂੰ ਸੱਤਾ ਧਿਰ ਵਲੋਂ ਹਾਈ ਜੈੱਕ ਕਰਨ ਦੇ ਦੋਸ਼ ਵੀ ਲਗਾਤਾਰ ਲਗਦੇ ਆ ਰਹੇ ਹਨ।

ਮੌਜੂਦਾ ਵਿਧਾਨ ਸਭਾ ਚੋਣਾਂ ਲਈ ਮੁੱਖ ਚੋਣ ਕਮਿਸ਼ਨ ਭਾਰਤ ਵਲੋਂ ਸਾਰੀਆਂ ਤਿਆਰੀਆਂ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ ਉੱਥੇ ਕਈ ਸਿਆਸੀ ਪਾਰਟੀਆਂ ਵਲੋਂ ਚੋਣ ਪ੍ਰਚਾਰ ਨੂੰ ਚਰਮ ਸੀਮਾ ਤੱਕ ਪਹੁੰਚਾਇਆ ਜਾ ਰਿਹਾ ਹੈ। ਇਸ ਸਬੰਧੀ ਸ੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਵਲੋਂ ਅਗੇਤ ਵਿੱਚ ਚੋਣ ਸਮਝੌਤਾ ਕੀਤਾ ਗਿਆ ਤੇ ਬਾਕੀ ਪਾਰਟੀਆਂ ਵਲੋਂ ਪਹਿਲਕਦਮੀ ਕਰਦਿਆਂ ਬਹੁਤੇ ਉਮੀਦਵਾਰਾਂ ਦਾ ਐਲਾਨ ਕਰ ਵੀ ਦਿੱਤਾ ਗਿਆ ਹੈ ਤੇ ਘੋਸ਼ਿਤ ਉਮੀਦਵਾਰ ਪਿੰਡੋਂ ਪਿੰਡੀ ਗੇੜਾ ਲਗਾ ਰਹੇ ਹਨ, ਇੱਥੇ ਉਹ ਗੀਤ 'ਗਲੀ-ਗਲੀ ਵਣਜਾਰਾ ਫਿਰਦਾ, ਵੰਗਾਂ ਚੜ੍ਹਾ ਲਓ ਕੱਚ ਦੀਆਂ' ਪੂਰੀ ਤਰ੍ਹਾਂ ਢੁਕਦਾ ਹੈ। ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਵਲੋਂ ਵੀ ਉਮੀਦਵਾਰ ਘੋਸ਼ਿਤ ਕੀਤੇ ਜਾ ਰਹੇ ਹਨ। ਇਹਨਾਂ ਪਾਰਟੀਆਂ ਵਲੋਂ 'ਪੋਸਟਰ ਜੰਗ' ਸ਼ੁਰੂ ਹੈ ਤੇ ਰਾਜ ਕਰ ਰਹੀ ਪਾਰਟੀ ਵਲੋਂ ਅਜੇ ਤੱਕ ਉਮੀਦਵਾਰਾਂ ਦਾ ਐਲਾਨ ਹੋਣਾ ਬਾਕੀ ਹੈ। ਸਰਕਾਰੀ ਹੋਲਡਿੰਗ ਹਜਾਰਾਂ ਦੀ ਗਿਣਤੀ 'ਚ ਤੁਹਾਨੂੰ ਹਰ ਪਿੰਡ/ਸ਼ਹਿਰ ਕਸਬੇ 'ਚ ਤੁਹਾਨੂੰ ਜੀ ਆਇਆਂ ਕਹਿੰਦੇ ਨਜਰ ਆਉਣਗੇ। ਉੱਥੇ ਗਠਜੋੜ ਵਲੋਂ ਕੀਤੇ ਜਾਣ ਵਾਲੇ ਕੰਮ ਤੇ 13 ਨੁਕਾਤੀ ਸਰਕਾਰ ਬਣਨ ਉਪਰੰਤ ਪ੍ਰੋਗਰਾਮ ਬਾਰੇ ਆਮ ਆਦਮੀ ਪਾਰਟੀ ਵਲੋਂ ਇੱਕ ਮੌਕਾ ਕੇਜਰੀਵਾਲ ਨੂੰ ਤੁਹਾਨੂੰ ਆਮ ਦੇਖਣ ਨੂੰ ਮਿਲਣਗੇ। ਆਉਣ ਵਾਲੇ ਦਿਨਾਂ 'ਚ ਹੋਰ ਰਾਜਸੀ ਧਿਰਾਂ ਵਲੋਂ ਪੋਸਟਰ ਤੇ ਹੋਲਡਿੰਗਾਂ ਰਾਹੀਂ ਸਿਆਸੀ ਜੰਗ ਲੜੀ ਜਾਵੇਗੀ। ਕਿਸਾਨੀ ਅੰਦੋਲਨ ਦੇ ਜੇਤੂ ਰਹਿਣ ਉਪਰੰਤ ਵੱਖ ਵੱਖ ਪਹਿਲੂਆਂ ਤੇ ਡੂੰਘਾਈ ਨਾਲ ਵਿਚਾਰਾਂ ਹੋ ਰਹੀਆਂ ਹਨ, ਜਿਸ ਉਪਰੰਤ ਸੰਜੀਦਾ ਬੁੱਧੀਮਾਨ ਲੋਕਾਂ ਵਲੋਂ ਜੁੜਦਾ ਪੰਜਾਬ ਪ੍ਰਸਿੱਧ ਅਰਥ ਸ਼ਾਸਤਰੀ ਸ਼ਿੰਗਾਰਾ ਸਿੰਘ ਜੌਹਲ ਦੁਆਰਾ ਸਥਾਪਤ ਟੀਮ ਲੋਕ ਅਧਿਕਾਰ ਲਹਿਰ' ਰਾਹੀਂ ਨਵੀਂ ਪਾਰੀ ਖੇਡਣ ਦੀ ਤਿਆਰੀ ਹੈ। ਹਰਿਆਣਾ ਤੋਂ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਦੁਆਰਾ 'ਸੰਯੁਕਤ ਸੰਘਰਸ਼ ਪਾਰਟੀ ਦਾ ਐਲਾਨ ਕੀਤਾ ਗਿਆ ਹੈ। ਆਉਣ ਵਾਲੇ ਦਿਨਾਂ 'ਚ ਹੋਰ ਪੰਜਾਬ 'ਚ ਰੱਦੋ-ਬਦਲ ਹੋਣ ਦੀ ਸੰਭਾਵਨਾ ਹੈ।

ਸਾਲ 2022 ਵਿੱਚ ਪੰਜਾਬ ਦਾ ਬਾਦਸ਼ਾਹ, ਰਾਜਾ ਕੌਣ ਹੋਵੇਗਾ, ਇਹ ਤਾ ਭਵਿੱਖ ਦੇ ਗਰਭ 'ਚ ਹੈ ਪਰ ਸਿਆਸੀ ਧਿਰਾਂ ਆਪੋ ਆਪਣੀ 'ਸੇਧ ' ਕਰਨ ਵਿੱਚ ਲੱਗੀਆਂ ਹੋਈਆਂ ਹਨ। ਮੈਦਾਨ ਵਿੱਚ ਉਮੀਦਵਾਰ 'ਭਲਵਾਨ ' ਹੋਣਗੇ। ਜਿਵੇਂ ਅੱਜ ਲੱਗ ਰਿਹਾ ਹੈ ਜਿੱਤ ਹਾਰ ਦਾ ਫੈਂਸਲਾ ਪੁਆਇੰਟਾਂ ਤੇ ਹੋਵੇਗਾ। ਜਿਵੇਂ ਮਹਾਨ ਵਿਦਵਾਨ ਤੇ ਤਜਰਬੇ ਦੱਸਦੇ ਹਨ ਕਿ ਸਿਆਸਤ ਵਿੱਚ ਕੋਈ ਸਿਧਾ ਕਾਮਯਾਬੀ ਦਾ ਫਾਰਮੂਲਾ ਨਹੀਂ ਤੇ ਸਿਆਸਤ ਪਲ-ਪਲ ਦੀ ਹੁੰਦੀ ਹੈ ਤੇ ਇੱਥੇ ਇਹ ਕਹਿਣਾ ਵੀ ਬਣਦਾ ਹੈ ਕਿ ਸਿਆਸਤ ਸੰਭਾਵਨਾਵਾਂ ਭਰਪੂਰ ਹੁੰਦੀ ਹੈ।

## ਸ਼ੁਭ ਇੱਛਾਵਾਂ

# ਚਲਦਿਆਂ ਚਲਦਿਆਂ ਆ ਪਹੁੰਚਾ ਸਾਲ 2022

## ਨਵੇਂ ਵਰ੍ਹੇ ਦਿਆ ਸੂਰਜਾ ਲੈ ਆਵੀਂ ਖੁਸ਼ੀਆ ਖੇੜੇ

ਸਾਲ 2021 ਅਲਵਿਦਾ ਇੱਕ ਹੋਰ ਸਾਲ ਦੇ 8760 ਘੰਟੇ, 5 ਲੱਖ 25 ਹਜਾਰ ਛੇ ਸੌ ਮਿੰਟ ਬੀਤੇ ਹਨ। ਪਿਛਲੇ ਸਾਲਾਂ ਵਾਂਗ ਇਹ ਸਾਲ ਵਿੱਚ 3 ਅਜਿਹੀਆਂ ਮੋਟੇ ਤੌਰ ਤੇ ਘਟਨਾਵਾਂ ਵਾਪਰੀਆਂ ਜਿਹੜੀਆਂ ਕਿਤੇ-ਕਿਤੇ ਸਾਲਾਂ ਬਾਅਦ ਤੇ ਕਈ ਸਦੀਆਂ ਬਾਅਦ ਵਾਪਰਦੀਆਂ ਹਨ। ਇਸ ਲਈ ਇਹ ਸਾਲ ਕਈ ਪੱਖਾਂ ਤੋਂ ਬੇਮਿਸਾਲ ਹੈ। ਜਿਸ ਬਾਰੇ ਹਰਵੇ ਹਨ, ਕਿਸਾਨ ਅੰਦੋਲਨ ਵਿੱਚ ਜੇਤੂ ਹੋਣਾ ਦੁਨੀਆਂ ਵਿੱਚ ਇੱਕ ਵੱਖਰੀ ਮਿਸਾਲ ਹੈ ਤੇ ਵਿਸ਼ਵ ਵਿੱਚ ਸਭ ਤੋਂ ਸੁੰਦਰੀ ਤੇ ਬੇਮਿਸਾਲ ਬੌਧਿਕਤਾ ਕਾਰਨ ਨਿਸ਼ਾਨ ਇਤਿਹਾਸ 'ਚ ਦਰਜ ਹੋ ਗਏ ਹਨ।

ਜੇ ਇਤਿਹਾਸ ਅਜਿਹੇ ਵਿਸ਼ੇ ਤੇ ਡੂੰਘੀ ਤਿਰਸ਼ੀ ਤੇ ਸਿਖਰਾਂ ਨੂੰ ਛੂਹਣ ਦੀ ਤੇ ਗਿਆਨ ਦੇ ਸਮੁੰਦਰ 'ਚ ਇੱਕ ਗੋਤਾ ਮਾਰਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਸਾਡੀ ਧਰਤੀ ਚੌਦਾਂ ਅਰਬ ਸਾਲ ਪੁਰਾਣੀ ਹੈ, ਜੀਵਨ ਕੁਝ ਕਰੋੜਾਂ ਸਾਲ ਪੁਰਾਣਾ ਹੈ। ਇਤਿਹਾਸ 10 ਹਜਾਰ ਸਾਲ ਪੁਰਾਣਾ ਹੈ। ਧਰਮ 6 ਹਜਾਰ ਸਾਲ ਪੁਰਾਣੇ ਹਨ। ਵਿਗਿਆਨ ਕਰੀਬ 4 ਸੌ ਸਾਲ ਪੁਰਾਣਾ ਹੈ।

ਸਾਲ 2022 ਦਾ ਆਗਾਜ ਹੋਣਾ, ਅਸੀਂ ਖੁੱਲ੍ਹੇ ਦਿਲ, ਤੱਕਦੀਆਂ ਅੱਖਾਂ ਤੇ ਖੁੱਲੀਆਂ ਬਾਹਵਾਂ ਨਾਲ ਜੀ ਆਇਆਂ, ਖੁਸ਼ਆਮਦੀਦ ਆਖਦੇ ਹਾਂ ਤੇ ਕੁਲ ਆਲਮ ਦੇ ਇਨਸਾਨੀਅਤ ਸੋਚ/ਫਲਸਫੇ ਦੇ ਧਰਮੀਆਂ ਲਈ ਸ਼ੁਭ ਇਛਾਵਾਂ ਹਨ।

ਸਾਲ ਦਾ 31 ਦਸੰਬਰ ਨੂੰ ਅਲਵਿਦਾ ਕਹਿਣਾ ਤੇ 1 ਜਨਵਰੀ ਤੋਂ ਨਵੇਂ ਸਾਲ ਦੀ ਆਮਦੀਦ ਦਰਅਸਲ ਰੋਮਨ ਇਤਿਹਾਸ ਦਾ ਹਰ ਸਾਲ ਦਾ ਵਰਤਾਰਾ ਹੈ। ਇਹ ਕੁਦਰਤ ਨਹੀਂ ਸਗੋਂ ਮਨੁੱਖ ਦੁਆਰਾ ਤੈਅ ਕੀਤਾ ਸਾਲਾਂ ਦਾ ਖਤਮ ਹੋਣਾ ਤੇ ਨਵੇਂ ਸਾਲ ਦਾ ਸ਼ੁਰੂ ਹੋਣਾ ਇਹ 2021 ਸਾਲਾਂ ਦਾ ਹੀ ਇਤਿਹਾਸ ਹੈ। ਬੀਤੇ ਸਾਲ 2021 ਦਾ ਨਾਮ ਵੀ ਇਤਿਹਾਸ ਦਾ ਜਦੋਂ ਨਿਚੋੜ ਕੱਢਿਆ ਜਾਵੇਗਾ ਕਿਉਂ ਕਿ ਇਤਿਹਾਸ ਦੇ ਨਿਚੋੜ ਦਾ ਭਾਵ ਹੀ 'ਮਹੱਤਵਪੂਰਨ ਘਟਨਾਵਾਂ, ਘਟਨਾਵਾਂ ਦੇ ਸਿੱਟਿਆਂ ਅਤੇ ਪ੍ਰਭਾਵਸ਼ਾਲੀ ਵਿਅਕਤੀਆਂ ਦੇ ਲੰਮੇ ਪ੍ਰਛਾਵਿਆਂ ਨੂੰ ਰੂਪਮਾਨ ਕਰਨਾ ਹੁੰਦਾ ਹੈ। ਇਸ ਸਾਲ ਵਿੱਚ ਕਰੋਨਾ ਮਹਾਂਮਾਰੀ ਨੇ ਪੂਰੀ ਦੁਨੀਆਂ ਨੂੰ ਪ੍ਰਭਾਵਤ ਕੀਤਾ। ਇਹ ਮਹਾਂਮਾਰੀ ਕਰੀਬ ਇੱਕ ਸਦੀ ਬਾਅਦ ਆਈ। ਜਿਸ ਨੇ ਜਿੱਥੇ ਕਰੋੜਾਂ ਲੋਕਾਂ ਦੀ ਜਾਨ ਲਈ ਉੱਥੇ ਕਰੋੜਾਂ ਅਰਬਾਂ ਰੁਪਏ ਦੇ ਘਾਟੇ ਪਏ। ਕਰੋੜਾਂ ਲੋਕ ਅਰਸ਼ ਤੋਂ ਫਰਸ਼ ਤੇ ਆ ਪਹੁੰਚੇ। ਦੂਜੀ ਘਟਨਾ ਭਾਰਤ ਵਿੱਚ ਕੇਂਦਰ ਸਰਕਾਰ ਵਲੋਂ ਬਣਾਏ ਤਿੰਨ ਖੇਤੀਬਾੜੀ ਕਾਨੂੰਨਾਂ ਬਾਰੇ ਹੈ। ਜਿਸ ਨੂੰ ਪੰਜਾਬ ਸਮੇਤ ਉੱਤਰੀ ਭਾਰਤ ਦੇ ਕਿਸਾਨਾਂ ਵਲੋਂ ਬੜੇ ਯੋਜਨਾਬੱਧ ਤਰੀਕੇ ਨਾਲ 'ਦਬਾਓ ਸਮੂਹ ਰਾਹੀਂ ' ਕਾਲੇ ਕਾਨੂੰਨ ਐਲਾਨ ਕਰਕੇ ਆਖਰ ਸਰਕਾਰ ਨੂੰ ਝੁੱਕਣ ਲਈ ਮਜਬੂਰ ਕਰ ਦਿੱਤਾ। ਤੀਜੀ ਮਾਣਮੱਤੀ ਪ੍ਰਾਪਤੀ ਪੰਜਾਬ ਦੀ ਧੀ



ਹਰਨਾਜ ਕੌਰ ਸੰਧੂ ਵਲੋਂ 21 ਸਾਲਾਂ ਬਾਅਦ ਮਿਸ ਯੂਨੀਵਰਸ ਦਾ ਖਿਤਾਬ ਜਿੱਤਕੇ ਸਾਰੀ ਦੁਨੀਆਂ ਦਾ ਧਿਆਨ ਪੰਜਾਬ/ਭਾਰਤ ਵੱਲ ਮੁੜ ਖਿੱਚਿਆ।

ਦੁਨੀਆਂ ਦੇ ਬਹੁਤੇ ਨਹੀਂ ਸਗੋਂ ਕਰੀਬ-ਕਰੀਬ ਸਾਰੀ ਦੁਨੀਆਂ ਨੂੰ ਧਰਮ ਹੀ ਚਲਾਉਂਦਾ ਹੈ। ਈਸਾਈ ਧਰਮ (ਸਾਲ 2022) ਬਿਕਰਮੀ ਸੰਮਤ (ਸਨਾਤਨ ਧਰਮ), ਹਿਜਰੀ ਸੰਮਤ 1443, ਨਾਨਕਸ਼ਾਹੀ (552) ਸਾਲ ਪਹਿਲਾ ਹੋਂਦ ਵਿੱਚ ਆ ਚੁੱਕੇ ਹਨ। ਅਜੋਕਾ ਯੁੱਗ ਵਿਗਿਆਨ ਦਾ ਹੈ। ਵਿਗਿਆਨ ਨੇ ਪੂਰੀ ਦੁਨੀਆਂ ਨੂੰ 'ਗਲੋਬਲ ਪਿੰਡ ' ਬਣਾ ਦਿੱਤਾ ਹੈ। ਅਸੰਭਵ ਨੂੰ ਸੰਭਵ ਬਣਾ ਦਿੱਤਾ ਹੈ ਤੇ ਇਹ ਪ੍ਰਕਿਰਿਆ ਹਰ ਖੇਤਰ ਵਿੱਚ ਲਗਾਤਾਰ ਜਾਰੀ ਹੈ। ਪਲ ਪਲ ਦੀ ਜਾਣਕਾਰੀ ਸਾਡੇ ਮੁਤਾਬਿਕ ਫੋਨਾਂ ਤੇ ਉਪਲੱਬਧ ਕਰਵਾਈ ਜਾ ਰਹੀ ਹੈ।

ਸਾਲ 2022 ਦੇ ਸ਼ੁਰੂਆਤ 'ਚ ਹੀ ਦੇਸ਼ ਦੇ 5 ਸੂਬਿਆਂ 'ਚ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ। ਸਾਡੇ ਪਿਤਰੀ ਰਾਜ ਪੰਜਾਬ ਵਿੱਚ ਫਰਵਰੀ ਦੇ ਅਖੀਰ ਤੱਕ ਚੋਣਾਂ ਹੋਣ ਦੀਆਂ ਅਸੀਮ ਸੰਭਾਵਨਾਵਾਂ ਹਨ। ਇਸ ਵਾਰ ਚੋਣਾਂ ਇੰਝ ਲੱਗ ਰਹੀਆਂ ਹਨ ਜਿਵੇਂ ਘਸਮਾਣ ਦਾ ਸਿਆਸੀ ਯੁੱਧ' ਹੋਣ ਜਾ ਰਿਹਾ ਹੈ। ਰੋਜਾਨਾ ਦੇ ਸਿਆਸੀ ਹਾਲਾਤਾਂ ਦਾ ਪ੍ਰਤੱਖ ਤੇ ਅਪ੍ਰਤੱਖ ਦ੍ਰਿਸ਼ 'ਕੁਝ ਹੋਰ ਕੁਝ ਹੋਰ ਤੇ ਕੁਝ ਹੋਰ' ਇਹ ਵੀ ਹੋ ਸਕਦਾ ਹੈ, ਦੀ ਸਥਿਤੀ ਬਣੀ ਹੋਈ ਹੈ। ਕਿਸਾਨੀ ਸੰਘਰਸ਼ ਜਿੱਤਣ ਉਪਰੰਤ ਹੁਣ 22 ਜਥੇਬੰਦੀਆਂ ਸਿਆਸੀ ਮੈਦਾਨ ਵਿੱਚ ਸੰਯੁਕਤ ਸਮਾਜ ਮੋਰਚੇ' ਦੇ ਬੈਨਰ ਹੇਠ ਚੋਣਾਂ ਲੜਨ ਜਾ ਰਹੀਆਂ ਹਨ। ਅੱਗੇ ਅੱਗੇ ਦੇਖੋ 2022 'ਚ ਕਿਹੜਾ ਬਣੇਗਾ ਤੁਹਾਡੇ ਹਲਕੇ ਦਾ ਵਿਧਾਇਕ, ਕੌਣ ਬਣੇਗਾ ਮੰਤਰੀ ਤੇ ਕਿਸ ਧਿਰ ਦੇ ਆਗੂ ਸਿਰ ਸਜੇਗਾ ਮੁੱਖ ਮੰਤਰੀ ਦਾ ਤਾਜ, ਕਿਸ ਦਾ ਕੀ ਹੋਵੇਗਾ ਰੋਡ ਮੈਪ, ਤੇ ਕੌਣ ਲਾਹਵੇਗਾ ਕਰਜਾ

ਪੰਜਾਬ ਵਿੱਚ ਜਿੱਥੇ ਸਿੱਖ ਧਰਮ ਸਭ ਤੋਂ ਵੱਧ ਵਧਿਆ ਫੁੱਲਿਆ, ਜਨਮਿਆ ਇਹ ਸਾਰਾ ਸੰਸਾਰ ਜਾਣਦਾ ਹੈ। ਜਿਸ ਦਾ ਮਾਫ ਫਲਸਫਾ 'ਸਰਬੱਤ ਦਾ ਭਲਾ ' ਹੈ। ਜਿੱਥੇ ਸਿੱਖ ਇਤਿਹਾਸ ਖੂਨ ਨਾਲ ਲਿਖਿਆ ਹੋਇਆ ਹੈ। ਜਿੱਥੇ ਕਈ ਸਾਲਾਂ ਵਾਂਗ ਦੋ ਸਰਦਾਰ ਖਾਲਸਾ ਏਡ ਵਾਲੇ ਤੇ ਰਵੀ ਇੰਦਰ ਸਿੰਘ ਖਾਲਸਾ ਤੇ ਐਸ.ਬੀ ਓਬਰਾਏ ਦੀ ਇਨਸਾਨੀਅਤ ਵਾਲੀ ਸੋਚ ਨੂੰ ਸਿਜਦਾ ਕਰਨਾ ਸਭ ਦਾ ਫਰਜ ਹੈ। ਅਜਿਹੀਆਂ ਅਨੇਕਾਂ ਉਦਾਹਰਨਾਂ ਹਨ ਜਿਨਾਂ ਨੇ ਜਾਤ-ਪਾਤ ਧਰਮ ਤੋਂ ਉੱਪਰ ਉੱਠਕੇ ਮਨੁੱਖਤਾ ਪ੍ਰਤੀ ਫਰਜਾਂ ਨੂੰ ਨਿਭਾਇਆ। ਅਜਿਹੇ ਸਿਆਣੇ ਮਨੁੱਖ ਹੀ ਇਤਹਾਸ ਦਾ ਪਾਤਰ ਬਣਨਗੇ।

ਭਾਵੇਂ ਹੁਣ ਤੱਕ ਦਾ ਇਤਿਹਾਸ ਤਾਕਤਵਰ ਲੋਕਾਂ ਰਾਜਿਆਂ ਮਹਾਰਾਜਿਆਂ ਦੇ ਹੱਕ ਵਿੱਚ ਲਿਖਿਆ ਨਜਰ ਆਉਂਦਾ ਹੈ ਪਰ ਕਦੇ ਕਿਤੇ ਇਨਸਾਨੀਅਤ ਮਨੁੱਖਤਾ ਵੀ ਜਾਗਦੀ ਹੈ ਉਹ ਮਲੇਰਕੋਟਲਾ ਹਮੇਸ਼ਾ ਵਧਦਾ ਰਹੇਗਾ ਕਿਉਂਕਿ ਉੱਥੇ ਬੱਚਿਆਂ ਦੇ ਹੱਕ ਵਿੱਚ 'ਹਾਅ' ਦਾ ਨਾਹਰਾ ਵੱਜਿਆ ਸੀ।

ਪਿਛਲੇ ਕੁਝ ਸਾਲਾਂ ਤੋਂ ਲੱਗੇ ਵਿਗਿਆਨੀਆਂ ਦੀ ਮਿਹਨਤ ਸਦਕਾ ਸਕੂਲ, ਕਾਲਜ ਲਾਇਬ੍ਰੇਰੀਆਂ ਵਧੀਆਂ ਹਨ। ਅਗਿਆਨਤਾ ਘਟੀ ਹੈ। ਬੱਚੇ, ਵਿਦਿਆਰਥੀ ਖਾਸ ਕਰਕੇ ਵਿਦਿਆਰਥਣਾ ਦਾ ਪਹਿਲੇ ਸਥਾਨਾਂ ਤੇ ਆਉਣਾ ਸਭ ਸਵੇਰ ਹੈ।

ਅਖੀਰ ਵਿੱਚ ਅਤੀਤ ਦੀ ਬੁੱਕਲ ਵਿੱਚ ਅਲੋਪ ਹੋ ਰਹੇ ਵਰ੍ਹੇ ਨੂੰ ਅਲਵਿਦਾ ਦੇ ਸਰਦਲ ਤੇ ਖੜ੍ਹੇ ਨਵੇਂ ਵਰ੍ਹੇ ਤੋਂ ਸੱਧਰਾਂ ਤੇ ਖੁਸ਼ੀਆਂ ਦਾ ਪਾਣੀ ਵਾਰਦੇ ਹੋਏ ਨੂੰ ਮੋਹ ਭਿੱਜੀ ਮੁਬਾਰਕਵਾਦ। ਨਵਾਂ ਵਰ੍ਹਾ ਤੁਹਾਡੇ ਵਿਹੜੇ ਖੁ ਤੇ ਖੇੜੇ ਲੈ ਕੇ ਆਵੇ ਅਤੇ ਮੁਹੱਬਤ ਦੀਆਂ ਰਿਸ਼ਮਾਂ ਚਾਨਣ ਫੈਲਾਉਣ।

"ਕੋਈ ਹੰਝੂ ਰਸਤਾ ਰੋਕੇ ਨਾ,
ਖੁਸ਼ੀਆਂ ਦੀ ਗੱਠੜੀ ਖੁੱਲ੍ਹ ਜਾਵੇ
ਜਿੰਦਗੀ ਦੇ ਮਝਦੇ ਪੈਰਾਂ ਤੇ
ਪਾਣੀ ਦਾ ਗੜਵਾ ਡੁੱਲ੍ਹ ਜਾਵੇ।"

ਸਾਰਅੰਸ਼ 'ਹਰ ਇਨਸਾਨ ਦੀਆਂ ਬੀਤੇ ਸਾਲ 2021 ਵਿੱਚ ਅਨੇਕਾਂ ਕਮੀਆਂ ਪੇਸ਼ੀਆਂ ਰਹਿ ਗਈਆਂ ਹੋਣਗੀਆਂ। ਉਹਨਾਂ ਨੂੰ ਸਾਲ 2022 ਵਿੱਚ ਮੁੜ ਨਾ ਦੁਹਰਾਕੇ ਅੱਗੇ ਨਵੇਂ ਵਰ੍ਹੇ ਸਾਬਤੇ ਕਦਮਾਂ ਨਾਲ ਅੱਗੇ ਵੱਧਣ ਦੀ ਵਿਉਂਤਬੰਦੀ ਕਰਨ ਦੀ ਲੋੜ ਹੈ।

ਸਮਾਂ ਤੇ ਸਫਲ ਸ਼ਖਸੀਅਤਾਂ ਦਾ ਤਜਰਬਾ ਦੱਸਦਾ ਹੈ ਕਿ ਜੋ ਕੁਝ ਵੀ ਕਰਨਾ ਚਾਹੁੰਦੇ ਹੋ ਆਪਣੇ ਬਲਬੂਤੇ ਤੇ ਕਰੋ। ਆਪਣੇ ਰਾਹ ਆਪ ਬਣਾਓ। ਜੀਵਨ ਦੀ ਇਹ ਵੀ ਇੱਕ ਅਟੱਲ ਸੱਚਾਈ ਹੈ ਕਿ ਜਿਨ੍ਹਾਂ ਨੇ ਸਮੇਂ ਦੀ ਹਿੱਕ ਤੇ ਪੈੜ ਪਾਉਣਾ, ਉਹ ਘਸੇ ਪਿਟੇ ਰਾਹਾਂ ਤੇ ਨਹੀਂ ਤੁਰਦੇ'।


'ਉਹ ਜਾਣ ਵਾਲੇ ਸੁਣਜਾ, ਇੱਕ ਗੱਲ ਮੇਰੀ ਖਲੋ ਕੇ'
ਚੱਲਏ ਕਿਸੇ ਦੇ ਬਣਕੇ ਰਹੀਏ ਕਿਸੇ ਦੇ ਹੋ ਕੇ'

(ਦੀਪਕ ਜੈਤੋਈ)

# ਸ਼ਰਧਾਂਜਲੀ ਪ੍ਰੋ: ਗੁਰਨਾਮ ਸਿੰਘ ਮੁਕਤਸਰ

## ਅਦਾਰਾ ਦੇਸ਼-ਦੁਆਬਾ ਅਤੇ ਅੰਬੇਦਕਰ ਟਾਇਮਜ ਵਲੋਂ ਕਿਤਾਬਚਾ 'ਸ਼ਰਧਾਂਜਲੀ' ਰਲੀਜ

## ਬਹੁਜਨ ਸਮਾਜ ਦਾ ਸੂਰਜ, ਬਹੁਜਨ ਸਮਾਜ ਦਾ ਹੀਰਾ ਸਨ ਪ੍ਰੋ: ਮੁਕਤਸਰ




ਪ੍ਰੋਫੈਸਰ ਗੁਰਨਾਮ ਸਿੰਘ ਮੁਕਤਸਰ ਜੀ 05 ਦਸੰਬਰ 2021 ਨੂੰ ਸਾਨੂੰ ਹਮੇਸ਼ਾ ਲਈ ਅਲਵਿਦਾ ਕਹਿ ਗਏ ਸਨ। ਪਰਿਵਾਰ ਰਿਸ਼ਤੇਦਾਰਾਂ ਤੇ ਸਮਾਜ ਦੇ ਸੁੱ ਚਿੰਤਕਾਂ ਦੁਆਰਾ 12 ਦਸੰਬਰ ਨੂੰ ਭਾਈ ਮਹਾਂ ਸਿੰਘ ਹਾਲ ਸ੍ਰੀ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ ਵਿਖੇ ਪਾਠ ਦਾ ਭੋਗ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਵੱਖ ਵੱਖ ਬੁਲਾਰਿਆਂ ਵਲੋਂ ਪ੍ਰੋ: ਸਾਹਿਬ ਵਲੋ ਬਿਤਾਏ ਪਲਾਂ/ਸਮੇਂ ਨੂੰ ਯਾਦ ਕੀਤਾ ਗਿਆ। ਉੱਥੇ ਪ੍ਰੋ: ਸਾਹਿਬ ਦੀ ਪਤਨੀ ਬੀਬੀ ਅਮਰਜੀਤ ਕੌਰ ਵਲੋਂ ਇਸ ਮੌਕੇ ਬੁਲੰਦ ਆਵਾਜ ਵਿੱਚ ਪ੍ਰੋ: ਸਾਹਿਬ ਨੂੰ ਯਾਦ ਕਰਦਿਆਂ ਕਿਹਾ ਗਿਆ ਕੋਈ ਸਮਾਂ ਸੀ ਜਦੋਂ ਅਸੀਂ ਸਕੂਲਾਂ/ਕਾਲਜਾਂ ਦੇ ਮੁਹਰਿਓਂ ਨਹੀਂ ਸੀ ਲੰਘ ਸਕਦੇ। ਅੱਜ ਅਸੀਂ ਵੱਡੇ ਵੱਡੇ ਅਹੁਦਿਆਂ ਤੇ ਡੀ.ਸੀ. ਜੱਜ ਲੱਗਕੇ ਇਨਸਾਫ ਦੇਣ ਜੋਗੇ ਹੋ ਗਏ ਹਾਂ। ਇਸ ਸਭ ਸਾਡੇ ਰਹਿਬਰਾਂ ਤੇ ਬਾਬਾ ਸਾਹਿਬ ਦੀ ਸਖਤ ਮਿਹਨਤ/ਤਪੱਸਿਆ ਕਾਰਨ ਹੀ ਸੰਭਵ ਹੋ ਸਕਿਆ ਹੈ। ਬੀਬੀ ਅਮਰਜੀਤ ਕੌਰ ਨੇ ਕਿਹਾ ਕਿ ਸਾਹਿਬ ਸ੍ਰੀ ਕਾਂਸ਼ੀ ਰਾਮ ਨੇ ਬਾਬਾ ਸਾਹਿਬ ਦੇ ਮਿਸ਼ਨ ਨੂੰ ਅੱਗੇ ਤੋਰਿਆ ਤੇ ਪ੍ਰੋ: ਸਾਹਿਬ ਵੀ ਇਸੇ ਰਾਹ ਦੇ ਪਾਂਧੀ ਸਨ ਤੇ ਸਾਨੂੰ ਇਸ ਕਾਰਵੇ ਨੂੰ ਅੱਗੇ ਵਧਾਉਣਾ ਹੋਵੇਗਾ। ਉਹਨਾਂ ਸਮੂਹ ਬਹੁਜਨ ਹਿਤੈਸ਼ੀਆਂ ਨੂੰ ਪ੍ਰੋ: ਸਾਹਿਬ ਦੇ ਕਾਰਵੇ ਨੂੰ ਅੱਗੇ ਵਧਾਉਣ ਤੇ ਆਪਣੇ ਵਲੋਂ ਸਹਿਯੋਗ ਦੀ ਪੇਸ਼ਕਸ਼ ਵੀ ਕੀਤੀ। ਉਹਨਾਂ ਪ੍ਰੋ: ਸਾਹਿਬ ਨੂੰ ਬਹੁਜਨ ਸਮਾਜ ਦਾ ਸੂਰਜ ਆਖਿਆ। ਇਸ ਸਮਾਗਮ ਦੌਰਾਨ ਪ੍ਰੋ: ਗੁਰਨਾਮ ਸਿੰਘ ਵਲੋਂ ਚਲਾਏ ਜਾ ਰਹੇ ਮੈਗਜੀਨ ਬੇਗਮ ਸ਼ਹਿਰ ਦੇ ਅੰਕ ਤੇ ਕਿਤਾਬਾਂ ਦੇ ਸਟਾਲ ਲਗਾਏ ਹੋਏ ਸਨ। ਵਰਨਣਯੋਗ ਹੈ ਕਿ ਪ੍ਰੋ: ਸਾਹਿਬ ਨੇ ਕੁੱਲ 32 ਕਿਤਾਬਾਂ ਲਿਖੀਆਂ ਤੇ ਸਭ ਤੋਂ ਵੱਧ ਪ੍ਰਸਿੱਧ ਹੋਈ ਕਿਤਾਬ "ਭਾਰਤੀ ਲੋਕ ਨੀਚ ਕਿਵੇਂ ਬਣੇ"। ਇਸਦੇ ਕੁੱਲ 10 ਅਡੀਸ਼ਨ ਹਨ ਤੇ 1350 ਤੋਂ ਵੱਧ ਇਸਦੇ ਪੰਨੇ ਹਨ। ਇਸ ਤਰ੍ਹਾਂ ਇਹ ਇੱਕ ਕਿਸਮ ਦਾ ਗ੍ਰੰਥ ਬਣ ਚੁੱਕਾ ਹੈ।



**ਸੰਤੋਖ ਸਿੰਘ ਜੱਸੀ**
**91-70876-19800**

ਇਸ ਸਮਾਗਮ ਵਿੱਚ ਪ੍ਰਸਿੱਧ ਕੌਮਾਂਤਰੀ ਧਾਰਮਿਕ ਹਸਤੀ ਰਣਜੀਤ ਸਿੰਘ ਢੰਡਰੀਆਂ ਵਾਲੇ ਦੇ ਨੁਮਾਇੰਦੇ ਹਾਜਰ ਸਨ। ਇਸ ਸਮਾਗਮ ਦੀ ਸਮੁੱਚੀ ਸਟੇਜੀ ਕਾਰਵਾਈ ਪ੍ਰਿੰ: ਬਾਲਮਗੜ੍ਹ ਨੇ ਨਿਭਾਈ। ਇਸ ਸ਼ਰਧਾਂਜਲੀ ਸਮਾਗਮ ਮੌਕੇ ਪ੍ਰੋ: ਸਾਹਿਬ ਦੀ ਪਤਨੀ ਅਮਰਜੀਤ ਕੌਰ ਤੇ ਲੜਕੀਆਂ ਜਗਦੀਪ ਕੌਰ ਅਤੇ ਕਿਰਨਦੀਪ ਕੌਰ ਨੂੰ ਸਰੋਪੇ ਭੇਂਟ ਕੀਤੇ ਗਏ।

ਇਸ ਬੁੱਧੀਮਾਨ ਸ਼ਖਸ਼ੀਅਤ ਨੂੰ 'ਦੇਸ਼-ਦੁਆਬਾ ਤੇ ਅੰਬੇਦਕਰ ਟਾਇਮਜ' ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਦੁਆਰਾ ਸੰਪਾਦਤ ਵੱਖ ਵੱਖ ਲੇਖਾਂ ਨੂੰ ਕਿਤਾਬਚੇ ਦਾ ਰੂਪ ਦੇ ਕੇ 'ਸ਼ਰਧਾਂਜਲੀ' ਭੇਂਟ ਕੀਤੀ।

ਕਿਤਾਬਚਾ ਆਪਣੇ ਆਪ 'ਚ ਇਕ ਨਿਵੇਕਲਾ ਉਪਰਾਲਾ ਸੀ ਜੋ ਤਿੰਨ-ਚਰ ਦਿਨਾਂ ਵਿਚ ਤਿਆਰ ਕਰ ਲੈਣਾ ਤੇ ਸਾਰੇ ਬੁੱਧੀਜੀਵੀਆਂ ਤੋਂ ਸ਼ਰਧਾਂਜਲੀ ਮੰਗਵਾਉਣੀ ਆਪਣੇ ਆਪ 'ਚ ਮਾਇਨੇ ਰੱਖਦਾ ਹੈ। ਮੇਰੀ ਸਮਝ ਅਨੁਸਾਰ ਸ਼ਾਇਦ ਇਹ ਪਹਿਲਾ ਮੌਕਾ ਹੋਵੇਗਾ, ਜੋ ਇੰਨੀ ਜਲਦੀ ਸਸਕਾਰ ਉਪਰੰਤ ਅੰਤਿਮ ਅਰਦਾਸ ਮੌਕੇ ਅਜਿਹਾ ਸ਼ਰਧਾਂਜਲੀ ਕਿਤਾਬਚਾ ਪ੍ਰਕਾਸ਼ਿਤ ਕੀਤਾ ਗਿਆ ਹੋਵੇ। ਮੇਰਾ ਸਲਿਊਟ ਹੈ ਪ੍ਰੋ. ਗੁਰਨਾਮ ਸਿੰਘ ਮੁਕਤਸਰ ਨੂੰ ਤੇ ਉਹਨਾਂ ਸਾਰੇ ਬੁੱਧੀਜੀਵੀਆਂ ਨੂੰ ਜੈ ਭੀਮ, ਜਿਹਨਾਂ ਇੰਨੇ ਥੋੜ੍ਹੇ ਵਕਤ ਵਿਚ ਸ਼ਰਧਾਂਜਲੀ ਨੂੰ ਇਕ ਲੇਖ ਵਿਚ ਸਾਡੇ ਸਾਹਮਣੇ ਰੱਖਿਆ ਤੇ ਧੰਨਵਾਦ ਹੈ ਅਦਾਰਾ 'ਦੇਸ਼ ਦੁਆਬਾ' ਤੇ ਅਦਾਰਾ 'ਅੰਬੇਦਕਰ ਟਾਈਮਜ਼' ਦੇ ਮੁੱਖ ਸੰਪਾਦਕ ਦਾ, ਜਿਹਨਾਂ ਨੇ ਇਹਨਾਂ ਸ਼ਰਧਾਂਜਲੀ ਰੂਪੀ ਲੇਖਾਂ ਨੂੰ ਪ੍ਰਕਾਸ਼ਿਤ ਕੀਤਾ। ਜੈ ਭੀਮ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਜੀ ਨੂੰ ਵੀ ਪਰ ਮੈਂ ਉਹਨਾਂ ਦੀ ਦਿਆਨਤਦਾਰੀ ਦਾ ਵੀ ਕਾਇਲ ਹਾਂ। ਉਹਨਾਂ ਕਿਹਾ ਕਿ ਇਹ ਸਭ ਰਲ-ਮਿਲ ਕੇ ਹੁੰਦਾ ਹੈ ਤੇ ਹੋਇਆ ਤੇ ਹੁੰਦਾ ਰਹੇਗਾ। ਇਹੀ ਸਾਡੀ ਸਭ ਦੀ ਸਮਾਜਿਕ ਜ਼ਿੰਮੇਵਾਰੀ ਹੈ ਕਿ ਅਸੀਂ ਆਪਣੇ ਮਹਾਨ ਰਹਿਬਰਾਂ ਨੂੰ ਹਮੇਸ਼ਾ ਯਾਦ ਰੱਖੀਏ ਤੇ ਮੌਜੂਦਾ ਸਮੇਂ ਦੇ ਸਿਰਕੱਢ ਆਗੂਆਂ ਨੂੰ ਪਛਾਣੀਏ ਤੇ ਉਹਨਾਂ ਦਾ ਬਣਦਾ ਮਾਣ-ਸਨਮਾਨ ਕਰਦੇ ਰਹੀਏ।




## ਸ਼ਰਧਾਂਜਲੀ



ਫਿਲੌਰ- ਬਹੁਤ ਹੀ ਦੁਖੀ ਹਿਰਦੇ ਨਾਲ ਲਿਖਣਾ ਪੈ ਰਿਹਾ ਹੈ ਕਿ ਸਾਡੀ ਕੌਮ ਦੇ ਮਸੀਹਾ, ਪ੍ਰੋ. ਗੁਰਨਾਮ ਸਿੰਘ ਮੁਕਤਸਰ ਦੀ ਸਾਨੂੰ ਸਦਾ ਲਈ ਵਿਛੋੜਾ ਦੇ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਉਹਨਾਂ ਦੀ ਬੇਵਕਤੀ ਮੌਤ ਤੇ ਸਾਰੇ ਸਮਾਜ ਨੂੰ ਬਹੁਤ ਧੱਕਾ ਲੱਗਾ ਹੈ।

ਪ੍ਰੋ. ਸਾਹਿਬ ਨੇ ਆਪਣੀ ਜ਼ਿੰਦਗੀ ਵਿਚ ਆਪਣੀ ਕੌਮ ਲਈ ਬਹੁਤ ਸ਼ਲਾਘਾਯੋਗ ਕੰਮ ਕੀਤੇ। ਕਈ ਕਿਤਾਬਾਂ ਲਿਖੀਆਂ, ਜਿਹਨਾਂ ਵਿਚੋਂ 'ਭਾਰਤੀ ਲੋਕ ਨੀਚ ਕਿਵੇਂ ਬਣੇ' ਇਕ ਖਾਸ ਕਿਤਾਬ ਹੈ ਜੋ ਕਿ ਸਾਨੂੰ ਸਾਡਾ ਪਿਛੋਕੜ ਦੱਸਦੀ ਹੈ। ਮੂਲ ਨਿਵਾਸੀਆਂ ਨੂੰ ਖਾਸ ਪੈਗਾਮ ਦਿੰਦੀ ਹੈ ਕਿ ਡਾ. ਬੀ. ਆਰ. ਅੰਬੇਡਕਰ ਤੇ ਬਾਬੂ ਕਾਂਸ਼ੀ ਰਾਮ ਦੀ ਸੋਚ ਤੇ ਪਹਿਰਾ ਦੇ ਕੇ ਹਜ਼ਾਰਾਂ ਸਾਲਾਂ ਤੋਂ ਗੁਲਾਮੀ ਦੀ ਜ਼ਿੰਦਗੀ ਕੱਟ ਰਹੀ ਕੌਮ ਨੂੰ ਮੁੜ ਸੁਰਜੀਤ ਕਰਨਾ ਹੈ।

ਇਹੋ ਅਰਦਾਸ ਹੈ ਕਿ ਪ੍ਰਮਾਤਮਾ ਉਹਨਾਂ ਨੂੰ ਆਪਣੇ ਚਰਨਾਂ ਵਿਚ ਸਥਾਨ ਦੇਵੇ ਤੇ ਪਰਿਵਾਰ ਨੂੰ ਤੇ ਸਮਾਜ ਨੂੰ ਡਾਕਟਰ ਸਾਹਿਬ ਦੀ ਬੇਵਕਤੀ ਮੌਤ ਝੱਲਣ ਦਾ ਬਲ ਬਖਸ਼ੇ।

**- ਬੰਸੀ ਲਾਲ ਬੰਗੜ**

# ਯੂਐਸ ਨੇਵੀ ਨੇ ਮੱਧ ਪੂਰਬ ਦੇ ਪਾਣੀਆਂ ਵਿੱਚ ਅਗਲੀ ਪੀੜ੍ਹੀ ਦੇ ਲੇਜ਼ਰ ਹਥਿਆਰ ਦਾ ਟੈਸਟ ਕੀਤਾ

## USS ਪੋਰਟਲੈਂਡ ਨੇ ਇੱਕ ਡਰੋਨ ਕਿਸ਼ਤੀ ਦੀ ਨਕਲ ਕਰਦੇ ਇੱਕ ਫਲੋਟਿੰਗ ਟੀਚੇ ਨੂੰ ਤਬਾਹ ਕਰ ਦਿੱਤਾ

ਯੂਐਸ ਨੇਵੀ ਨੇ ਬੁੱਧਵਾਰ ਨੂੰ ਘੋਸ਼ਣਾ ਕੀਤੀ ਕਿ ਉਸਨੇ ਇੱਕ ਲੇਜ਼ਰ ਹਥਿਆਰ ਦਾ ਪ੍ਰੀਖਣ ਕੀਤਾ ਅਤੇ ਮੱਧ ਪੂਰਬ ਵਿਚ ਇੱਕ ਫਲੋਟਿੰਗ ਟੀਚੇ ਨੂੰ ਨਸ਼ਟ ਕਰ ਦਿੱਤਾ, ਇੱਕ ਪ੍ਰਣਾਲੀ ਦੀ ਵਰਤੋਂ ਲਾਲ ਸਾਗਰ ਵਿੱਚ ਯਮਨ ਦੇ ਹਾਊਤੀ ਬਾਗੀਆਂ ਦੁਆਰਾ ਤਾਇਨਾਤ ਬੰਬ ਨਾਲਭਰੀਆਂਡਰੋਨਕਿਸ਼ਤੀਆਂਦਾ ਮੁਕਾਬਲਾ ਕਰਨ ਲਈ ਕੀਤੀ ਜਾ ਸਕਦੀ ਹੈ।ਪਰੀਖਣ ਨੇ ਮੰਗਲਵਾਰ ਨੂੰ ਯੂ।ਐੱਸ।ਐੱਸ। ਪੋਰਟਲੈਂਡ ਨੇ ਅਦਨ ਦੀ ਖਾੜੀ, ਪੂਰਬੀ ਅਫਰੀਕਾ ਨੂੰ ਅਰਬ ਪ੍ਰਾਇਦੀਪ ਤੋਂ ਵੱਖ ਕਰਨ ਵਾਲੇ ਪਾਣੀ ਦੇ ਹਿੱਸੇ ਵਿੱਚ ਨਿਸ਼ਾਨੇ 'ਤੇ ਆਪਣੇ ਲੇਜ਼ਰ ਹਥਿਆਰ ਸਿਸਟਮ ਪ੍ਰਦਰਸ਼ਨਕਾਰ ਦੀ ਜਾਂਚ ਕੀਤੀ।

ਜਲ ਸੈਨਾ ਦੇ ਮੱਧ ਪੂਰਬ-ਅਧਾਰਤ 5ਵੇਂ ਫਲੀਟ ਨੇ ਇੱਕ ਬਿਆਨ ਵਿੱਚ ਲੇਜ਼ਰ ਨੂੰ "ਸਫਲਤਾਪੂਰਵਕ ਕਰਦੇ ਹੋਏ" ਟੀਚੇ ਵਜੋਂ ਦਰਸਾਇਆ। ਇਸ ਤੋਂ ਪਹਿਲਾਂ, ਪੋਰਟਲੈਂਡ ਨੇ ਮਈ 2020 ਵਿੱਚ ਫਲਾਇੰਗ ਡਰੋਨ ਨੂੰ ਹੇਠਾਂ ਲਿਆਉਣ ਲਈ ਲੇਜ਼ਰ ਦੀ ਵਰਤੋਂ ਕੀਤੀ ਸੀ।ਅਦਨ ਦੀ ਖਾੜੀ ਯੁੱਧ-ਗ੍ਰਸਤ ਯਮਨ ਦੇ ਦੱਖਣੀ ਤੱਟ ਦੇ ਨਾਲ ਲਗੀ ਹੋਈ ਹੈ, ਜੋ ਕਿ 2014 ਵਿੱਚ ਈਰਾਨ-ਸਮਰਥਿਤ ਹੋਤੀ ਵਿਦਰੋਹੀਆਂ ਦੁਆਰਾ ਇਸਦੀ ਰਾਜਧਾਨੀ ਸਾਨਾ ਉੱਤੇ ਕਬਜ਼ਾ ਕਰਨ ਤੋਬਾਅਦ ਯੁੱਧ ਵਿੱਚ ਹੈ। ਮਾਰਚ 2015 ਵਿੱਚ ਇੱਕ ਸਾਊਦੀ-ਅਗਵਾਈ ਵਾਲੀ ਗੱਠਜੋੜ ਨੇ ਸੰਘਰਸ਼ ਵਿੱਚ ਦਾਖਲਾ ਲਿਆ ਪਰ ਰੁਕਿਆ ਸੰਘਰਸ਼ ਸਾਲਾਂ ਤੱਕ ਖਿੱਚਿਆ ਗਿਆ, ਦੁਨੀਆ ਦੀ ਸਭ ਤੋਂ ਭੈੜੀ ਮਾਨਵਤਾਵਾਦੀ ਤਬਾਹੀ ਬਣ ਗਿਆ ਅਤੇ ਅੰਦਾਜ਼ਨ 110,000 ਲੋਕਾਂ ਦੀ ਮੌਤ ਹੋ ਗਈ।



ਯੁੱਧ ਲਾਲ ਸਾਗਰ ਅਤੇ ਆਲੇ-ਦੁਆਲੇ ਦੇ ਜਲ ਮਾਰਗਾਂ ਜਿਵੇਂ ਕਿ ਬਾਬ ਅਲ-ਮੰਡੇਬ, ਜੋ ਕਿ ਅਦਨ ਦੀ ਖਾੜੀ ਨਾਲ ਸਮੁੰਦਰ ਨੂੰ ਜੋੜਦਾ ਹੈ, ਵਿੱਚ ਵੀ ਵਹਿ ਗਿਆ ਹੈ। ਇਹ ਜਲਮਾਰਗ ਸੁਏਜ਼ ਨਹਿਰ ਅਤੇ ਭੂਮੱਧ ਸਾਗਰ ਵੱਲ ਲੈ ਜਾਂਦੇ ਹਨ, ਜੋ ਉਹਨਾਂ ਨੂੰ ਅੰਤਰਰਾਸ਼ਟਰੀ ਸ਼ਿਪਿੰਗ ਅਤੇ ਵਿਸ਼ਵ ਊਰਜਾ ਸਪਲਾਈ ਲਈ ਮਹੱਤਵਪੂਰਨ ਬਣਾਉਂਦੇ ਹਨ।

ਹੂਥੀਆਂ ਨੇ ਇਨ੍ਹਾਂ ਪਾਣੀਆਂ ਵਿੱਚ ਡਰੋਨ ਕਿਸ਼ਤੀਆਂ ਤਾਇਨਾਤ ਕੀਤੀਆਂ ਹਨ, ਜਿਨ੍ਹਾਂ ਨੂੰ ਰਿਮੋਟ ਤੋਂ ਪਾਇਲਟ ਕੀਤਾ ਜਾ ਸਕਦਾ ਹੈ ਅਤੇ ਵਿਸਫੋਟ ਕਰਨ ਤੋਂ ਪਹਿਲਾਂ ਕਿਸੇ ਟੀਚੇ 'ਤੇ ਭੇਜਿਆ ਜਾ ਸਕਦਾ ਹੈ। ਇਹ ਕਿਸ਼ਤੀਆਂ ਈਰਾਨ ਦੀ ਮਦਦ ਨਾਲ ਬਣਾਈਆਂ ਜਾਣ ਦਾ ਸ਼ੱਕ ਹੈ।2018 ਵਿੱਚ ਇਮੀਰਾਤੀ ਅਧਿਕ-ਾਰੀਆਂ ਨੇ ਇੱਕ ਡਰੋਨ ਕਿਸ਼ਤੀ ਦੇ ਕੰਪਿਊਟਰ ਤੋਂ ਆਉਣ ਵਾਲੀ ਫੁਟੇਜ ਦਿਖਾਈ, ਜਿਸ ਵਿੱਚ ਈਰਾਨੀ ਲੋਕਾਂ ਨੂੰ ਕਿਸ਼ਤੀ ਦੇ ਮਾਰਗਦਰਸ਼ਨ ਪ੍ਰਣਾਲੀ ਲਈ ਹਿੱਸੇ ਬਣਾਉਂਦੇ ਹੋਏ ਦਿਖਾਇਆ ਗਿਆ ਸੀ, ਇੱਕ ਫੋਟੋ ਦੇ ਪਿਛੋਕੜ ਵਿੱਚ ਦਿਖਾਈ ਦੇਣ ਵਾਲੀ ਇੱਕ ਕੈਪ ਦੇ ਨਾਲ, ਜੋ ਕਿ ਈਰਾਨ ਦੀ ਸਖ਼ਤ-ਲੜਾਈ ਵਾਲੀ ਲਾਈਨ ਨੂੰ ਅਰਧ ਸੈਨਿਕ ਰੈਵੋਲਿਊਸ਼ਨਰੀ ਗਾਰਡ ਦੇ ਪ੍ਰਤੀਕ ਵਜੋਂ ਦਰਸਾਉਂਦੀ ਹੈ।ਈਰਾਨ ਨੇ ਹਾਉਥੀਆਂ ਨੂੰ ਹਥਿਆਰ ਦੇਣ ਤੋਂ ਇਨਕਾਰ ਕੀਤਾ ਹੈ, ਹਾਲਾਂਕਿ ਸੰਯੁਕਤ ਰਾਸ਼ਟਰ ਦੇ ਮਾਹਰ, ਸੁਤੰਤਰ ਵਿਸ਼ਲੇਸ਼ਕ ਅਤੇ ਪੱਛਮੀ ਦੇਸ਼ਾਂ ਨੇ ਤਹਿਰਾਨ ਦੇ ਹਥਿਆਰਾਂ ਨਾਲ ਸਬੰਧ ਦਿਖਾਉਣ ਵਾਲੇ ਸਬੂਤਾਂ ਵੱਲ ਇਸ਼ਾਰਾ ਕੀਤਾ ਹੈ।

ਪੋਰਟਲੈਂਡ, ਇੱਕ ਸੈਨ ਐਂਟੋਨੀਓ-ਸ਼੍ਰੇਣੀ ਦੇ ਅੰਬੀਬੀਅਸ ਟ੍ਰਾਂਸਪੋਰਟੇਸ਼ਨ ਡੌਕ, ਸੈਨ ਡਿਏਗੋ ਵਿੱਚ ਇਸਦਾ ਘਰੇਲੂ ਬੰਦਰਗਾਹ ਹੈ। ਜਹਾਜ਼ ਨੂੰ ਐਸੈਕਸ ਐਮਫੀਬੀਅਸ ਰੈਡੀ ਗਰੁੱਪ ਦੇ ਹਿੱਸੇ ਵਜੋਂ ਤਾਇਨਾਤ ਕੀਤਾ ਗਿਆ ਹੈ ਜੋ ਹੁਣ ਮੱਧ ਪੂਰਬ ਹੈ।



**ਹਰਦੀਪ ਸਿੰਘ ਚੁੰਬਰ**
**+91-94636-01616**

# ਬਾਤਾਂ- ਬੀਤੇ ਵਰ੍ਹੇ ਦੀਆਂ

ਸਮੇਂ ਤੇ ਕਾਲ ਦਾ ਸੰਕਲਪ ਤਾਂ ਮੇਰੀ ਚੇਤਨਤਾ 'ਚ, ਸ਼ਾਇਦ, ਪਹਿਲੇ ਪਾਠਸ਼ਾਲਾ ਪ੍ਰਵੇਸ਼ ਨਾਲ ਹੀ ਕਾਫ਼ੀ ਸਪੱਸ਼ਟ ਹੋ ਗਿਆ ਸੀ। ਮਈ 1951 'ਚ ਅਹਿਮਦਗੜ੍ਹ ਮੰਡੀ ਦੇ ਹਾਈ ਸਕੂਲ 'ਚ ਤੀਸਰੀ ਜਮਾਤ 'ਚ ਦਾਖਲੇ ਦੇ ਸਮੇਂ ਤੋਂ ਈਸਵੀ ਸੰਮਤ ਦੀ ਜੰਤਰੀ ਤੇ ਦੇਸ-ਵਿਦੇਸ਼ ਦੇ ਘਟਨਾ-ਚੱਕਰ ਨਿੱਤ-ਨੇਮ ਦੀ ਬੌਧਿਕਤਾ ਦਾ ਗਹਿਰਾ, ਹੋਰ ਗਹਿਰਾ ਹਿੱਸਾ ਬਣਦੇ ਗਏ ਹਨ। ਚੁਗਿਰਦਿਆਂ ਤੇ ਕਾਰਜ-ਪਦਵੀਆਂ 'ਚ ਲਗਾਤਾਰ ਬੜੀਆਂ ਹੀ ਭਿੰਨ ਪ੍ਰਕਾਰ ਦੀਆਂ ਤਬਦੀਲੀਆਂ ਦਾ ਸਿਲਸਿਲਾ ਜਾਰੀ ਹੈ, ਪਰ ਇਸ ਸਭ ਕੁਝ ਦੇ ਬਾਵਜੂਦ, ਇਸ ਸਾਰੀ ਕਰਮਗਾਥਾ ਦਾ ਆਤਮਿਕ-ਸੂਤਰ ਤੇ ਬੌਧਿਕ-ਧੁਰਾ ਜਿਵੇਂ ਸਭ ਪ੍ਰੀਵਰਤਨਾਂ ਤੋਂ ਨਿਰਲੇਪ ਰਹੇ ਹਨ।

ਸਾਲ 95 ਸਮੁੱਚੇ ਤੌਰ 'ਤੇ ਬੜਾ ਹੀ ਸੰਤੁਸ਼ਟੀ ਭਰਪੂਰ ਤੇ ਨਵੀਆਂ ਪ੍ਰਾਪਤੀਆਂ ਵਾਲਾ ਹੋ ਨਿਬੜਿਆ। ਰਾਜਦੂਤ ਦਾ ਅਹੁਦਾ, ਜਿਸਦਾ ਔਪਚਾਰਿਕ ਗ੍ਰੇਡ ਮੈਨੂੰ ਸਤੰਬਰ 1992 'ਚ ਹੀ ਮਿਲ ਗਿਆ ਸੀ, ਪਰ ਮੈਂ ਬਾਕਾਇਦਾ ਰਸਮੀ ਤੌਰ 'ਤੇ 4 ਜਨਵਰੀ ਨੂੰ ਪਨਾਮਾ ਦੇ ਰਾਸ਼ਟਰਪਤੀ ਨੂੰ ਭਾਰਤ ਦੇ ਰਾਸ਼ਟਰਪਤੀ ਦੇ ਭੇਜੇ ਪ੍ਰਮਾਣ-ਪੱਤਰ ਪੇਸ਼ ਕਰਕੇ ਸੰਭਾਲਿਆ- ਇਹ ਤਾਰੀਖ ਆਰਾਧਨਾ ਦਾ ਜਨਮ ਦਿਨ ਹੈ। ਮੈਂ ਉਹਨੂੰ ਅਕਸਰ ਕਹਿੰਦਾ ਹਾਂ ਕਿ ਇਹ ਦੁਨੀਆ ਦਾ ਭ੍ਰਮਣ ਤੇ ਇਹ ਕੂਟਨੀਤਕ ਪੇਸ਼ਾ, ਸ਼ਾਇਦ ਉਸਦੀਆਂ ਲਕੀਰਾਂ ਸਦਕਾ ਹੀ ਹੈ। ਮੈਨੂੰ ਤਾਂ ਬਚਪਨ ਤੋਂ 'ਆਪੇ-ਬਣੇ' ਨਜੂਮੀਂ ਇਹੀ ਫਰਮਾਉਂਦੇ ਰਹੇ ਹਨ ਕਿ 'ਦੇਸ 'ਚ ਹੀ ਰਾਜਦਰਬਾਰੇ ਇੱਜ਼ਤ ਵਾਲਾ ਰੁਜ਼ਗਾਰ ਮਿਲੇਗਾ।'



**ਬਾਲ ਅਨੰਦ**
**ਪਨਾਮਾ ਸ਼ਹਿਰ**
**ਰਾਜਦੂਤ**

ਪਨਾਮਾ 'ਚ ਮਨ-ਪਸੰਦ ਘਰ ਜ਼ਰੂਰ ਯਾਦ ਰਹੇਗਾ। ਦੋ ਮਹੀਨੇ ਦੀ ਖੋਜ ਦਰਿਆਫਤਾਂ ਬਾਦ 2000 ਵਰਗ ਮੀਟਰ ਪਲਾਟ 'ਚ ਦੁਮੰਜ਼ਲਾ ਮਕਾਨ ਲੱਭ ਸਕੇ। ਤੈਰਾਕੀ ਤਾਲਾਬ, ਖੁੱਲ੍ਹਾ ਘਾਹ ਮੈਦਾਨ, ਚਾਰੇ ਪਾਸੇ 120 ਦੇ ਕਰੀਬ ਹਰਿਆਵਲੇ ਲੰਬੇ ਰੁੱਖ ਤੇ ਤਿੰਨ ਜਰਕੰਡੇ ਦੇ ਵੱਡੇ-ਵੱਡੇ ਦਰਖਤਾਂ ਤੋਂ ਇਲਾਵਾ ਫੁੱਲ-ਪੌਦਿਆਂ ਦਾ ਕੋਈ ਸ਼ੁਮਾਰ ਨਹੀਂ। ਤਿੰਨ ਨਾਰੀਅਲ ਦੇ ਪੇੜਾਂ ਦਾ ਮਿੱਠਾ ਪਾਣੀ ਤੇ ਭਰਪੂਰ ਫਲਾਂ ਦੀ ਬਹਾਰ ਇਕ ਵਿਸ਼ੇਸ਼ ਹੀ ਅਨੁਭਵ ਹੈ। ਅਸੀਂ ਭਾਰਤ ਤੋਂ ਚਿੱਠੀ ਵਾਲੇ ਲਿਫਾਫੇ 'ਚ ਨਮੋਲੀਆਂ ਮੰਗਵਾਕੇ ਗਿਆਰਾਂ ਨਿੰਮ ਦੇ ਪੌਦੇ ਵੀ ਪੈਦਾ ਕਰ ਚੁੱਕੇ ਹਾਂ। ਹੁਣ ਕੁੱਝ ਸਬਜ਼ੀਆਂ ਤੇ ਫਲ-ਫੁੱਲ ਉਗਾਉਣ 'ਚ ਧਿਆਨ ਦੇ ਰਹੇ ਹਾਂ। ਵੈਸੇ ਪਨਾਮਾ 'ਚ ਪਪੀਤਾ ਬੇਹਤਰੀਨ ਕਿਸਮ ਦਾ ਮਿਲਦਾ ਹੈ; ਅਨਾਨਾਸ ਤੇ ਕੇਲੇ ਦੀ ਵੀ ਬੜੀ ਮੌਜ ਹੈ। ਸਿਵਾ ਟੀਂਡੇ ਤੇ ਸ਼ਲਗਮਾਂ ਦੇ ਸਭ ਸਬਜ਼ੀਆਂ ਮਿਲਦੀਆਂ ਹਨ- ਕਰੇਲੇ ਸਾਰਾ ਸਾਲ ਹੀ ਮਿਲਦੇ ਹਨ। ਮੌਸਮਾਂ ਦੇ ਰੰਗ ਦੋ- ਮਈ ਤੋਂ ਨਵੰਬਰ ਭਰਪੂਰ ਬਰਸਾਤਾਂ ਤੇ ਬਾਕੀ ਸਾਲ ਸੁਕ-ਪਕਾ। ਗਰਮੀ ਦਾ ਦਰਜਾ ਬਰਦਾਸ਼ਤ ਦੀ ਹੱਦ ਨਹੀਂ ਟੱਪਦਾ। ਰਾਜਧਾਨੀ 'ਚ ਮਹਾਂਨਗਰੀ ਵਰਗੀ ਨਾ ਕੋਈ ਪ੍ਰਦੂਸ਼ਣ ਦੀ ਸ਼ਿਕਾਇਤ ਤੇ ਨਾ ਹੀ ਟ੍ਰੈਫ਼ਿਕ ਤੇ ਦੂਰੀਆਂ ਦੀਆਂ ਮੁਸੀਬਤਾਂ; ਪੰਜ ਮਿੰਟ 'ਚ ਘਰ ਤੋਂ ਦਫਤਰ। ਸ਼ਾਂਤ ਮਹਾਂਸਾਗਰ 'ਚ ਸੂਰਜ ਦੇ ਉਦੈ ਹੋਣ ਦਾ ਸਤਰੰਗੀ ਪੀਂਘ ਦ੍ਰਿਸ਼, ਚਹੁੰ ਪਾਸੀਂ ਹਰਿਆਵਲ ਤੇ ਨਿਊਯਾਰਕ ਵਰਗੇ ਮੈਨਹਟਨ ਦੇ ਉੱਚੇ ਭਵਨ ਵੀ- ਪਨਾਮਾ ਸ਼ਹਿਰ ਦੀ ਸ਼ਖ਼ਸੀਅਤ ਬੜੀ ਪ੍ਰਭਾਵਸ਼ਾਲੀ ਹੈ ਇਸ ਕੇਂਦਰੀ ਅਮਰੀਕਾ 'ਚ।

ਜਿੱਥੋਂ ਤੱਕ ਪਨਾਮਾ ਨਹਿਰ ਦੀ ਗੱਲ ਹੈ- 15 ਅਗਸਤ, 1914 ਨੂੰ ਉਦਘਾਟਨ ਕੀਤੀ ਇਹ ਨਹਿਰ ਕੇਵਲ ਮਹਾਨ ਤੇ ਬੇਮਿਸਾਲ ਕਾਰੀਗਰੀ ਦਾ ਕਮਾਲ ਹੀ ਨਹੀਂ ਸੀ। ਚਾਲੀ ਵਰ੍ਹੇ ਸੰਸਾਰ ਦਾ ਧਿਆਨ ਆਕ੍ਰਸ਼ਿਤ ਕਰ ਰੱਖਣ ਵਾਲੀ ਇਹ ਮੁਹਿੰਮ ਕਿਸੇ ਕੌਮਾਂਤਰੀ ਯੁੱਧ ਤੋਂ ਕਮ ਨਹੀਂ ਸੀ, ਜਿਸ ਵਿਚ ਤਕਰੀਬਨ ਹਰ ਨਸਲ ਤੇ ਕੌਮਾਂ ਦੇ ਲੋਕਾਂ ਨੇ ਹਿੱਸਾ ਪਾਇਆ।ਚਾਰ ਸੌ ਵਰ੍ਹੇ ਪੁਰਾਣੇ ਸ਼ਾਹਾਂ, ਮਲਾਹਾਂ ਤੇ ਸ਼ਿਲਪੀਆਂ ਦੇ ਇਸ ਦੋ ਮਹਾਂਸਾਗਰਾਂ ਨੂੰ ਮਿਲਾਉਣ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਫਰਾਂਸ ਤਕਰੀਬਨ ਆਰਥਿਕ ਦੀਵਾਲੀਆ ਹੋ ਗਿਆ ਸੀ; ਕੁਲੰਬੀਆ ਨੇ ਆਪਣਾ ਅਤਿ-ਮਹੱਤਵਪੂਰਣ ਭਾਗ ਗੁਆ ਲਿਆ; ਪਨਾਮਾ ਇਕ ਵੱਖਰਾ ਦੇਸ਼ ਬਣ ਗਿਆ; ਨਿਕਾਰਾਗੁਆ ਦੀ ਤਕਦੀਰ ਬਣਦੀ, ਬਣਦੀ ਰਹਿ ਗਈ ਤੇ ਅਮਰੀਕਾ ਇਕ ਸੰਸਾਰ-ਸ਼ਕਤੀ ਬਣ ਕੇ ਅੱਗੇ ਆ ਗਿਆ। ਦੁਨੀਆ ਦੀ ਸਰਮਾਏਦਾਰੀ; ਮੈਡੀਸਨ ਦੇ ਅਨੁਸੰਧਾਨ; ਇੰਜੀਨੀਅਰਿੰਗ ਦੇ ਤਜਰਬੇ; ਸਰਕਾਰੀ ਯੋਜਨਾ-ਪ੍ਰਣਾਲੀ ਤੇ ਸ਼੍ਰਮ-ਸੰਬੰਧਾਂ ਜਿਹੇ ਖੇਤਰਾਂ 'ਚ ਨਹਿਰਉਸਾਰੀ ਦੇ ਅਨੁਭਵਾਂ ਨੇ ਨਵੇਂ ਮਾਪਦੰਡ ਸਥਾਪਤ ਕੀਤੇ। ਅੱਜ ਦੇ ਪਨਾਮਾ ਦੀ ਸਿਆਸਤ ਤੇ ਆਰਥਿਕਤਾ ਨਹਿਰ ਨਾਲ ਗਹਿਰੀ ਤਰ੍ਹਾਂ ਜੁੜੇ ਹੋਏ ਹਨ। ਅਕਤੂਬਰ 1979 'ਚ ਲਾਗੂ ਹੋਈ ਪਨਾਮਾ-ਅਮਰੀਕਾ ਸੰਧੀ ਅਨੁਸਾਰ ਨਹਿਰ ਦੀ ਪੂਰੀ ਮਲਕੀਅਤ ਤੇ ਪ੍ਰਬੰਧ ਪਨਾਮਾ ਨੂੰ 31 ਦਸੰਬਰ 1999 ਨੂੰ ਸੌਂਪ ਦਿੱਤੇ ਜਾਣਗੇ। ਬੱਸ ਪੂਰੇ ਚਾਰ ਸਾਲ ਬਾਅਦ- ਇਸ ਤਿਥੀ ਨਾਲ ਆਸ਼ਾਵਾਂ ਤੇ ਸ਼ੰਕਾਵਾਂ ਜੁੜੀਆਂ ਹਨ ਪਨਾਮਾ ਸਰਕਾਰ ਤੇ ਲੋਕਾਂ ਦੀਆਂ।

ਸਾਲ '95 ਕਾਫ਼ੀ ਸੁਖਦ ਤੇ ਦਿਲਚਸਪ ਯਾਤਰਾਵਾਂ ਵਾਲਾ ਰਿਹਾ ਹੈ। ਕੇਂਦਰੀ ਅਮਰੀਕਾ ਦੇ ਦੋ ਗਵਾਂਢੀ ਮੁਲਕਾਂ- ਨਿਕਾਰਾਗੁਆ ਤੇ ਅਲ-ਸਲਵਾਦੋਰਦਾ ਵੀ ਰਾਜਦੂਤਗਿਰੀ ਦਾ ਜਿੰਮਾ ਵੀ ਮੇਰਾ ਹੀ ਹੈ। ਨਿਕਾਰਾਗੁਆ ਦੀ ਰਾਜਨੀਤੀ ਤੇ ਚਿੰਤਨ ਤੇ ਇਨਕਲਾਬੀ-ਸਮਾਜਵਾਦੀ ਵਿਚਾਰਧਾਰਾ ਦਾ ਬੜਾ ਪ੍ਰਭਾਵ ਹੈ ਤੇ ਅਮਰੀਕਾ ਨਾਲ ਇਤਿਹਾਸਕ ਟਕਰਾਉ ਰਿਹਾ ਹੈ। ਭਾਰਤੀ ਸੰਸਕ੍ਰਿਤੀ, ਫਲਸਫੇ ਤੇ ਸਾਹਿਤ ਪ੍ਰਤੀ ਗਹਿਰਾ ਲਗਾਵ ਹੈ ਇੱਥੋਂ ਦੇ ਬੁੱਧੀਜੀਵੀਆਂ ਤੇ ਆਮ ਲੋਕਾਂ ਦਾ।

ਇਸ ਖਿੱਤੇ ਦਾ ਸਭ ਤੋਂ ਛੋਟਾ ਤੇ ਸਭ ਤੋਂ ਘਣੀ ਵਸੋਂ ਵਾਲਾ ਅਲ-ਸਲਵਾਦੋਰ ਲੰਬੀ ਖਾਨਾ-ਜੰਗੀ ਦਾ ਸ਼ਿਕਾਰ ਰਿਹਾ ਹੈ। ਹੁਣ ਸਥਿਤੀ ਸੰਭਲ ਰਹੀ ਹੈ- ਕਿਤੇ ਸੰਯੁਕਤ ਰਾਸ਼ਟਰ ਨੇ ਆਪਣੇ ਕਿਰਦਾਰ ਲਈ ਸਫ਼ਲਤਾ ਤੇ ਨਾਮਣਾ ਖੱਟੀ ਹੈ ਤਾਂ ਉਹ ਅਲ-ਸਲਵਾਦੋਰ ਹੀ ਹੈ। ਸਾਰੇ ਖੇਤਰ 'ਚ ਹੀ ਆਰਥਕ ਸੁਧਾਰਾਂ, ਨਿੱਜੀਕਰਣ ਤੇ ਮੰਡੀਪੁਣੇ ਦੀਆਂ ਨੀਤੀਆਂ ਦਾ ਅਨੁਕਰਣ ਹੋ ਰਿਹਾ ਹੈ। ਆਰਥਕ ਕਾਣੀ ਵੰਡ, ਲਹੂ-ਭਿੱਜੀ ਨਿਰੰਕੁਸ਼ ਰਾਜ-ਪ੍ਰਣਾਲੀ ਤੇ ਕਹਿਰਾਂ ਦੀ ਗਰੀਬੀ- ਦੇਖੋ, ਕਿਧਰ ਨੂੰ ਤੁਰਦੀ ਹੈ ਤਕਦੀਰ ਇਸ ਖਿੱਤੇ ਦੇ ਦੇਸ਼ਾਂ ਦੀ ਅਗਲੇ ਵਰ੍ਹਿਆਂ 'ਚ। ਨਵੰਬਰ ਦੇ ਪਹਿਲੇ ਸਪਤਾਹ 'ਚ ਅਰਜਨਟੀਨਾ ਦੀ ਰਾਜਧਾਨੀ ਬਿਉਨਸ ਏਅਰਜ਼- ਸੁਹਾਵਣੀਆਂ ਪੌਣਾਂ 'ਚ ਦੱਖਣੀ ਅਮਰੀਕਾ ਮਹਾਦੀਪ ਦੇ ਰਾਜਦੂਤਾਂ ਦੀ ਪ੍ਰਧਾਨ ਮੰਤਰੀ ਜੀ ਨਰਸਿਮਹਾ ਰਾਓ ਨਾਲ ਮੀਟਿੰਗ ਰੱਖੀ ਗਈ ਸੀ। ਮੈਂ ਇਸ ਅਵਸਰ ਦਾ ਭਰਪੂਰ ਲਾਭ ਉਠਾਉਂਦੇ ਹੋਏ ਲੀਮਾ (ਪੀਰੂ), ਸ਼ਾਂਤੀਆਗੋ (ਚਿੱਲੀ), ਰੀਉ ਦੀ ਜੇਨੇਰੋ (ਬਰਾਜ਼ੀਲ) ਤੇ ਕਾਰਾਕਾਸ (ਵੈਨਜ਼ੁਏਲਾ) ਦੀਆਂ ਸੰਖੇਪ ਯਾਤਰਾਵਾਂ ਕੀਤੀਆਂ। ਪੰਜ ਸੌ ਵਰ੍ਹੇ ਦੇ ਯੂਰਪ ਨਾਲ ਸੰਪਰਕ ਨੇ ਇਸ ਮਹਾਦੀਪ ਦੀ ਕਾਇਆ-ਕਲਪ ਹੀ ਕਰ ਦਿੱਤੀ ਹੈ। ਇੰਕਾਜ, ਮਾਯਾ, ਅਜ਼ਟੈਕ ਦੀਆਂ ਮਹਾਨ ਸੰਸਕ੍ਰਿਤੀਆਂ ਦਾ ਮੂਲ ਨਾਸ਼ ਕਰ ਦਿੱਤਾ ਅੱਜ ਦੀਆਂ ਮਾਨਵੀ ਅਧਿਕਾਰਾਂ ਦੀਆਂ ਦੁਹਾਈਆਂ ਦੇਣ ਵਾਲੀਆਂ ਕੌਮਾਂ ਨੇ। ਸੋਨੇ-ਚਾਂਦੀ ਦੇ ਲੱਦੇ ਜਹਾਜ਼; ਗੁਲਾਮਾਂ ਦੇ ਭਰੇ ਜਹਾਜ਼; ਨਸਲ-ਕੁਸ਼ੀ ਤੇ ਨਵੀਂ-ਨਸਲ; ਨਵੀਆਂ ਬਿਮਾਰੀਆਂ ਤੇ ਨਵੇਂ ਧਰਮ- ਸਿਰਜਣਹਾਰ ਪ੍ਰਭੂ ਨੇ ਕੀ ਲੇਖ ਲਿਖੇ ਸਨ ਇਸ ਮਹਾਨ ਮਹਾਂਦੀਪ ਦੇ! ਖ਼ੈਰ, ਕੁਦਰਤੀ ਸਾਧਨਾਂ ਦੇ ਨਜ਼ਰੀਏ ਤੋਂ ਸੰਸਾਰ ਹੁਣ ਬ੍ਰਾਜ਼ੀਲ ਬਾਰੇ ਵਧੇਰੇ ਚਰਚਾ ਸੁਣੇਗਾ, ਮੈਕਸੀਕੋ, ਅਰਜਨਟੀਨਾ, ਚਿੱਲੀ ਤੇ ਪੀਰੂ ਵੀ ਆਰਥਿਕ ਪ੍ਰਗਤੀ ਤੇ ਤੇਜ਼ੀ ਨਾਲ ਅਗਰਸਰ ਹਨ। ਪ੍ਰਧਾਨ ਮੰਤਰੀ ਰਾਓ ਦੇ ਸ਼ਬਦਾਂ 'ਚ ਅਗਲੀ ਸਦੀ ਏਸ਼ੀਆ, ਅਫਰੀਕਾ ਤੇ ਦੱਖਣੀ ਅਮਰੀਕਾ ਦੇ ਵਿਕਾਸ ਦੀ ਹੈ।



ਭਾਰਤੀ ਰਾਜਨੀਤੀ ਤੇ ਆਰਥਿਕਤਾ ਇਕ ਬੇਮਿਸਾਲ ਦੌਰ 'ਚੋਂ ਗੁਜ਼ਰ ਰਹੀ ਹੈ। ਦੇਖੋ, ਬਦੇਸ਼ੀ ਪੂੰਜੀ ਤੇ ਉਦਾਰੀਕਰਣ ਮੁਲਕ ਨੂੰ ਕਿਸ ਦਿਸ਼ਾ ਵੱਲ ਲਿਜਾਂਦੇ ਹਨ। ਵਪਾਰ ਹੀ ਉੱਤਮ ਹੋ ਰਿਹਾ ਹੈ, ਹੁਣ 'ਹੀਰੋ' ਸਨਅਤਕਾਰ ਤੇ ਪੂੰਜੀ ਪ੍ਰਬੰਧਕ ਹੋਣਗੇ- ਅਦਿਤਿਯਾ ਬਿਰਲਾ ਦੀ 52 ਵਰ੍ਹੇ ਦੀ ਉਮਰ 'ਚ ਮੌਤ ਤੇ ਅਰਥ-ਭਰਪੂਰ ਸ਼ਰਧਾਂਜਲੀਆਂ ਇਕ ਨਵੇਂ ਸਮਾਜੀ ਮੁਲਾਂਕਣਾ ਦਾ ਸੂਚਕ ਹੈ। ਕੰਪਿਊਟਰਜ਼ ਤਾਂ ਅਲਾਦੀਨ ਦਾ ਚਿਰਾਗ ਹੀ ਹਨ। ਨਵੇਂ ਯੁੱਗ ਦੀ ਸਿਆਸਤ ਬਾਰੇ ਜਿੰਨਾ ਕਮ ਕਿਹਾ ਜਾਵੇ, ਉਤਨਾ ਹੀ ਠੀਕ ਹੈ: ਉਨੇਤਾ ਕੋ ਜੋ ਰੰਗ ਬਦਲਤੇ ਦੇਖਾ ਗਿਰਗਟ ਹੁਆ, ਸ਼ਰਮ ਸੇ ਪਾਨੀ!"

ਵੈਸੇ,ਇਹ ਜ਼ਿੰਦਗੀ ਰੋਜ਼ ਨਏ ਰੰਗ ਬਦਲਤੀ ਕਿਉਂ ਹੈ! ਨਿੱਜੀ ਤੇ ਪ੍ਰੀਵਾਰਕ ਸਤਰ ਤੇ ਬੀਤੇ ਵਰ੍ਹੇ ਨਾਲ ਕੋਈ ਗੰਭੀਰ ਸ਼ਿਕਾਇਤ ਨਹੀਂ ਹੈ। 13 ਵਰ੍ਹੇ ਹੋ ਗਏ ਹਨ, ਲਗਾਤਾਰ ਭਾਰਤ ਤੋਂ ਬਾਹਰ। ਸੁਪਨੇ ਹਾਲੇ ਵੀ ਜ਼ਿੰਦਗੀ ਦੇ ਸ਼ੁਰੂ ਦੇ ਸੰਘਰਸ਼ਾਂ ਦੇ ਹੀ ਆਉਂਦੇ ਰਹਿੰਦੇ ਹਨ- ਇਮਤਿਹਾਨਾਂ ਦੇ ਪਰਚੇ; ਨੌਕਰੀ ਦੀ ਤਲਾਸ਼; ਪੁਰਾਣੇ ਪ੍ਰੀਵਾਰਕ ਵਿਵਾਦ ਤੇ ਕਈ ਹੋਰ ਅਜੀਬ ਮਸਲੇ। ਬੱਚੇ ਆਪਣੇ ਸਮੇਂ ਦੇ ਨਵੇਂ ਰਾਹਾਂ ਤੇ ਨਵੀਆਂ ਮੰਜ਼ਲਾਂ ਵੱਲ ਚੱਲ ਰਹੇ ਹਨ। ਕੂਟਨੀਤਕ ਜੀਵਨ ਦੀ ਨਿਤਚਰੀਆ 'ਚ ਮਸਤੀ ਭਰੀ ਰੰਗੀਨੀ ਵੀ ਹੈ ਤੇ ਅਕਾਵੀਂ ਇਕੱਲਤਾ ਵੀ! ਪਰ ਬੌਧਿਕ, ਭਾਵਾਤਮਕ ਤੇ ਆਰਥਿਕ ਪੱਖੋਂ ਬੜੀ ਸੰਤੁਸ਼ਟੀ ਹੈ।

ਸ਼ਾਇਰ ਜਨਾਬ ਸ਼ਹਿਰਯਾਰ 'ਉਮਰਾਓ ਜਾਨ' 'ਚ ਨਾਇਕਾ ਰੇਖਾ ਦੇ ਮੂੰਹੋਂ ਬੁਲਵਾਏ ਨਿਮਨ ਕਾਵਿ ਬੋਲਾਂ ਨਾਲ 'ਸੁਰ ਮਿਲਾਨੇ ਕੋ ਜੀਅ ਚਾਹਤਾ ਹੈ!':

ਉਜੁਸਤ-ਜੂ ਜਿਸਕੀ ਥੀ,
ਉਸਕੋ ਤੋ ਨਾ ਪਾਇਆ ਹਮਨੇ।
ਮਗਰ, ਇਸ ਬਹਾਨੇ ਸੇ,
ਦੇਖਲੀ ਦੁਨੀਆ ਹਮਨੇ।"

****

**2, ਪ੍ਰੀਤ ਨਗਰ, ਲੋਅਰ ਮਾਲ,**
**ਪਟਿਆਲਾ-147001**
**11-2-96**
**ਮੇਰੇ ਪਿਆਰੇ ਬਾਲ ਆਨੰਦ ਜੀ,**
**ਨਮਸਕਾਰ**

ਐਤਕੀਂ ਤੁਹਾਡੀ ਚਿੱਠੀ ਦਾ ਜਵਾਬ ਬੜੀ ਦੇਰ ਨਾਲ ਦੇ ਰਿਹਾ ਹਾਂ। ਆਸ ਹੈ, ਖਿਮਾ ਕਰੋਗੇ। ਕੁੱਝ ਅਜੀਬ ਜਿਹੇ ਕੰਮਾਂ ਵਿੱਚ ਫਸਿਆ ਰਿਹਾ ਹਾਂ। ਇਨ੍ਹਾਂ ਦਿਨਾਂ ਵਿੱਚ ਹੀ ਮੇਰੀ ਸਭ ਤੋਂ ਛੋਟੀ ਬੇਟੀ, ਜੋ ਮੇਰੇ ਪਾਸ ਰਹਿੰਦੀ ਹੈ, ਇਕ ਸੁੰਦਰ ਬੇਟੀ ਦੀ ਮਾਂ ਬਣੀ ਹੈ। ਜੱਚਾ ਤੇ ਬੱਚਾ ਦੋਵੇਂ ਠੀਕ ਹਨ। ਭਾਵੇਂ ਮੈਂ ਬਹੁਤ ਲੇਟ ਹੋ ਗਿਆ ਹਾਂ, ਪਰ ਨਵੇਂ ਵਰ੍ਹੇ ਦੀ ਸ਼ੁੱਭ ਕਾਮਨਾ, ਹਾਜ਼ਰ ਹੈ। ਮੈਂ ਸਦਾ ਤੁਹਾਡੇ ਪਰਿਵਾਰ ਦੀ ਸਿਹਤ, ਖੁਸ਼ੀ ਤੇ ਖੁਸ਼ਹਾਲੀ ਲਈ ਅਰਦਾਸ ਕਰਦਾ ਹਾਂ। ਤੁਹਾਡੇ ਵੱਲੋਂ ਆਈ ਸ਼ੁੱਭ ਇੱਛਾ ਲਈ ਡੂੰਘੇ ਦਿਲ ਤੋਂ ਸ਼ੁਕਰਗੁਜ਼ਾਰ ਹਾਂ।

ਮੈਂ ਤੁਹਾਡੀ 1995 ਦੀ ਵਿਥਿਆ ਪੜ੍ਹ, ਮਾਣ ਲਈ ਹੈ। ਬੜਾ ਸੁਆਦ ਆਇਆ। ਇਹ ਲੱਗਿਆ ਜਿਵੇਂ ਮੈਂ ਤੁਹਾਡੇ ਨਾਲ ਬੈਠ ਕੇ ਤੁਹਡੇ ਸ਼ਾਹਾਨਾ ਬੰਗਲੇ ਵਿਚ ਬੈਠਾ ਸੁਹਾਵਣੇ ਵਾਤਾਵਰਣ ਨੂੰ ਹੰਢਾ ਰਿਹਾ ਹੋਵਾਂ। ਇਹ ਪੜ੍ਹ ਕੇ ਮੇਰੇ ਅੰਦਰ ਇਕਦਮ ਰੋਸ ਦੀ ਸੁਰ ਉਪਜੀ ਹੈ ਕਿ ਜਿਹੜਾ ਬੰਦਾ ਏਨਾ ਸੁੰਦਰ ਲਿਖ ਸਕਦਾ ਹੈ, ਉਸ ਦੀ ਕਲਮ ਤੋਂ ਪੰਜਾਬੀ ਵਾਂਝੀ ਕਿਉਂ ਰਹੇ?

ਜਿਵੇਂ ਮੈਂ ਅੱਗੇ ਵੀ ਲਿਖਿਆ ਸੀ, ਤੁਸੀਂ ਆਪਣੀ ਦੂਤਗਿਰੀ ਬਾਰੇ ਇਕ ਕਿਤਾਬ ਲਿਖੋ, ਨਿਸ਼ੰਗ ਹੋ ਕੇ। ਜਿਨ੍ਹਾਂ ਮੁਲਕਾਂ ਵਿਚ ਰਹੇ, ਉਥੋਂ ਦੀ ਸਿਆਸਤ ਤੇ ਆਰਥਿਕਤਾ ਤੇ ਇਤਿਹਾਸ ਦਾ ਜ਼ਿਕਰ ਕਰੋ, ਭਾਰਤ ਦੇ ਉਨ੍ਹਾਂ ਨਾਲ ਸੰਬੰਧਾਂ ਦਾ ਜ਼ਿਕਰ ਕਰੋ, ਸਾਡੇ ਲੋਕ ਉਥੋਂ ਕੀ ਫਾਇਦਾ ਉਠਾ ਸਕਦੇ ਹਨ ਤੇ ਮਿਸਾਲ ਦੇ ਕੇ ਦੱਸਿਆ ਜਾਵੇ ਕਿ ਫਲਾਣੇ ਵੇਲੇ ਕਿਸ ਤਰ੍ਹਾਂ ਦਾ ਸੰਕਟ ਸਾਹਮਣੇ ਆਇਆ ਤੇ ਰਾਜਦੂਤਾਂ ਨੂੰ ਕਿਸ ਤਰ੍ਹਾਂ ਦਾ ਹੱਲ ਕਰਨਾ ਪਿਆ। ਇਹ ਕਿਤਾਬ ਅਜੇ ਨਹੀਂ ਛਪਾਣੀ ਹੋਵੇਗੀ ਤਾਂ ਉਡੀਕ ਲਵਾਂਗੇ, ਰੀਟਾਇਰ ਹੋਣ ਪਿੱਛੋਂ ਛਪ ਜਾਵੇਗੀ, ਪਰ ਤਿਆਰ ਨਾਲੋਂ ਨਾਲ ਹੋਣੀ ਚਾਹੀਦੀ ਹੈ। ਤੁਸੀਂ ਬਾਕਾਇਦਗੀ ਨਾਲ ਲਿਖਦੇ ਚਲੋ, ਬਾਅਦ ਵਿਚ ਕੋਈ ਵਾਧੂ ਪੈਰਾ ਕੱਟਣਾ ਹੋਇਆ, ਤਾਂ ਕੱਟਿਆ ਜਾਵੇਗਾ।

ਤੁਸੀਂ ਬੜੇ ਚੰਗਾ ਕੀਤਾ ਕਿ ਸ੍ਰੀ ਵੀਰੇਂਦਰ ਪਾਲ ਸਿੰਘ ਵੱਲੋਂ ਰੋਮਨਾਗਰੀ ਦੇ ਕਾਗਜ਼ ਭੇਜ ਦਿੱਤੇ। ਤੁਸੀਂ ਮੈਨੂੰ ਮਿਸਟਰ ਸਿੰਘ ਦੀ ਛੋਟੀ ਜਿਹੀ ਜੀਵਨੀ ਤੇ ਇਕ ਫੋਟੋਗ੍ਰਾਫ ਭਿਜਵਾ ਦਿਓ ਤਾਂ ਮੈਂ ਉਨ੍ਹਾਂ ਬਾਰੇ ਤੇ ਉਨ੍ਹਾਂ ਦੀ ਇਸ ਵਿਸ਼ੇਸ਼ ਲਿਪੀ ਬਾਰੇ ਇਕ ਮਜਮੂਨ ਪੰਜਾਬੀ ਟ੍ਰਿਬਿਊਨ ਜਾਂ ਅਜੀਤ ਲਈ ਤਿਆਰ ਕਰ ਦਿਆਂਗਾ। ਮੈਨੂੰ ਉਨ੍ਹਾਂ ਦੇ ਕੰਮ ਨੇ ਕਾਫ਼ੀ ਉਕਸਾਇਆ ਹੈ ਤੇ ਪ੍ਰੇਰਨਾ ਵੀ ਦਿੱਤੀ ਹੈ। ਆਰਾਧਨਾ ਜੀ ਨੂੰ, ਜੋ ਤੁਹਾਡੀਆਂ ਹਸਤ-ਰੇਖਾਵਾਂ ਦੇ ਰਾਜ-ਸਿੰਘਾਸਨ ਉੱਤੇ ਬੈਠ ਕੇ ਤੁਹਾਡੇ ਜੀਵਨ ਦੀ ਗੱਡੀ ਤੋਰਦੇ ਹਨ, ਢੇਰ ਸਾਰੀਆਂ ਸ਼ੁਭ ਇੱਛਾਵਾਂ। ਕੋਈ ਸੇਵਾ ਮੈਂ ਕਰ ਸਕਦਾ ਹੋਵਾਂ।

**ਤੁਹਾਡਾ ਹਿਤੈਸ਼ੀ**
**ਪ੍ਰੀਤਮ ਸਿੰਘ**


## ਯੂਪੀ-ਹਰਿਆਣਾ ਤੇ ਦਿੱਲੀ ਤੋਂ ਬਾਅਦ ਉੱਤਰਾਖੰਡ 'ਚ ਵੀ ਲੱਗਾ ਨਾਈਟ ਕਰਫਿਊ

**ਨਵੀਂ ਦਿੱਲੀ –** ਦੇਸ਼ 'ਚ ਓਮੀਕ੍ਰੋਨ ਦੇ ਵੱਧਦੇ ਮਾਮਲਿਆਂ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਦੇ ਨਾਲ-ਨਾਲ ਸੂਬਾ ਸਰਕਾਰਾਂ ਨੇ ਵੀ ਸਖ਼ਤੀ ਤੇ ਸਤਰਕਤਾ ਵਧਾ ਦਿੱਤੀ ਹੈ। ਇਕ ਪਾਸੇ ਕੇਂਦਰ ਨੇ ਓਮੀਕ੍ਰੋਨ ਦੇ ਵੱਧ ਮਾਮਲਿਆਂ ਵਾਲੇ 10 ਸੂਬਿਆਂ (ਕੇਰਲ, ਮਹਾਰਾਸ਼ਟਰ, ਤਮਿਲਨਾਡੂ, ਬੰਗਾਲ, ਮਿਜ਼ੋਰਮ, ਕਰਨਾਟਕ, ਬਿਹਾਰ, ਉੱਤਰ ਪ੍ਰਦੇਸ਼, ਝਾਰਖੰਡ ਅਤੇ ਪੰਜਾਬ) 'ਚ ਕੇਂਦਰੀ ਟੀਮਾਂ ਤਾਇਨਾਤ ਕੀਤੀਆਂ ਹਨ ਤਾਂ ਉਥੇ ਹੀ ਦੂਸਰੇ ਪਾਸੇ ਕਈ ਸੂਬਾ ਸਰਕਾਰਾਂ ਨੇ ਵੀ ਆਪਣੇ ਪੱਧਰ 'ਤੇ ਪ੍ਰਬੰਧ ਕੀਤੇ ਹਨ। ਇਨ੍ਹਾਂ ਪਾਬੰਦੀਆਂ 'ਚ ਧਾਰਾ-144 ਦੇ ਨਾਲ ਨਾਈਟ ਕਰਫਿਊ ਅਤੇ 'ਵੈਕਸੀਨ ਨਹੀਂ ਤਾਂ ਐਂਟਰੀ ਨਹੀਂ" ਜਿਹੇ ਨਿਯਮ ਸਖ਼ਤੀ ਨਾਲ ਲਾਗੂ ਕੀਤੇ ਗਏ ਹਨ। ਕਿਸੀ ਦੂਸਰੇ ਸੂਬੇ ਦੀ ਯਾਤਰਾ ਕਰਨ ਵਾਲੇ ਲੋਕਾਂ ਨੂੰ ਇਨ੍ਹਾਂ ਪਾਬੰਦੀਆਂ ਤੋਂ ਜਾਣੂ ਹੋਣਾ ਚਾਹੀਦਾ ਹੈ। ਉੱਤਰਾਖੰਡ 'ਚ ਕੋਰੋਨਾ ਦੇ ਵਧਦੇ ਮਾਮਲਿਆਂ ਅਤੇ ਓਮਿਕਰੋਨ ਦੇ ਖਤਰੇ ਨੂੰ ਦੇਖਦੇ ਹੋਏ ਸਰਕਾਰ ਅਲਰਟ ਮੋਡ 'ਚ ਆ ਗਈ ਹੈ। ਇਸ ਕਾਰਨ ਸਰਕਾਰ ਨੇ ਸੂਬੇ ਵਿੱਚ ਰਾਤ ਦਾ ਕਰਫਿਊ ਲਗਾ ਦਿੱਤਾ ਹੈ। ਇਹ ਕਰਫਿਊ ਰਾਤ 11 ਵਜੇ ਤੋਂ ਸਵੇਰੇ 5 ਵਜੇ ਤਕ ਰਹੇਗਾ। ਸਿਰਫ਼ ਜ਼ਰੂਰੀ ਸੇਵਾਵਾਂ ਨੂੰ ਹੀ ਜਾਣ ਦਿੱਤਾ ਜਾਵੇਗਾ। ਉੱਤਰ ਪ੍ਰਦੇਸ਼ ਅਤੇ ਹਰਿਆਣਾ ਤੋਂ ਬਾਅਦ ਹੁਣ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਵੀ ਸੋਮਵਾਰ ਰਾਤ ਤੋਂ ਰਾਤ ਦਾ ਕਰਫਿਊ ਸ਼ੁਰੂ ਹੋਣ ਜਾ ਰਿਹਾ ਹੈ। ਅਗਲੇ ਹੁਕਮਾਂ ਤੱਕ ਦਿੱਲੀ ਵਿੱਚ ਰਾਤ ਦਾ ਕਰਫਿਊ ਸੋਮਵਾਰ ਰਾਤ 11 ਵਜੇ ਤੋਂ ਸਵੇਰੇ 5 ਵਜੇ ਤਕ ਜਾਰੀ ਰਹੇਗਾ। ਆਓ ਜਾਣਦੇ ਹਾਂ ਕਿ ਦਿੱਲੀ-ਐਨਸੀਆਰ ਦੇ ਸ਼ਹਿਰਾਂ ਵਿੱਚ ਕਿਸ ਹੱਦ ਤੱਕ ਪਾਬੰਦੀਆਂ ਲਗਾਈਆਂ ਗਈਆਂ ਹਨ। ਪ੍ਰਸ਼ਾਸਨ ਨੇ ਦਿੱਲੀ 'ਚ ਕੋਰੋਨਾ ਨਿਯਮਾਂ ਦੀ ਉਲੰਘਣਾ ਕਰਨ 'ਤੇ ਪਿਛਲੇ ਤਿੰਨ ਦਿਨਾਂ 'ਚ 2 ਕਰੋੜ 38 ਲੱਖ ਰੁਪਏ ਦਾ ਜ਼ੁਰਮਾਨਾ ਲਗਾਇਆ ਹੈ। 12141 ਲੋਕਾਂ ਦੇ ਚਲਾਨ ਜਾਰੀ ਕੀਤੇ ਗਏ ਹਨ। ਇਸ ਤੋਂ ਇਲਾਵਾ 236 ਲੋਕਾਂ ਖਿਲਾਫ ਐਫ ਆਈ ਆਰ ਦੁਕਾਨਦਾਰਾਂ ਨੂੰ ਵੀ ਕਿਹਾ ਗਿਆ ਹੈ ਕਿ ਉਹ ਕਰੋਨਾ ਤੋਂ ਬਚਾਅ ਦੇ ਨਿਯਮਾਂ ਦੀ ਪਾਲਣਾ ਕਰਕੇ ਗਾਹਕਾਂ ਤੋਂ ਹੀ ਕਰਵਾਉਣ, ਨਹੀਂ ਤਾਂ ਉਲੰਘਣਾ ਕਰਨ 'ਤੇ ਦੁਕਾਨ ਨੂੰ ਸੀਲ ਕਰਨ ਵਰਗੀ ਚੇਤਾਵਨੀ ਜਾਰੀ ਕੀਤੀ ਗਈ ਹੈ।



## ਕਿਸਾਨ ਅੰਦੋਲਨ ਦੁਬਾਰਾ ਸ਼ੁਰੂ ਕੀਤਾ ਜਾ ਸਕਦਾ ਹੈ

**ਯੂਪੀ –** ਭਾਰਤੀ ਕਿਸਾਨ ਯੂਨੀਅਨ (ਬੀਕੇਯੂ) ਦੇ ਕੌਮੀ ਬੁਲਾਰੇ ਰਾਕੇਸ਼ ਟਿਕੈਤ ਨੇ ਕਿਹਾ ਕਿ ਭਾਰਤ ਸਰਕਾਰ ਨੇ ਸਿਰਫ਼ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕੀਤਾ ਹੈ। ਕਿਸਾਨ ਜਥੇਬੰਦੀਆਂ ਦੀਆਂ ਹੋਰ ਮੰਗਾਂ ਅਜੇ ਪੂਰੀਆਂ ਹੋਣੀਆਂ ਬਾਕੀ ਹਨ। ਐਮ ਐਮ ਪੀ 'ਤੇ ਕੋਈ ਕਾਨੂੰਨ ਨਹੀਂ ਹੈ। ਉਨ੍ਹਾਂ ਕਿਹਾ ਕਿ ਘੱਟੋ-ਘੱਟ ਸਮਰਥਨ ਮੁੱਲ 'ਤੇ ਕਮੇਟੀ ਬਣਾਉਣ ਦੇ ਯਤਨ ਜਾਰੀ ਹਨ ਪਰ ਸਰਕਾਰ ਦਾ ਕੰਮ ਬਹੁਤ ਮੱਠਾ ਹੈ। ਜੇਕਰ ਅਜਿਹਾ ਹੀ ਚੱਲਦਾ ਰਿਹਾ ਤਾਂ ਕਿਸੇ ਵੀ ਸਮੇਂ ਕਿਸਾਨ ਅੰਦੋਲਨ ਫਿਰ ਤੋਂ ਸ਼ੁਰੂ ਹੋ ਸਕਦਾ ਹੈ। ਯੂਪੀ ਚੋਣਾਂ ਬਾਰੇ ਰਾਕੇਸ਼ ਟਿਕੈਤ ਨੇ ਕਿਹਾ ਕਿ ਸੂਬੇ ਦਾ ਕਿਸਾਨ ਉਸ ਨੂੰ ਹੀ ਵੋਟ ਦੇਵੇਗਾ ਜਿਸ ਦਾ ਫਾਇਦਾ ਉਸ ਨੂੰ ਹੋਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਕਿਸਾਨ ਯੂਨੀਅਨ ਨੇ ਅਜੇ ਤਕ ਯੂਪੀ ਚੋਣਾਂ ਸਬੰਧੀ ਕੋਈ ਫੈਸਲਾ ਨਹੀਂ ਲਿਆ ਹੈ। ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਯੂਨਾਈਟਿਡ ਕਿਸਾਨ ਮੋਰਚਾ ਪੰਜਾਬ 'ਚ ਵਿਧਾਨ ਸਭਾ ਚੋਣਾਂ ਲੜਨ ਲਈ ਸਿਆਸੀ ਫਰੰਟ ਬਣਾਉਣ ਵਾਲੀਆਂ ਕਿਸਾਨ ਜਥੇਬੰਦੀਆਂ ਤੋਂ ਦੂਰੀ ਬਣਾ ਕੇ ਕੋਈ ਚੋਣ ਨਹੀਂ ਲੜ ਰਿਹਾ। ਜੈਪੁਰ 'ਚ ਜਾਟ ਭਾਈਚਾਰੇ ਦੇ ਪ੍ਰਤਿਭਾ ਸਨਮਾਨ ਸਮਾਰੋਹ 'ਚ ਹਿੱਸਾ ਲੈਣ ਪਹੁੰਚੇ ਟਿਕੈਤ ਨੂੰ ਪੱਤਰਕਾਰਾਂ ਨੇ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਬਾਰੇ ਪੁੱਛੇ ਜਾਣ 'ਤੇ ਕਿਹਾ ਕਿ ਚੋਣ ਜ਼ਾਬਤਾ ਲੱਗਣ ਤੋਂ ਬਾਅਦ ਅਸੀਂ ਦੱਸਾਂਗੇ ਕਿ ਉੱਥੇ ਕੀ ਕਰਨਾ ਹੈ।



# ਭਾਰਤ ਵਿੱਚ ਕੰਨਿਆ ਪਾਠਸ਼ਾਲਾ ਖੋਲਣ ਵਾਲੀ ਪਹਿਲੀ ਮਹਿਲਾ ਅਧਿਆਪਕਾ, ਸਮਾਜ ਸੁਧਾਰਿਕਾ ਅਤੇ ਮਰਾਠੀ ਕਵਿਤਰੀ ਸਾਵਿਤਰੀ ਬਾਈ ਫੂਲੇ

**ਸਾਵਿਤਰੀ ਬਾਈ ਫੂਲੇ ਭਾਰਤ ਦੇ ਪਹਿਲੇ ਕੰਨਿਆ ਪਾਠਸ਼ਾਲਾ ਵਿੱਚ ਪਹਿਲੀ ਮਹਿਲਾ ਅਧਿਆਪਕ ਸੀ। ਉਸਨੇ ਅਪਣੇ ਪਤੀ ਮਹਾਤਮਾ ਜੋਤੀਬਾ ਫੂਲੇ ਨਾਲ ਮਿਲਕੇ ਮਹਿਲਾਵਾਂ ਦੇ ਅਧਿਕਾਰਾਂ ਅਤੇ ਸਿੱਖਿਆ ਲਈ ਬਹੁਤ ਮਹੱਤਵਪੂਰਨ ਕੰਮ ਕੀਤੇ ਹਨ। ਸਾਵਿਤਰੀ ਬਾਈ ਅਕਸਰ ਇੱਕ ਵਾਧੂ ਸਾੜ੍ਹੀ ਲੈ ਕੇ ਆਪਣੇ ਸਕੂਲ ਜਾਂਦੀ ਸੀ ਕਿਉ ਕਿ ਰੂੜੀਵਾਦੀ ਵਿਰੋਧ ਕਰਨ ਵਾਲੇ ਵਿਅਕਤੀਆਂ ਦੁਆਰਾ ਪੱਥਰ, ਗੋਬਰ ਚਿੱਕੜ ਆਦਿ ਸੁੱਟਿਆ ਜਾਂਦਾ ਸੀ, ਸ਼ੂਦਰ ਵਰਗ ਨਾਲ ਸਬੰਧਿਤ ਹੋਣ ਕਾਰਨ ਰੂੜੀਵਾਦੀਆਂ ਦੇ ਸੱਖਤ ਵਿਰੋਧ ਦਾ ਸਾਹਮਣਾ ਕਰਨਾ ਪਿਆ।**

ਭਾਰਤ ਵਿੱਚ ਲੰਬਾ ਸਮਾਂ ਮਹਿਲਾਵਾਂ ਸਮਾਜਿਕ ਅਤੇ ਧਾਰਮਿਕ ਕੁਰਿਤੀਆਂ ਅਤੇ ਵਿਤਕਰੇ ਦਾ ਸ਼ਿਕਾਰ ਰਹੀਆਂ ਹਨ। ਭਾਰਤ ਵਿੱਚ ਮਹਿਲਾਵਾਂ ਨਾਲ ਹੋ ਰਹੇ ਇਸ ਵਿੱਤਕਰੇ ਨੂੰ ਖਤਮ ਕਰਨ ਲਈ ਸਮੇਂ ਸਮੇਂ ਤੇ ਕਈ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸਮਾਜ ਸੁਧਾਰਕਾਂ ਨੇ ਮੁਹਿੰਮ ਚਲਾਈ ਹੈ ਜਿਨ੍ਹਾਂ ਵਿੱਚ ਰਾਜਾ ਰਾਮ ਮੋਹਨ ਰਾਏ, ਸਵਾਮੀ ਵਿਵੇਕਾ ਨੰਦ, ਦਇਆ ਨੰਦ ਸਰਸਵਤੀ, ਸਯੱਦ ਅਹਿਮਦ ਖ਼ਾਨ, ਪੰਡਿਤਾ ਰਮਾਬਾਈ, ਡਸਕਟਰ ਭੀਮ ਰਾਓ ਅੰਬੇਡਕਰ ਆਦਿ ਦਾ ਵਿਸ਼ੇਸ਼ ਨਾਮ ਸ਼ਾਮਿਲ ਹਨ। ਇਨ੍ਹਾਂ ਸਮਾਜ ਸੁਧਾਰਕਾਂ ਵਿੱਚ ਪਹਿਲੀ ਮਹਿਲਾ ਅਧਿਆਪਕ ਸਾਵਿਤਰੀ ਬਾਈ ਫੂਲੇ ਦਾ ਨਾਮ ਵੀ ਸ਼ਾਮਿਲ ਹੈ। ਸਾਵਿਤਰੀ ਬਾਈ ਫੂਲੇ ਦਾ ਜਨਮ 03 ਜਨਵਰੀ 1831 ਨੂੰ ਹੋਇਆ ਸੀ। ਉਸ ਦੇ ਪਿਤਾ ਦਾ ਨਾਮ ਖੰਦੋਜੀ ਨੇਵਸੇ ਪਾਟਿਲ ਅਤੇ ਮਾਤਾ ਦਾ ਨਾਮ ਲਕਸ਼ਮੀ ਸੀ ਅਤੇ ਆਪ ਦਾ ਪਰਿਵਾਰ ਖੇਤੀਬਾੜੀ ਕਰਦਾ ਸੀ। ਉਹ ਪਰਿਵਾਰ ਦੀ ਸਭ ਤੋਂ ਵੱਡੀ ਧੀ ਸੀ। 1840 ਵਿੱਚ ਜਦੋਂ ਉਸਦੀ ਉਮਰ ਸਿਰਫ 09 ਸਾਲ ਦੀ ਸੀ ਸਾਵਿਤਰੀ ਬਾਈ ਫੂਲੇ ਦਾ ਵਿਆਹ ਤੇਰਾਂ ਸਾਲਾ ਜੋਤੀਬਾ ਫੂਲੇ ਨਾਲ ਹੋਇਆ ਸੀ। ਵਿਆਹ ਤੋਂ ਬਾਦ ਉਹ ਅਪਣੇ ਪਤੀ ਨਾਲ ਪੂਨੇ ਆ ਗਈ। ਵਿਆਹ ਤੋਂ ਪਹਿਲਾਂ ਉਹ ਅਨਪੜ੍ਹ ਸੀ ਪਰ ਉਸਦੇ ਪਤੀ ਜੋਤੀਬਾ ਫੂਲੇ ਨੇ ਉਸਨੂੰ ਪੜ੍ਹਾਇਆ। ਉਸਨੇ ਪੂਨੇ ਅਤੇ ਅਹਿਮਦਨਗਰ ਵਿੱਚ ਅਧਿਆਪਕਾ ਦੀ ਟਰੇਨਿਗ ਲਈ ਅਤੇ ਇੱਕ ਯੋਗ ਅਧਿਆਪਕਾ ਬਣੀ। 03 ਜਨਵਰੀ 1848 ਨੂੰ ਪੂਨੇ ਵਿੱਚ ਉਸਨੇ ਅਪਣੇ ਪਤੀ ਨਾਲ ਮਿਲਕੇ ਵੱਖ ਵੱਖ ਜਾਤਾਂ ਦੀਆਂ 09 ਲੜਕੀਆਂ ਲਈ ਪਹਿਲਾ ਸਕੂਲ ਚਲਾਇਆ ਅਤੇ ਇੱਕ ਸਾਲ ਵਿੱਚ ਹੀ 05 ਸਕੂਲ ਖੋਲ ਦਿੱਤੇ। ਉਸਨੇ ਮਹਿਲਾਵਾਂ ਦੇ ਅਧਿਕਾਰਾਂ ਅਤੇ ਸਿੱਖਿਆ ਸਬੰਧੀ ਬਹੁਤ ਸਾਰੇ ਮਹੱਤਵਪੂਰਨ ਕੰਮ ਕੀਤੇ। 1849 ਤੱਕ ਸਾਵਿਤਰੀ ਬਾਈ ਅਤੇ ਜੋਤੀਰਾਓ ਫੂਲੇ ਜੋਤੀਬਾ ਰਾਓ ਦੇ ਪਿਤਾ ਦੇ ਘਰ ਰਹਿ ਰਹੇ ਸਨ। ਉਨ੍ਹਾਂ ਦੇ ਇਸ ਸਮਾਜਿਕ ਅੰਦੋਲਨ ਦੇ ਵਿਰੋਧ ਨੂੰ ਵੇਖਕੇ 1849 ਵਿੱਚ ਜੋਤੀਬਾ ਰਾਓ ਦੇ ਪਿਤਾ ਨੇ ਉਨ੍ਹਾਂ ਨੂੰ ਅਪਣੇ ਘਰੋਂ ਕੱਢ ਦਿਤਾ ਸੀ ਕਿਉਕਿ ਉਨ੍ਹਾਂ ਦੇ ਇਹ ਸਮਾਜ ਸੁਧਾਰ ਦੇ ਕੰਮਾਂ ਨੂੰ ਸਮਾਜ ਵਿੱਚ ਮਾਨਤਾ ਨਹੀਂ ਸੀ। ਜੋਤੀਰਾਓ ਦੇ ਪਿਤਾ ਦੇ ਘਰ ਵਿਚੋਂ ਜਾਣ ਤੋਂ ਬਾਅਦ ਉਹ ਅਪਣੇ ਇੱਕ ਦੋਸਤ ਉਸਮਾਨ ਸ਼ੇਖ ਦੇ ਪਰਿਵਾਰ ਦੇ ਕੋਲ ਚਲੇ ਗਏ। ਉੱਥੇ ਹੀ ਸਾਵਿਤਰੀ ਬਾਈ ਛੇਤੀ ਹੀ ਫਾਤਿਮਾ ਬੇਗਮ ਸ਼ੇਖ ਨਾਂ ਦੀ ਕਰੀਬੀ ਦੋਸਤ ਅਤੇ ਸਹਿਯੋਗੀ ਨੂੰ ਮਿਲੀ। ਫਾਤਿਮਾ ਸ਼ੇਖ ਪਹਿਲਾਂ ਹੀ ਪੜ੍ਹਨਾ ਅਤੇ ਲਿਖਣਾ ਜਾਣਦੀ ਸੀ ਉਸ ਦਾ ਭਰਾ ਉਸਮਾਨ ਜੋਕਿ ਜੋਤੀਬਾ ਦਾ ਦੋਸਤ ਸੀ ਨੇ ਫਾਤਿਮਾ ਨੂੰ ਅਧਿਆਪਕ ਸਿਖਲਾਈ ਕੋਰਸ ਕਰਨ ਲਈ ਉਤਸ਼ਾਹਿਤ ਕੀਤਾ ਸੀ। ਫਾਤਿਮਾ ਸ਼ੇਖ ਭਾਰਤ ਦੀ ਪਹਿਲੀ ਮੁਸਲਿਮ ਮਹਿਲਾ ਅਧਿਆਪਕ ਸੀ। ਸਾਵਿੱਤਰੀ ਬਾਈ ਫੂਲੇ ਭਾਰਤ ਵਿੱਚ ਪਹਿਲੀ ਦਲਿਤ ਅਧਿਆਪਕਾ ਸੀ ਅਤੇ ਫਾਤਿਮਾ ਸ਼ੇਖ ਪਹਿਲੀ ਮੁਸਲਮਾਨ ਅਧਿਆਪਕਾ ਸੀ। ਨਸਰੀਨ ਸਯੱਦ ਨੇ ਫਾਤਿਮਾ ਸ਼ੇਖ ਦੀ ਜੀਵਨੀ ਲਿਖੀ ਤੇ ਸਾਵਿੱਤਰੀ ਬਾਈ ਫੂਲੇ ਦੀਆਂ ਕਵਿਤਾਵਾਂ ਦਾ ਉਰਦੂ ਵਿਚ ਅਨੁਵਾਦ ਕੀਤਾ। ਫਾਤਿਮਾ ਅਤੇ ਸਾਵਿਤਰੀ ਬਾਈ ਨੇ 1849 ਵਿੱਚ ਸ਼ੇਖ ਦੇ ਘਰ ਵਿੱਚ ਹੀ ਇੱਕ ਸਕੂਲ ਖੋਲ੍ਹਿਆ। 1850 ਦੇ ਦਹਾਕੇ ਵਿੱਚ ਸਾਵਿਤਰੀ ਬਾਈ ਅਤੇ ਜੋਤੀਬਾ ਰਾਓ ਫੂਲੇ ਨੇ ਦੋ ਵਿੱਦਿਅਕ ਟਰੱਸਟਾਂ ਦੀ ਸਥਾਪਨਾ ਕੀਤੀ। 1852 ਵਿੱਚ ਉਸ ਨੇ ਅਛੂਤ ਲੜਕੀਆਂ ਲਈ ਇੱਕ ਪਾਠਸ਼ਾਲਾ ਦੀ ਸਥਾਪਨਾ ਕੀਤੀ ਅਤੇ ਸਾਵਿਤਰੀ ਬਾਈ ਭਾਰਤ ਦੇ ਪਹਿਲੀ ਕੰਨਿਆ ਪਾਠਸ਼ਾਲਾ ਵਿੱਚ ਪਹਿਲੀ ਇਸਤਰੀ ਅਧਿਆਪਕ ਸੀ। ਉਸ ਨੇ ਮਹਿਲਾਵਾਂÐ ਲਈ ਵਿਧਵਾ ਵਿਆਹ ਕਰਵਾਉਣ, ਛੁਆਛਾਤ ਮਿਟਾਉਣ, ਔਰਤਾਂ ਦੀ ਮੁਕਤੀ ਅਤੇ ਦਲਿਤ ਔਰਤਾਂ ਨੂੰ ਸਿੱਖਿਅਤ ਕਰਨ ਲਈ ਜੋਰਦਾਰ ਸੰਘਰਸ਼ ਕੀਤਾ। ਸਾਲ 1852 ਵਿੱਚ ਤਿੰਨ ਸਕੂਲ ਚਲਾਏ ਗਏ ਸਨ। ਉਸੇ ਸਾਲ 16 ਨਵੰਬਰ ਨੂੰ ਬ੍ਰਿਟਿਸ਼ ਸਰਕਾਰ ਨੇ ਫੂਲੇ ਪਰਿਵਾਰ ਨੂੰ ਸਿੱਖਿਆ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਸਨਮਾਨਿਤ ਕੀਤਾ, ਜਦੋਂÐ ਕਿ ਸਾਵਿਤਰੀ ਬਾਈ ਨੂੰ ਸਰਵੋਤਮ ਅਧਿਆਪਕ ਦਾ ਨਾਮ ਦਿੱਤਾ ਗਿਆ। ਉਸ ਸਾਲ ਉਸਨੇ ਔਰਤਾਂ ਨੂੰ ਉਨ੍ਹਾਂ ਦੇ




ਅਧਿਕਾਰਾਂ, ਸਨਮਾਨ ਅਤੇ ਹੋਰ ਸਮਾਜਿਕ ਮੁੱਦਿਆÐ ਬਾਰੇ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ ਮਹਿਲਾ ਸੇਵਾ ਮੰਡਲ ਵੀ ਸ਼ੁਰੂ ਕੀਤਾ। ਉਹ ਵਿਧਵਾਵਾਂ ਦੇ ਵਾਲ ਕਟਵਾਉਣ ਦੀ ਮੌ-ਜੂਦਾ ਪ੍ਰਥਾ ਦੇ ਵਿਰੋਧ ਵਿੱਚ ਮੁੰਬਈ ਅਤੇ ਪੁਣੇ ਵਿੱਚ ਨਾਈ ਹੜਤਾਲਾਂ ਦਾ ਆਯੋਜਨ ਕਰਨ ਵਿੱਚ ਸਫਲ ਰਹੀ। ਉਹ ਇੱਕ ਕਵਿਤਰੀ ਸੀ ਉਸ ਨੂੰ ਮਰਾਠੀ ਦੀ ਆਦਿ ਕਵਿਤਰੀ ਵਜੋÐ ਜਾਣਿਆ ਜਾਂਦਾ ਹੈ। ਸਾਵਿਤਰੀ ਬਾਈ ਨੇ ਉਸ ਦੌਰ ਵਿੱਚ ਕੰਮ ਕੀਤਾ ਜਦੋÐ ਧਾਰਮਿਕ ਅੰਧਵਿਸ਼ਵਾਸ, ਰੂੜੀਵਾਦ, ਛੂਆਛਾਤ, ਦਲਿਤਾਂ ਅਤੇ ਇਸਤਰੀਆÐ ਉੱਤੇ ਮਾਨਸਿਕ ਅਤੇ ਸਰੀਰਕ ਜ਼ੁਲਮ ਆਪਣੀ ਸਿਖਰ ਤੇ ਸੀ। ਉਸ ਵੇਲੇ ਬਾਲ-ਵਿਆਹ ਪ੍ਰਥਾ, ਸਤੀ, ਲੜਕੀਆÐ ਨੂੰ ਜੰਮਦੇ ਹੀ ਮਾਰ ਦੇਣ, ਵਿਧਵਾ ਇਸਤਰੀ ਦੇ ਨਾਲ ਗੈਰ ਮਨੁੱਖੀ ਵਤੀਰਾ, ਬੇਮੇਲ ਵਿਆਹ, ਬਹੁਪਤਨੀ ਵਿਆਹ ਆਦਿ ਕੁਪ੍ਰਥਾਵਾਂ ਸਿਖਰ ਤੇ ਸਨ। ਇਹ ਆਪਣੇ ਆਪ ਵਿੱਚ ਇਕ ਉਦਾਹਰਣ ਹੈ ਕਿ 19ਵੀਂ ਸਦੀ ਦੇ ਅੱਧ ਵਿਚ ਜੋ-ਤੀਬਾ ਰਾਓ ਫੂਲ ਨੇ ਅਪਣੀ ਪਤਨੀ ਸਾਵਿੱਤਰੀ ਬਾਈ ਫੂਲੇ ਨੂੰ ਪੜ੍ਹਾਇਆ ਅਤੇ ਅਧਿਆਪਕਾ ਦੇ ਅਹੁਦੇ ਤਕ ਪਹੁੰਚਾਇਆ। ਅਛੂਤਾਂ ਨੂੰ ਪੜ੍ਹਾਉਣ ਕਰਕੇ ਉਨ੍ਹੰਾਂ ਨੂੰ ਕਾਫੀ ਅੱਤਿਆਚਾਰ ਸਹਿਣੇ ਪਏ ਪਰ ਉਨ੍ਹਾਂ ਹੋਰ ਸਕੂਲਾਂ ਦੀ ਸ਼ੁਰੂਆਤ ਕੀਤੀ ਅਤੇ ਦਿਹਾੜੀਦਾਰ ਕਾਮਿਆਂ ਲਈ ਰਾਤ ਦਾ ਸਕੂਲ ਖੋਲ੍ਹਿਆ। ਉਨ੍ਹਾਂ ਨੇ ਵਿਧਵਾਵਾਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਆਸ਼ਰਮ ਬਣਾਇਆ। ਪਾਣੀ ਦੇ ਸ੍ਰੋਤ ਲਈ ਘਰ ਖੋਲ੍ਹ ਦਿੱਤਾ। ਪੜ੍ਹਾਈ ਪੂਰੀ ਕਰਨ ਤੋ ਬਾਅਦ ਸਾਵਿਤਰੀ ਬਾਈ ਫੂਲੇ ਨੇ ਮਹਾਰਵਾੜਾ ਵਿਖੇ ਲੜਕੀਆਂ ਨੂੰ ਪੜ੍ਹਾਉਣਾ ਸ਼ੁਰੂ ਕੀਤਾ। ਉਸ ਨੇ ਇੱਕ ਕ੍ਰਾਂਤੀਕਾਰੀ ਨਾਰੀਵਾਦੀ ਅਤੇ ਜੋਤੀ ਰਾਓ ਦੀ ਸਲਾਹਕਾਰ ਸਗੁਨਾ ਬਾਈ ਨਾਲ ਮਿਲਕੇ ਇਹ ਸਭ ਕੁੱਝ ਕੀਤਾ ਸੀ। 1851 ਦੇ ਅੰਤ ਤੱਕ ਸਾਵਿਤਰੀ ਬਾਈ ਅਤੇ ਜੋਤੀਬਾ ਰਾਓ ਫੂਲੇ ਪੂਣੇ ਵਿੱਚ ਲੜਕੀਆਂ ਲਈ ਤਿੰਨ ਵੱਖ-ਵੱਖ ਸਕੂਲ ਚਲਾ ਰਹੇ ਸਨ ਜਿਨ੍ਹਾਂ ਵਿੱਚ ਲਗਭਗ ਡੇਢ ਸੌ ਵਿਦਿਆਰਥੀ ਦਾਖਲ ਹੋਏ ਸਨ। ਜਨਵਰੀ 1848 ਤੋਂ ਲੈ ਕੇ 15 ਮਾਰਚ 1852 ਦੇ ਸਮੇਂ ਦੌਰਾਨ ਸਾਵਿਤਰੀ ਬਾਈ ਫੂਲੇ ਨੇ ਆਪਣੇ ਪਤੀ ਨਾਲ ਮਿਲ ਕੇ ਕੁੜੀਆਂ ਲਈ 18 ਸਕੂਲ ਖੋਲੇ। ਸਾਵਿਤਰੀ ਬਾਈ ਅਤੇ ਜੋਤੀਬਾ ਰਾਓ ਫੂਲੇ ਦੀ ਇਸ ਮੁਹਿੰਮ ਨੂੰ ਰੂੜ੍ਹੀਵਾਦੀ ਵਿਚਾਰਧਾਰਾ ਵਾਲੇ ਸਥਾਨਕ ਲੋਕਾਂ ਦੇ ਕੱਟੜ ਵਿਰੋਧ ਦਾ ਸਾਹਮਣਾ ਕਰਨਾ ਪਿਆ। ਸਾਵਿਤਰੀ ਬਾਈ ਅਕਸਰ ਇੱਕ ਵਾਧੂ ਸਾੜੀ ਲੈ ਕੇ ਆਪਣੇ ਸਕੂਲ ਜਾਂਦੀ ਸੀ ਕਿਉਕਿ ਰੂੜੀਵਾਦੀ ਵਿਰੋਧ ਕਰਨ ਵਾਲੇ ਵਿਅਕਤੀਆਂ ਦੁਆਰਾ ਪੱਥਰ, ਗੋਬਰ ਚਿੱਕੜ ਆਦਿ ਸੁੱਟਿਆ ਜਾਂਦਾ ਸੀ। ਉਨ੍ਹਾਂ ਨੂੰ ਸ਼ੂਦਰ ਵਰਗ ਨਾਲ ਸਬੰਧਿਤ ਹੋਣ ਕਾਰਨ ਮੰਨੂਵਾਦੀਆਂ ਦੇ ਸੱਖਤ ਵਿਰੋਧ ਦਾ ਸਾਹਮਣਾ ਕਰਨਾ ਪਿਆ। ਸਾਲ 1852 ਵਿੱਚ, ਫੂਲੇ ਦੁਆਰਾ ਤਿੰਨ ਸਕੂਲ ਚਲਾਏ ਗਏ ਸਨ। ਉਸਨੇ ਔਰਤਾਂ ਨੂੰ ਉਨ੍ਹਾਂ ਦੇ ਅਧਿਕਾਰਾਂ, ਸਨਮਾਨ ਅਤੇ ਹੋਰ ਸਮਾਜਿਕ ਮੁੱਦਿਆਂ ਬਾਰੇ ਜਾ-ਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ ਮਹਿਲਾ ਸੇਵਾ ਮੰਡਲ ਵੀ ਸ਼ੁਰੂ ਕੀਤਾ। ਸਾਵਿਤਰੀ ਬਾਈ ਅਤੇ ਉਸ ਦੇ ਗੋਦ ਲਏ ਪੁੱਤਰ ਯਸ਼ਵੰਤ ਨੇ 1897 ਵਿੱਚ ਪਲੇਗ ਦੀ ਮਹਾਂਮਾਰੀ ਨਾਲ ਪ੍ਰਭਾਵਿਤ ਲੋਕਾਂ ਦੇ ਇਲਾਜ ਲਈ ਇੱਕ ਕਲੀਨਿਕ ਖੋਲ੍ਹਿਆ। ਉਸ ਨੇ ਔਰਤਾਂ ਦੀ ਸਮਾਜਿਕ ਸਥਿਤੀ ਤੇ ਕਈ ਕਵਿਤਾਵਾਂ ਲਿਖੀਆਂ ਅਤੇ ਉਨ੍ਹਾਂ ਦੀ ਭੈੜੀ ਸਥਿਤੀ ਲਈ ਜ਼ਿੰਮੇਦਾਰ ਧਰਮ, ਜਾਤੀ, ਅਤੇ ਪਿੱਤਰੀ ਸੱਤਾ ਤੇ ਤਿੱਖਾ ਹਮਲਾ ਕੀਤਾ। ਸਾਵਿੱਤਰੀ ਬਾਈ ਫੂਲੇ ਦਾ ਨਾਅਰਾ ਸੀ 'ਜਾਗੋ, ਉਠੋ, ਪੜ੍ਹੋ', 'ਤੋੜ ਦਿਉ ਪਰੰਪਰਾਵਾਂ ਹੋਵੋ ਆਜ਼ਾਦ-ਨੀਂਦ ਤਿਆਗੋ, ਰਣਭੇਰੀ ਬਜਾਉ ਛੇਤੀ ਉਠੋ।' ਫੂਲੇ ਜੋੜੇ ਵੱਲੋਂ ਚਲਾਇਆ ਗਿਆ ਸਕੂਲ ਹਿਸਾਬ, ਸਾਇੰਸ ਤੇ ਸਮਾਜਿਕ ਵਿਗਿਆਨ ਦੀ ਸਿੱਖਿਆ ਵੀ ਦਿੰਦਾ ਸੀ, ਜਿਸ ਦੀ ਸਿੱਖਿਆ ਘਰਾਂ ਵਿੱਚ ਚਲਾਏ ਗਏ ਸਕੂਲਾਂ ਵਿੱਚ ਨਹੀਂ ਮਿਲਦੀ ਸੀ। ਉਹ ਵਿਧਵਾਵਾਂ ਲਈ ਆਸ਼ਰਮ ਵਿੱਚ ਉਨ੍ਹਾਂ ਦੇ ਬੱਚਿਆਂ ਨੂੰ ਸੰਭਾਲਦੀ ਸੀ। ਉਸਨੇ ਮਾਪਿਆਂ ਵਿੱਚ ਸਿੱਖਿਆ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਨਿਯਮਤ ਮਾਪੇ-ਅਧਿਆਪਕ ਮੀਟਿੰਗਾਂ ਦਾ ਆਯੋਜਨ ਕੀਤਾ ਤਾਂ ਜੋ ਉਹ ਆਪਣੇ ਬੱਚਿਆਂ ਨੂੰ ਨਿਯਮਤ ਤੌਰ ਤੇ ਸਕੂਲ ਭੇਜਣ। 1874 ਵਿੱਚ, ਜੋਤੀਬਾ ਰਾਓ ਫੂਲੇ ਅਤੇ ਸਾਵਿਤਰੀ ਬਾਈ ਨੇ ਕਾਸ਼ੀ ਬਾਈ ਨਾਮ ਦੀ ਇੱਕ ਬ੍ਰਾਹਮਣ ਵਿਧਵਾ ਤੋਂ ਇੱਕ ਬੱਚੇ ਨੂੰ ਗੋਦ ਲਿਆ ਅਤੇ ਇਸ ਤਰ੍ਹਾਂ ਸਮਾਜ ਦੇ ਅਗਾਂਹਵਧੂ ਲੋਕਾਂ ਨੂੰ ਇੱਕ ਮਜ਼ਬੂਤ ? ਸੰਦੇਸ਼ ਦਿੱਤਾ। ਇਹ ਗੋਦ ਲਿਆ ਪੁੱਤਰ ਯਸ਼ਵੰਤ ਰਾਓ ਵੱਡਾ ਹੋ ਕੇ ਡਾਕਟਰ ਬਣ ਗਿਆ। ਯਸ਼ਵੰਤ ਫੂਲੇ ਜੋ ਉਨ੍ਹਾਂ ਦਾ ਵਾਰਿਸ ਬਣਿਆ ਇਸੇ ਵਿਧਵਾ ਆਸ਼ਰਮ ਵਿੱਚ ਪੈਦਾ ਹੋਇਆ ਸੀ। 1890 ਵਿੱਚ ਉਸਦੇ ਪਤੀ ਜੋਤੀਬਾ ਰਾਓ ਫੂਲੇ ਦੀ ਮੌਤ ਹੋ ਗਈ ਅਤੇ ਉਸਨੇ ਆਪ ਅਪਣੇ ਪਤੀ ਦਾ ਸੰਸਕਾਰ ਕੀਤਾ। ਜੋਤੀਬਾ ਰਾਓ ਫੂਲੇ ਤੋਂ ਬਾਅਦ ਸਤਿਆਸ਼ੋਧਕ ਸਮਾਜ ਦਾ ਕੰਮ ਸਾਵਿੱਤਰੀ ਬਾਈ ਫੂਲੇ ਨੇ ਹੀ ਦੇਖਿਆ। ਪੂਣੇ ਵਿੱਚ 1897 ਵਿੱਚ ਪਲੇਗ ਫੈਲੀ ਅਤੇ ਪਲੇਗ ਦੇ ਮਰੀਜ਼ਾਂ ਦੀ ਦੇਖ ਰੇਖ ਕਰਦੀ ਉਹ ਆਪ ਵੀ ਪਲੇਗ ਦੀ ਗ੍ਰਿਫ਼ਤ ਵਿਚ ਆ ਗਈ ਅਤੇ 10 ਮਾਰਚ 1897 ਨੂੰ ਉਸ ਦੀ ਮੌਤ ਹੋਈ। ਸਾਵਿਤਰੀ ਬਾਈ ਫੂਲੇ ਇੱਕ ਸਮਾਜ ਸੁਧਾਰਿਕਾ, ਇੱਕ ਅਧਿਆਪਿਕਾ ਅਤੇ ਕਵੀ ਸੀ ਜਿਸਨੇ 19ਵੀਂ ਸਦੀ ਵਿੱਚ ਮਹਿਲਾ ਸਿੱਖਿਆ, ਅਤੇ ਸ਼ਸ਼ਕਤੀਕਰਣ ਲਈ ਕੰਮ ਕੀਤਾ ਹੈ। ਉਹ ਉਨ੍ਹਾਂ ਨੌਜਵਾਨ ਕੁੜੀਆ ਲਈ ਪ੍ਰੇਰਨਾ ਸਰੋਤ ਬਣੀ ਰਹੀ ਜਿਨ੍ਹਾਂ ਨੂੰ ਉਸਨੇ ਪੜ੍ਹਾਇਆ। ਉਨ੍ਹਾਂ ਨੂੰ ਲਿਖਣ ਅਤੇ ਪੇਟਿੰਗ ਵਰਗੀਆਂ ਗਤੀ-ਵਿਧੀਆ ਕਰਨ ਲਈ ਪ੍ਰੇਰਿਤ ਕੀਤਾ। ਸਮਾਜ ਦੀਆਂ ਸਦੀਆਂ ਪੁਰਾਣੀਆਂ ਬੁਰਾਈਆਂ ਨੂੰ ਰੋਕਣ ਲਈ ਸਾਵਿਤਰੀ ਬਾਈ ਦੇ ਅਣਥੱਕ ਯਤਨ ਅਤੇ ਉਨ੍ਹਾਂ ਦੁਆਰਾ ਛੱਡੇ ਗਏ ਚੰਗੇ ਸੁਧਾਰਾਂ ਦੀ ਅਮੀਰ ਵਿਰਾਸਤ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀ ਰਹੇਗੀ। 1983 ਵਿੱਚ ਪੁਣੇ ਸਿਟੀ ਕਾਰਪੋਰੇਸ਼ਨ ਦੁਆਰਾ ਉਸਦੇ ਸਨਮਾਨ ਵਿੱਚ ਇੱਕ ਯਾਦਗਾਰ ਬਣਾਈ ਗਈ ਸੀ। ਇੰਡੀਆ ਪੋਸਟ ਨੇ 10 ਮਾਰਚ 1998 ਨੂੰ ਉਸਦੇ ਸਨਮਾਨ ਵਿੱਚ ਇੱਕ ਡਾਕ ਟਿਕਟ ਜਾਰੀ ਕੀਤੀ। 2015 ਵਿੱਚ ਪੁਣੇ ਯੂਨੀਵਰਸਿਟੀ ਦਾ ਨਾਂ ਬਦਲ ਕੇ ਸਾਵਿਤਰੀਬਾਈ ਫੂਲੇ ਪੁਣੇ ਯੂਨੀਵਰਸਿਟੀ ਰੱਖਿਆ ਗਿਆ।

ਉੱਤਰ ਪ੍ਰਦੇਸ ਵਿੱਚ ਵੀ ਸਰਕਾਰ ਦੁਆਰਾ ਬਣਾਏ ਗਏ ਪਾਰਕ ਵਿੱਚ ਸਾਵਿਤਰੀਬਾਈ ਫੂਲੇ ਦੇ ਬੁੱਤ ਲਗਾਏ ਗਏ ਹਨ। ਸਰਚ ਇੰਜਨ ਗੂਗਲ ਨੇ 3 ਜਨਵਰੀ 2017 ਨੂੰ ਗੂਗਲ ਡੂਡਲ ਨਾਲ 186ਵੀਂ ਜਯੰਤੀ ਮਨਾਈ। ਮਹਾਰਾਸ਼ਟਰ ਵਿੱਚ ਮਹਿਲਾ ਸਮਾਜ ਸੁਧਾਰਕਾਂ ਨੂੰ ਸਾਵਿਤਰੀ ਬਾਈ ਫੂਲੇ ਪੁਰਸਕਾਰ ਦਿੱਤਾ ਜਾਂਦਾ ਹੈ। ਅੱਜ ਇਸ ਮਹਾਨ ਸੁਧਾਰਿਕਾ ਦੇ ਜਨਮ ਦਿਨ ਤੇ ਹਰ ਵਰਗ ਦੇ ਲੋਕਾਂ ਵਲੋਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਜਾ ਰਹੀ ਹੈ।



ਕੁਲਦੀਪ ਚੰਦ
91-9417563054

## ਮਾਂ ਗੁਜਰੀ ਜੀ ਦਾ ਹਾਲ

ਅੱਖਾਂ ਵਿੱਚ ਹੰਝੂਆਂ ਨੂੰ ਸਮਾ ਕੇ
ਦਿਲ ਵਿੱਚ ਪੀੜਾ ਨੂੰ ਲੁਕਾ ਕੇ
ਸੁਣਿਓ ਮਾਂ ਗੁਜਰੀ ਜੀ ਦਾ ਹਾਲ
ਕਹਿੰਦੇ ਦਾਦੀ ਅੱਜ ਅਸਾਂ ਆਉਣਾ ਨਹੀਂ
ਦਾਦੀ ਨੇ ਵੀ ਸਿਹਰੇ ਬੰਨ੍ਹ ਸਜ਼ਾ ਦਿੱਤੇ
ਲਾੜੀ ਮੌਤ ਦੇ ਨਾਲ ਵਿਆਹ ਦਿੱਤੇ
ਦਾਦੀ ਕਹਿੰਦੀ ਹੁਣ ਮੈਂ ਵੀ ਨਹੀਂ ਰਹਿਣਾ
ਜਾਣਾ ਸੱਚ ਖੰਡ ਵਿੱਚ ਬੱਚਿਓ ਥੋਡੇ ਨਾਲ
ਸੁਣਿਓ ਮਾਂ ਗੁਜਰੀ ਜੀ ਦਾ ਹਾਲ
ਠੰਡੇ ਬੁਰਜ਼ ਵਿੱਚ ਦਾਦੀ ਰਹੀ ਸਾਰੀ ਰਾਤ ਸਮਝਾਉਦੀ
ਰੱਖੀਉ ਪੰਥ ਦੀ ਲਾਜ, ਨਹੀਂ ਝੁਕਣਾ ਜ਼ਾਲਿਮਾਂ ਅੱਗੇ ।
ਕਿਉਂਕਿ ਤੁਸੀਂ ਹੋ ਮੇਰੇ ਗੋਬਿੰਦ ਦੇ ਲਾਲ
ਸੁਣਿਓ ਮਾਂ ਗੁਜਰੀ ਜੀ ਦਾ ਹਾਲ
ਇੱਕ-ਇੱਕ ਜੋੜਾ ਮਾਂ ਨੇ ਰੱਖਿਆ ਸੰਭਾਲ ਕੇ
ਤੋਰਨ ਵੇਲੇ ਮਾਂ ਨੇ ਪਾਇਆ ਪੋਤਿਆਂ ਦੇ ਗੱਠੜੀ ਚੋਂ ਨਿਕਾਲ ਕੇ
ਕਦੀ ਦੁੱਖ ਵਿਛੋੜੇ ਦਾ ਤੇ ਕਦੀ ਆਵੇ ਪੁੱਤ ਗੋਬਿੰਦ ਦਾ ਖਿਆਲ
ਸੁਣਿਓ ਮਾਂ ਗੁਜਰੀ ਜੀ ਦਾ ਹਾਲ
ਪੁੱਛਦੀ ਏ ਮਾਂ ਠੰਡੀਆਂ ਹਵਾਵਾਂ ਨੂੰ
ਦੇ ਦੋ ਕੋਈ ਸੁਨੇਹਾਂ, ਦੱਸੋ ਕੋਈ ਪਤਾ ਮੇਰੇ ਲਾਲ ਦਾ
ਕਿੱਧਰ ਗਏ ਸਾਡੇ ਵੀਰ, ਕਿੱਥੇ ਸਾਡਾ ਬਾਪ,
ਕਰਦੇ ਦਾਦੀ ਨੂੰ ਵਾਰੋ-ਵਾਰੀ ਇੱਕੋ ਹੀ ਸਵਾਲ
ਸੁਣਿਓ ਮਾਂ ਗੁਜਰੀ ਜੀ ਦਾ ਹਾਲ
ਡਿੰਗੀ ਦੀ ਦਿਵਾਰ ਮਾਤਾ ਪਹੁੰਚ ਗਈ ਸਿਪਾਹੀ ਕੋਲ
ਪੁੱਛਦੀ ਏ ਜਾ ਕੇ ਉਹਨੂੰ
ਕਿਤੇ ਡਰ ਤਾਂ ਨਹੀਂ ਗਏ ਸੀ ਮੇਰੇ ਪੋਤੇ ਅਨਭੋਲ
ਦਿਲ ਮੇਰਾ ਵੀ ਤਾਂ ਇਹੀ ਕਹਿੰਦਾ
ਮੇਰੇ ਸੋਹਣੇ ਬੱਚਿਆਂ ਨੇ ਆਖਰੀ ਨਾਹਰਾ ਲਾਇਆ
ਜੋ ਬੋਲੇ ਸੋ ਨਿਹਾਲ,
ਸੁਣਿਓ ਮਾਂ ਗੁਜਰੀ ਜੀ ਦਾ ਹਾਲ
ਪੁੱਤਾਂ ਵਾਲੀਓ ਭੁੱਲ ਨਾ ਜਾਇਉ ਸੋਹਣੇ ਪੁੱਤਾਂ ਦੀਆਂ ਕੁਰਬਾਨੀਆਂ ਨੂੰ
ਕਦਰ ਕਰੋ ਉਹਨਾਂ ਦੀ ਜੋ ਦੇ ਗਏ ਸਾਨੂੰ ਧਰਮ ਨਿਸ਼ਾਨੀਆਂ ਨੂੰ ।
ਮਾਂ ਗੁਜਰੀ ਜੋ ਕਈ ਵਾਰ ਗੁਜ਼ਰੀ
ਗੁਜ਼ਰਦੀ ਗੁਜ਼ਰਦੀ ਆਖ਼ਿਰ ਗੁਜ਼ਰ ਹੀ ਗਈ ।



- ਕਮਲਜੀਤ ਕੌਰ ਧਾਲੀਵਾਲ
91-77105-97642

## ਹਾਲ ਏ ਦਿਲ ਬਿਆਨ

ਮੈਂ ਹਰ ਇੱਕ ਅੱਖਰ ਮੇਰੀਆਂ ਸੱਧਰਾਂ ਨਾਲੋਂ ਉਖੇੜ ਕੇ ਲਿਖਿਆ
ਅੱਜ ਫਿਰ ਆਈ ਰੁੱਤ ਮੇਰੀਆਂ ਰੀਝਾਂ ਸੱਖਣੀਆਂ
ਰੁੱਸੇ ਹੋਏ ਚਾਵਾਂ ਨੂੰ ਹੱਝੂਆਂ ਨਾਲ ਲਬੇੜ ਕੇ ਲਿਖਿਆ
ਜੋ ਬੁਣੀ ਸੀ ਬੁਣਤੀ ਪਿਆਰ ਦੀ,
ਅੱਜ ਫਿਰ ਉਸਨੂੰ ਉਧੇੜ ਕੇ ਲਿਖਿਆ
ਬਚਪਨ ਤੋਂ ਲੈ ਕੇ ਫੇਰਿਆਂ ਤੱਕ ਫਿਕੇ ਪਏ ਸਭ ਰਿਸ਼ਤਿਆਂ ਨੂੰ
ਮੈਂ ਵੀ ਆਪਣੇ ਵੱਲੋਂ ਨਬੇੜ ਕੇ ਲਿਖਿਆ
ਕੱਲੇ ਬੈਠਿਆਂ ਨੂੰ ਆਈਆਂ ਪੁਰਾਣੀਆਂ ਯਾਦਾਂ,
ਤਾਂ ਤਨਹਾਈ ਵਾਲੇ ਸਭ ਆਲਮ ਛੇੜ ਕੇ ਲਿਖਿਆ
ਮੈਂ ਨਹੀਂ ਚਹੁੰਦੀ ਮੇਰੇ ਰੋਂਦੇ ਦਿਲ ਦੀਆਂ ਚੀਕਾਂ ਕੋਈ ਸੁਣੇ
ਇਸ ਲਈ ਅੱਜ ਸਭ ਖੜ੍ਹਕੀਆਂ ਅਤੇ ਦਰਵਾਜ਼ੇ ਭੇੜ ਕੇ ਲਿਖਿਆ
ਵੱਖੋ-ਵੱਖਰੇ ਹੋਏ ਫਿਰਦੇ ਸਨ ਰੂਹ ਅਤੇ ਹਉਂਕੇ ਅਤੇ ਜਜ਼ਬਾਤ
ਪਰ ਅੱਜ ਸਭ ਨੂੰ ਮੈਂ ਘੇਰ ਕੇ ਲਿਖਿਆ ।
ਜੋ ਮੈਥੋਂ ਅੱਖਾਂ ਫੇਰ ਗਏ
ਅੱਜ ਮੈਂ ਵੀ ਉਹਨਾਂ ਤੋਂ ਅੱਖਾਂ ਫੇਰ ਕੇ ਲਿਖਿਆ
ਭਰਿਆ ਹੋਇਆ ਵੀ ਖਾਲ੍ਹੀ ਕਰ ਰੱਖਿਆ ਸੀ
ਪਰ ਉਹ ਹੰਝੂਆਂ ਵਾਲਾ ਖੂਹ ਵੀ ਅੱਜ ਗੇੜ ਕੇ ਲਿਖਿਆ
ਅੱਜ ਫਿਰ ਉਦਾਸੀ ਵਾਲੀ ਹਰ ਇੱਕ ਰਾਗ ਛੇੜ ਕੇ ਲਿਖਿਆ

# ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ



ਹਰਦੀਪ ਸਿੰਘ ਚੁੰਬਰ
+91-94636-01616

ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡ ਕੇ ਅਤੇ ਗੁਰੂ ਸਾਹਿਬ ਤੋਂ ਵਿਛੜ ਕੇ, ਪਰਿਵਾਰ ਅਤੇ ਬਾਕੀ ਸਿੱਖ, ਮਾਤਾ ਗੁਜਰੀ ਜੀ (ਜਿਨ੍ਹਾਂ ਦਾ ਅੰਮ੍ਰਿਤ ਛਕਣ ਤੋਂ ਬਾਅਦ ਨਾਮ ਮਾਤਾ ਗੁਜਰੀ ਕੌਰ ਜੀ ਸੀ) ਅਤੇ ਦੋ ਛੋਟੇ ਸਾਹਿਬਜ਼ਾਦੇ (ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ)। ) ਇਕੱਲੇ ਜੰਗਲ ਵਿਚੋਂ ਲੰਘਿਆ। ਉਹ ਗੰਗੂ ਨੂੰ ਮਿਲੇ, ਇੱਕ ਬ੍ਰਾਹਮਣ ਜੋ ਗੁਰੂ ਦੀ ਰਸੋਈ ਵਿੱਚ ਇੱਕ ਰਸੋਈਏ ਵਜੋਂ ਸੇਵਾ ਕਰਦਾ ਸੀ।

ਗੰਗੂ ਨੇ ਮਾਤਾ ਗੁਜਰੀ ਜੀ, ਗੁਰੂ ਜੀ ਦੀ ਮਾਤਾ, ਅਤੇ 5 ਅਤੇ 7 ਸਾਲ ਦੀ ਉਮਰ ਦੇ ਨੌਜਵਾਨ ਰਾਜਕੁਮਾਰਾਂ ਦੀ ਦੇਖਭਾਲ ਕਰਨ ਦਾ ਵਾਅਦਾ ਕੀਤਾ। "ਚਲੋ ਮੈਂ ਤੁਹਾਨੂੰ ਆਪਣੇ ਪਿੰਡ ਲੈ ਚੱਲਾਂ", ਗੰਗੂ ਨੇ ਕਿਹਾ। "ਤੁਸੀਂ ਉੱਥੇ ਸੁਰੱਖਿਅਤ ਹੋਵੋਗੇ।" ਗੰਗੂ 'ਤੇ ਭਰੋਸਾ ਕਰਕੇ, ਮਾਤਾ ਜੀ ਨੇ ਸਹਿਮਤੀ ਦਿੱਤੀ ਕਿ ਉਹ ਅਤੇ ਸਾਹਿਬਜ਼ਾਦੇ ਗੰਗੂ ਦੇ ਪਿੰਡ ਜਾਣਗੇ। ਪਿੰਡ ਆ ਕੇ ਗੰਗੂ ਉਨ੍ਹਾਂ ਨੂੰ ਘਰ ਲੈ ਗਿਆ ਅਤੇ ਉਨ੍ਹਾਂ ਨੂੰ ਸੌਣ ਲਈ ਬਿਸਤਰੇ ਦੇ ਦਿੱਤੇ।

ਰਾਤ ਦੇ ਸਮੇਂ ਜਦੋਂ ਸਾਰੇ ਸੌਂ ਗਏ ਸਨ, ਗੰਗੂ ਉਸ ਕਮਰੇ ਵਿੱਚ ਗਿਆ ਜਿੱਥੇ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦੇ ਸੁੱਤੇ ਹੋਏ ਸਨ। ਉਸਨੇ ਮਾਤਾ ਜੀ ਦੇ ਸੋਨੇ ਦੇ ਸਿੱਕਿਆਂ ਵਾਲੇ ਥੈਲੇ ਦੀ ਤਲਾਸ਼ੀ ਲਈ ਅਤੇ ਉਸਦੇ ਪੈਸੇ ਚੋਰੀ ਕਰ ਲਏ। ਸਵੇਰੇ ਮਾਤਾ ਗੁਜਰੀ ਜੀ ਨੇ ਗੰਗੂ ਨੂੰ ਪੁੱਛਿਆ, 'ਗੰਗੂ, ਸੋਨੇ ਦੇ ਸਿੱਕੇ ਕਿੱਥੇ ਗਏ ਹਨ?' ਮਾਤਾ ਜੀ ਦਿਲ ਵਿੱਚ ਜਾਣਦੇ ਸਨ ਕਿ ਗੰਗੂ ਨੇ ਪੈਸੇ ਚੋਰੀ ਕੀਤੇ ਹਨ। ਮਾਤਾ ਜੀ ਦੁਆਰਾ ਉਸਦੇ ਪੈਸੇ ਚੋਰੀ ਕੀਤੇ ਜਾਣ ਅਤੇ ਇਨਾਮ ਦੇ ਲਾਲਚ ਵਿੱਚ ਆ ਕੇ ਗੁੱਸੇ ਵਿੱਚ ਆ ਕੇ, ਗੰਗੂ ਜਲਦੀ ਨਾਲ ਆਪਣੇ ਘਰ ਦੇ ਬਾਹਰ ਆ ਗਿਆ ਅਤੇ ਰੌਲਾ ਪਾਇਆ ਕਿ ਉਸਨੇ ਗੁਰੂ ਜੀ ਦੇ ਬੱਚਿਆਂ ਅਤੇ ਮਾਤਾ ਜੀ ਨੂੰ ਆਪਣੇ ਘਰ ਵਿੱਚ ਕੈਦ ਕਰ ਲਿਆ ਹੈ।





ਅਚਾਨਕ ਪੁਲਿਸ ਨੇ ਗੰਗੂ ਦੇ ਘਰ ਨੂੰ ਘੇਰ ਲਿਆ ਅਤੇ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਵਿੱਚ ਸੁੱਟ ਦਿੱਤਾ ਗਿਆ। ਉਨ੍ਹਾਂ ਦਿਨਾਂ ਵਿਚ ਜੇਲ੍ਹ ਕੋਈ ਆਰਾਮਦਾਇਕ ਜਗ੍ਹਾ ਨਹੀਂ ਸੀ। ਇਸ ਦੀ ਬਜਾਇ, ਇਹ ਅਪਮਾਨਜਨਕ, ਠੰਡਾ ਸੀ, ਬਿਨਾਂ ਕਿਸੇ ਆਰਾਮ ਜਾਂ ਦੇਖਭਾਲ ਦੇ, ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਸਰਹਿੰਦ ਵਿਖੇ ਠੰਡਾ ਬੁਰਜ (ਠੰਡਾ ਬੁਰਜ) ਵਿੱਚ ਠਹਿਰੇ ਸਨ।

ਇੱਕ ਪ੍ਰੇਰਨਾਦਾਇਕ ਗੁਰਸਿੱਖ ਦੀ ਇੱਕ ਜਿਉਂਦੀ ਜਾਗਦੀ ਮਿਸਾਲ ਵਜੋਂ, ਮਾਤਾ ਗੁਜਰੀ ਜੀ ਨੇ ਸਾਹਿਬਜ਼ਾਦਿਆਂ ਨੂੰ ਆਪਣੇ ਨੇੜੇ ਬਿਠਾਇਆ, ਅਤੇ ਉਹਨਾਂ ਨੇ ਇਕੱਠੇ ਹੋ ਕੇ ਰਹਿਰਾਸ ਸਾਹਿਬ (ਸ਼ਾਮ ਦੀ ਅਰਦਾਸ) ਦਾ ਪਾਠ ਕੀਤਾ, ਜਿਸ ਤੋਂ ਬਾਅਦ ਮਾਤਾ ਜੀ ਨੇ ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ ਅਤੇ ਬਾਕੀ ਰਹਿੰਦੇ ਸਿੱਖਾਂ ਦੀਆਂ ਕਹਾਣੀਆਂ ਸੁਣਾਈਆਂ। ਸ਼ਾਨਦਾਰ ਅਤੇ ਬਹਾਦਰ ਜੀਵਨ ਕਥਾ ਸੁਣ ਕੇ ਅਤੇ ਗੁਰਬਾਣੀ ਸੁਣ ਕੇ, ਸਾਹਿਬਜ਼ਾਦੇ ਹੌਂਸਲੇ ਅਤੇ ਉੱਚ ਆਤਮਾ ਨਾਲ ਭਰ ਗਏ, ਅਤੇ ਉਨ੍ਹਾਂ ਨੇ ਆਪਣੀ ਦਾਦੀ ਨੂੰ ਕਿਹਾ ਕਿ ਉਹ ਆਪਣੇ ਦਾਦਾ ਅਤੇ ਪੜਦਾਦੇ ਦੇ ਨਕਸ਼ੇ-ਕਦਮਾਂ 'ਤੇ ਚੱਲਣਾ ਚਾਹੁੰਦੇ ਹਨ। ਮਾਤਾ ਗੁਜਰੀ ਜੀ ਉਹਨਾਂ ਦੇ ਦ੍ਰਿੜ ਵਿਸ਼ਵਾਸ ਦੀ ਅਜਿਹੀ ਪੁਸ਼ਟੀ ਸੁਣ ਕੇ ਪ੍ਰਸੰਨ ਹੋਏ।

ਅਗਲੇ ਦਿਨ, ਨੌਜਵਾਨ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਨਵਾਬ ਵਜ਼ੀਰ ਖਾਨ ਦੇ ਦਰਬਾਰ ਵਿਚ ਬੁਲਾਇਆ ਗਿਆ। ਦਰਬਾਰੀਆਂ ਨੇ ਵਜ਼ੀਰ ਖਾਨ ਨੂੰ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਸ਼ਰੀਅਤ ਕਾਨੂੰਨ ਅਨੁਸਾਰ ਫਤਵੇ, ਸਜ਼ਾ ਦਾ ਸਾਹਮਣਾ ਕਰਨ ਲਈ ਬਹੁਤ ਛੋਟੇ ਸਨ। ਹਾਲਾਂਕਿ ਇੱਕ ਦਰਬਾਰੀ ਬੁਲਾਇਆ ਗਿਆ, ਸੁੱਚਾ ਨੰਦ (ਸਿੱਖਾਂ ਦੁਆਰਾ 'ਝੂਠਾ ਨੰਦ' ਵਜੋਂ ਜਾਣਿਆ ਜਾਂਦਾ ਹੈ) ਨੇ ਇਹਨਾਂ ਛੋਟੇ ਬੱਚਿਆਂ ਨੂੰ ਬਖਸ਼ਣ ਦੀਆਂ ਬੇਨਤੀਆਂ ਨੂੰ ਰੱਦ ਕਰ ਦਿੱਤਾ।

ਸੁੱਚਾ ਨੰਦ ਨੇ ਕਿਹਾ, "ਨਵਾਬ ਸਾਹਿਬ, ਇਹ ਬੱਚੇ ਜ਼ਹਿਰੀਲੇ ਸੱਪ ਦੇ ਬੱਚੇ ਹਨ। ਉਸ ਸੱਪ ਦੇ ਪੁੱਤਰ ਵੀ ਜ਼ਹਿਰੀਲੇ ਹਨ।" ਵਜ਼ੀਰ ਖਾਨ ਉਸ ਦੀਆਂ ਦਲੀਲਾਂ ਤੋਂ ਕਾਇਲ ਹੋ ਗਿਆ।

ਉਸ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਪੁੱਛਿਆ, "ਨੌਜਵਾਨ ਅਤੇ ਭੋਲੇ ਭਾਲੇ ਬੱਚਿਓ, ਜੇ ਮੈਂ ਅੱਜ ਤੁਹਾਨੂੰ ਰਿਹਾ ਕਰ ਦੇਵਾਂ ਤਾਂ ਤੁਸੀਂ ਕੀ ਕਰੋਗੇ?" "ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ ਹਾਂ ਅਤੇ ਗੁਰੂ ਤੇਗ ਬਹਾਦਰ ਜੀ ਦੇ ਪੋਤੇ ਹਾਂ। ਜੇਕਰ ਤੁਸੀਂ ਸਾਨੂੰ ਛੱਡ ਦਿਓ ਤਾਂ ਅਸੀਂ ਇੱਕ ਫੌਜ ਇਕੱਠੀ ਕਰ ਕੇ ਤੁਹਾਡੇ ਉੱਤੇ ਹਮਲਾ ਕਰਾਂਗੇ!" ਨੌਜਵਾਨ ਸਾਹਿਬਜ਼ਾਦੇ ਨੇ ਜਵਾਬ ਦਿੱਤਾ।

"ਕੀ ਹੋਇਆ ਜੇ ਤੂੰ ਹਾਰ ਗਿਆ", ਨਵਾਬ ਨੇ ਪੁੱਛਿਆ। "ਫਿਰ ਅਸੀਂ ਦੁਬਾਰਾ ਉੱਠਦੇ ਹਾਂ, ਅਤੇ ਇੱਕ ਹੋਰ ਫੌਜ ਇਕੱਠੀ ਕਰਦੇ ਹਾਂ ਅਤੇ ਤੁਹਾਡੇ ਨਾਲ ਅਤੇ ਉਨ੍ਹਾਂ ਸਾਰਿਆਂ ਨਾਲ ਲੜਦੇ ਹਾਂ ਜੋ ਜ਼ੁਲਮ ਅਤੇ ਜ਼ੁਲਮ ਦਾ ਕਾਰਨ ਬਣਦੇ ਹਨ। ਜਦੋਂ ਤੱਕ ਅਸੀਂ ਸਾਹ ਨਹੀਂ ਲੈਂਦੇ, ਅਸੀਂ ਨਿਆਂ ਅਤੇ ਧਾਰਮਿਕਤਾ ਲਈ ਲੜਦੇ ਰਹਾਂਗੇ।" ਨਵਾਬ ਇਨ੍ਹਾਂ ਦੋ ਜਵਾਨ ਊਰਜਾਵਾਨ ਰੂਹਾਂ ਦੇ ਜਵਾਬ ਤੋਂ ਹੈਰਾਨ ਰਹਿ ਗਿਆ। "ਤੁਸੀਂ ਮੇਰਾ ਅਪਮਾਨ ਕੀਤਾ ਹੈ! ਤੁਹਾਡੇ ਕੋਲ ਹੁਣ ਇੱਕ ਵਿਕਲਪ ਹੈ, ਤੁਸੀਂ ਜਾਂ ਤਾਂ ਇਸਲਾਮ ਕਬੂਲ ਕਰੋ ਜਾਂ ਤੁਸੀਂ ਤਲਵਾਰ ਦਾ ਸਾਹਮਣਾ ਕਰੋਗੇ।" "ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਬਹਾਦਰ ਸ਼ੇਰ ਹਾਂ! ਅਸੀਂ ਤੁਹਾਡੀ ਤਲਵਾਰ ਤੋਂ ਨਹੀਂ ਡਰਦੇ। ਅਸੀਂ ਸ਼ੇਰ ਹਾਂ! ਅਸੀਂ ਭੇਡਾਂ ਹੋਣ ਦਾ ਦਿਖਾਵਾ ਕਰਨ ਦੀ ਕੋਸ਼ਿਸ਼ ਕਿਵੇਂ ਕਰੀਏ!" ਦਲੇਰੀ ਨਾਲ ਸਾਹਿਬਜ਼ਾਦਿਆਂ ਨੂੰ ਗਰਜਿਆ।

ਇਹ ਦੋ ਜਵਾਨ ਬਹਾਦਰ ਰੂਹਾਂ, 5 ਅਤੇ 7 ਸਾਲ ਦੀ ਉਮਰ ਦੇ, ਆਪਣੇ ਵਿਸ਼ਵਾਸ ਨੂੰ ਛੱਡਣ ਲਈ ਡਰੇ ਹੋਏ, ਪਰਤਾਏ ਜਾਂ ਲਾਲਚ ਵਿੱਚ ਨਹੀਂ ਸਨ। ਉਨ੍ਹਾਂ ਨੇ ਆਪਣੀ ਅਮੁੱਲ ਸਿੱਖੀ ਨੂੰ ਤਿਆਗਣ ਦੀ ਬਜਾਏ ਹੱਸ ਕੇ ਮੁਸਕਰਾ ਕੇ ਮੌਤ ਨੂੰ ਸਵੀਕਾਰ ਕਰ ਲਿਆ। ਕਾਜ਼ੀ ਨੇ ਵਜ਼ੀਰ ਖਾਂ ਨੂੰ ਕਿਹਾ ਕਿ ਉਹ ਮਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਖਾਨ ਨੂੰ ਇਨ੍ਹਾਂ ਛੋਟੇ ਬੱਚਿਆਂ ਨੂੰ ਸਜ਼ਾ ਦੇਣ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੇ ਮਲੇਰਕੋਟਲੇ ਦੇ ਨਵਾਬ ਨੂੰ ਜੰਗ ਵਿੱਚ ਮਾਰਿਆ ਸੀ। ਇਸ ਲਈ, ਉਹ ਗੁਰੂ ਜੀ ਦੇ ਛੋਟੇ ਬੱਚਿਆਂ ਨੂੰ ਮਾਰ ਕੇ ਬਦਲਾ ਲਵੇਗਾ। ਹਾਲਾਂਕਿ, ਪੁੱਛਣ 'ਤੇ, ਪਰੇਸ਼ਾਨ ਅਤੇ ਭਾਵੁਕ ਹੋ ਕੇ ਉਸਨੇ ਜਵਾਬ ਦਿੱਤਾ, "ਹਰ ਕੋਈ, ਇਹ ਬੇਰਹਿਮੀ ਹੈ! ਮੇਰਾ ਭਰਾ ਜੰਗ ਦੇ ਮੈਦਾਨ ਵਿੱਚ ਮਾਰਿਆ ਗਿਆ ਸੀ। ਇਹ ਮਾਸੂਮ ਲੜਕੇ ਉਸਦੀ ਮੌਤ ਦੇ ਜ਼ਿੰਮੇਵਾਰ ਨਹੀਂ ਹਨ। ਜੇ ਅਸੀਂ ਬਦਲਾ ਲੈਣਾ ਹੈ ਤਾਂ ਇਹ ਉਨ੍ਹਾਂ ਦੇ ਪਿਤਾ ਤੋਂ ਹੀ ਹੋਵੇਗਾ। ਅੱਲ੍ਹਾ ਸਾਨੂੰ ਇਸ ਪਾਪੀ ਕੰਮ ਤੋਂ ਬਚਾਵੇ।" ਇਹ ਕਹਿ ਕੇ ਉਹ ਉੱਠਿਆ ਅਤੇ ਸੋਗ ਨਾਲ ਬੋਲਿਆ, "ਹੇ ਅੱਲ੍ਹਾ, ਰਹਿਮ ਕਰੋ !!"

ਇਹ ਸੁਣ ਕੇ ਵਜ਼ੀਰ ਖ਼ਾਨ ਨੇ ਸਾਹਿਬਜ਼ਾਦਿਆਂ ਨੂੰ ਆਪਣੀ ਬਜ਼ੁਰਗ ਦਾਦੀ ਨਾਲ ਠੰਡੇ ਬੁਰਜ ਵਿੱਚ ਬੰਦੀ ਬਣਾ ਕੇ ਵਾਪਸ ਪਰਤਣ ਦਾ ਹੁਕਮ ਦਿੱਤਾ। ਠੰਡੇ ਬੁਰਜ ਵਿੱਚ ਪਹੁੰਚ ਕੇ, ਸਾਹਿਬਜ਼ਾਦਿਆਂ ਨੇ ਦੌੜ ਕੇ ਆਪਣੀ ਪਿਆਰੀ ਦਾਦੀ ਨੂੰ ਜੱਫੀ ਪਾ ਲਈ। ਉਨ੍ਹਾਂ ਨੇ ਦਾਦੀ ਨੂੰ ਸਭ ਕੁਝ ਸੁਣਾਇਆ, ਜੋ ਹੋਇਆ ਸੀ। ਉਨ੍ਹਾਂ ਦੀ ਗੱਲ ਸੁਣ ਕੇ ਮਾਤਾ ਗੁਜਰੀ ਜੀ ਨੇ ਉਨ੍ਹਾਂ ਨੂੰ ਕਿਹਾ, "ਮੇਰੇ ਬੱਚਿਓ, ਮੈਨੂੰ ਤੁਹਾਡੇ 'ਤੇ ਮਾਣ ਹੈ! ਤੁਸੀਂ ਆਪਣਾ ਸਿਰ ਉੱਚਾ ਰੱਖਿਆ ਹੈ ਅਤੇ ਆਪਣੇ ਦਾਦਾ ਜੀ ਦੀ ਇੱਜ਼ਤ ਅਤੇ ਸਿੱਖੀ ਨੂੰ ਕਾਇਮ ਰੱਖਿਆ ਹੈ, ਵਾਹਿਗੁਰੂ ਹਮੇਸ਼ਾ ਤੁਹਾਡੇ ਅੰਗ ਸੰਗ ਰਹੇ ਅਤੇ ਤੁਹਾਡੀ ਮਦਦ ਕਰੇ।"

ਅਗਲੀ ਸਵੇਰ, ਸਾਹਿਬਜ਼ਾਦੇ ਇੱਕ ਵਾਰ ਫਿਰ ਨਵਾਬ ਦੇ ਸਾਹਮਣੇ ਆਏ। "ਮੈਨੂੰ ਉਮੀਦ ਹੈ ਕਿ ਤੁਸੀਂ ਇਸ ਫੈਸਲੇ 'ਤੇ ਪਹੁੰਚ ਗਏ ਹੋਵੋਗੇ ਕਿ ਤੁਸੀਂ ਸਿਰਫ ਇਸਲਾਮ ਕਬੂਲ ਕਰਕੇ ਜਿਉਣਾ ਚਾਹੁੰਦੇ ਹੋ ਜਾਂ ਜਿਉਂਦੇ ਜੀਅ ਇੱਟਾਂ ਦੀ ਦਿਵਾਰ ਵਿੱਚ ਚਿਣਕੇ ਮੌਤ ਨੂੰ ਸਵੀਕਾਰ ਕਰਨਾ ਚਾਹੁੰਦੇ ਹੋ।" ਆਪਣੇ ਵਿਸ਼ਵਾਸ ਵਿੱਚ ਅਡੋਲ ਅਤੇ ਨਿਡਰ ਹੋ ਕੇ ਮੌਤ ਦੇ ਖਤਰੇ ਦਾ ਸਾਹਮਣਾ ਕਰਦੇ ਹੋਏ ਆਪਣੀ ਸਿੱਖੀ ਨੂੰ ਤਿਆਗਣ ਲਈ ਤਿਆਰ ਨਾ ਹੋਣ ਕਰਕੇ, ਜਲਾਦਾਂ ਨੇ ਇੱਟ ਦੀ ਕੰਧ ਬਣਾਉਣ ਲਈ ਤਿਆਰ ਕੀਤਾ।

ਲੋਕਾਂ ਨੇ ਘਬਰਾਹਟ ਨਾਲ ਦੇਖਿਆ ਅਤੇ ਰੋਇਆ ਕਿ ਕਿਵੇਂ ਇਨ੍ਹਾਂ ਛੋਟੇ ਬੱਚਿਆਂ ਨੂੰ ਤਸੀਹੇ ਦੇ ਕੇ ਮੌਤ ਦੇ ਘਾਟ ਉਤਾਰਿਆ ਜਾ ਰਿਹਾ ਹੈ। ਪਰ ਕਿਸੇ ਨੇ ਵੀ, ਕਿਸੇ ਇੱਕ ਵਿਅਕਤੀ ਨੇ ਵੀ ਇਹਨਾਂ ਭਿਆਨਕ ਅੱਤਿਆਚਾਰਾਂ ਵਿਰੁੱਧ ਕੋਈ ਵਿਰੋਧ ਜਾਂ ਬੋਲਣ ਦੀ ਹਿੰਮਤ ਨਹੀਂ ਕੀਤੀ। ਜਦੋਂ ਦੀਵਾਰ ਖੜੀ ਕੀਤੀ ਜਾ ਰਹੀ ਸੀ ਤਾਂ ਸਾਹਿਬਜ਼ਾਦਿਆਂ ਨੂੰ ਕਾਜ਼ੀ ਦੁਆਰਾ ਇਸਲਾਮ ਕਬੂਲ ਕਰਕੇ ਬਚਣ ਦਾ ਮੌਕਾ ਦਿੱਤਾ ਗਿਆ। ਪਰ ਉਹਨਾਂ ਅੰਦਰਲੀ ਗੁਰਬਾਣੀ ਦੀ ਸ਼ਕਤੀ ਅਤੇ ਅੰਮ੍ਰਿਤ ਦੀ ਤਾਕਤ ਨਾਲ ਸਾਹਿਬਜ਼ਾਦਿਆਂ ਨੇ ਜੈਕਾਰਾ ਗਜਾਇਆ, "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ!!!"

ਕਾਜ਼ੀ ਨੇ ਹੈਰਾਨੀ ਪ੍ਰਗਟ ਕੀਤੀ ਕਿ ਇਹ ਬੱਚੇ ਇੰਨੇ ਉੱਚੇ ਹੌਸਲੇ ਅਤੇ ਅਡੋਲ ਕਿਵੇਂ ਹੋ ਸਕਦੇ ਹਨ ਜਦੋਂ ਉਹ ਮੌਤ ਦਾ ਸਾਹਮਣਾ ਕਰ ਰਹੇ ਹਨ। ਸਾਹਿਬਜ਼ਾਦਿਆਂ ਨੇ ਉਸ ਵੱਲ ਦੇਖਿਆ ਅਤੇ ਕਿਹਾ, "ਕੰਧ ਨੂੰ ਜਲਦੀ ਚੁੱਕੋ ਅਤੇ ਮੁਗਲ ਰਾਜ ਨੂੰ ਜਲਦੀ ਦਫਨਾਓ। ਇੱਕ ਮਿੰਟ ਦੀ ਦੇਰੀ ਨਾ ਕਰੋ।" ਇੱਟ ਨਾਲ ਇੱਟ, ਜਦੋਂ ਕੰਧ ਉੱਚੀ ਕੀਤੀ ਜਾ ਰਹੀ ਸੀ ਤਾਂ ਸਾਹਿਬਜ਼ਾਦਿਆਂ ਨੇ ਜਪੁਜੀ ਸਾਹਿਬ ਦਾ ਪਾਠ ਕੀਤਾ। ਦਰਸ਼ਕਾਂ ਨੇ ਨਿਰਾਸ਼ਾ ਨਾਲ ਦੇਖਿਆ ਅਤੇ ਦੇਖਣ ਵਾਲੇ ਮਰਦਾਂ ਅਤੇ ਔਰਤਾਂ ਦੀਆਂ ਅੱਖਾਂ ਵਿੱਚ ਹੰਝੂ ਵਹਿ ਰਹੇ ਸਨ। ਇਹ ਸੋਚਦੇ ਹੋਏ ਕਿ ਇਹ ਛੋਟੇ ਬੱਚੇ ਜਲਦੀ ਹੀ ਡਰ ਜਾਣਗੇ ਜਦੋਂ ਉਨ੍ਹਾਂ ਨੂੰ ਪਤਾ ਲੱਗ ਜਾਵੇਗਾ ਕਿ ਉਹ ਮਰਨ ਵਾਲੇ ਹਨ, ਨਵਾਬ ਅਤੇ ਕਾਜ਼ੀ ਨੇ ਛੋਟੇ ਬੱਚਿਆਂ ਨੂੰ ਤਾਕੀਦ ਕੀਤੀ, "ਤੁਹਾਨੂੰ ਬਸ ਕਲਮਾ (ਕੁਰਾਨ ਦਾ ਇੱਕ ਅੰਸ਼) ਦਾ ਪਾਠ ਕਰਨਾ ਹੈ ਅਤੇ ਤੁਰੰਤ ਇਹ ਕੰਧ ਢਾਹ ਦਿੱਤੀ ਜਾਵੇ।" ਸਾਹਿਬਜ਼ਾਦਿਆਂ ਨੇ ਗਰਜਿਆ, "ਅਸੀਂ ਸ਼ੇਰ ਹਾਂ! ਸਾਨੂੰ ਮੌਤ ਦਾ ਖ਼ਤਰਾ ਨਹੀਂ! ਆਪਣੀ ਸਿੱਖੀ ਨੂੰ ਕਾਇਮ ਰੱਖਦੇ ਹੋਏ ਅਸੀਂ ਆਖਰੀ ਸਾਹ ਤੱਕ ਮਰਾਂਗੇ।"

ਦੇਖਦੇ ਹੀ ਦੇਖਦੇ ਲੋਕ ਰੋਂਦੇ ਹੋਏ ਕਹਿ ਰਹੇ ਸਨ ਕਿ ਧੰਨ ਹੈ ਉਹ ਮਾਂ ਜਿਸ ਨੇ ਉਨ੍ਹਾਂ ਨੂੰ ਜਨਮ ਦਿੱਤਾ। ਉਨ੍ਹਾਂ ਨੇ ਨਿਰਾਸ਼ਾ ਵਿੱਚ ਸਾਹ ਲਿਆ, "ਕੀ ਬੇਰਹਿਮੀ! ਉਹ ਅੱਲ੍ਹਾ ਦੀ ਅਦਾਲਤ ਵਿੱਚ ਆਪਣੇ ਜੁਰਮ ਦਾ ਜਵਾਬ ਕਿਵੇਂ ਦੇਣਗੇ?"

ਛੋਟੇ ਸਾਹਿਬਜ਼ਾਦਿਆਂ ਨੇ 5 ਅਤੇ 7 ਸਾਲ ਦੀ ਉਮਰ ਵਿੱਚ ਸ਼ਹੀਦੀ ਪ੍ਰਾਪਤ ਕੀਤੀ, ਪੋਤੇ-ਪੋਤੀਆਂ ਦੀ ਮੌਤ ਦੀ ਖ਼ਬਰ ਸੁਣਦਿਆਂ ਹੀ ਮਾਤਾ ਗੁਜਰੀ ਜੀ ਜੋ ਉਸ ਸਮੇਂ ਨਾਮ ਅਭਿਆਨ ਅਤੇ ਸਿਮਰਨ ਵਿੱਚ ਲੀਨ ਸਨ, ਨੇ ਆਖਰੀ ਸਾਹ ਲਿਆ। ਉਸ ਦੀ ਆਤਮਾ ਆਪਣਾ ਸਰੀਰ ਛੱਡ ਕੇ ਪਰਮ ਆਤਮਾ ਨਾਲ ਜੁੜ ਗਈ।

ਉਸ ਸ਼ਾਮ ਦੀਵਾਨ ਟੋਡਰ ਮੱਲ, ਇੱਕ ਜੌਹਰੀ, ਵਜ਼ੀਰ ਖਾਨ ਕੋਲ ਆਇਆ। ਉਸ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀਆਂ ਦੇਹਾਂ ਦਾ ਸਸਕਾਰ ਕਰਨ ਦੀ ਆਗਿਆ ਮੰਗੀ।

ਨਵਾਬ ਨੇ ਇਸ ਸ਼ਰਤ 'ਤੇ ਸਹਿਮਤੀ ਦਿੱਤੀ ਕਿ ਟੋਡਰ ਮੱਲ ਨੇ ਸਸਕਾਰ ਲਈ ਲੋੜੀਂਦੀ ਜ਼ਮੀਨ ਲਈ, ਸੋਨੇ ਦੇ ਸਿੱਕੇ ਫੈਲਾ ਕੇਜੋ ਕਿ ਜਿਨੀ ਜਮੀਨ ਨੂੰ ਢੱਕ ਦੇਵੇਗਾ ਉਨੀ ਹੀ ਜਮੀਨ ਬਦਲੇ ਭੁਗਤਾਨ ਕਰਕੇ ਉਸ ਨੂੰ ਸੰਸਕਾਰ ਕਰਨ ਲਈ ਜਮੀਨ ਦਿੱਤੀ ਜਾ ਸਕਦੀ ਹੈ।ਟੋਡਰ ਮੱਲ ਨੇ ਵਾਹਿਗੁਰੂ ਨਾਲ ਪਿਆਰ ਅਤੇ ਸ਼ਹੀਦ ਸਾਹਿਬਜ਼ਾਦਿਆਂ ਅਤੇ ਸ਼ਹੀਦ ਮਾਤਾ ਗੁਜਰੀ ਜੀ ਲਈ ਦਇਆ ਕਰਕੇ, ਉਸਨੇ ਲਾਸ਼ਾਂ ਦੇ ਸਸਕਾਰ ਲਈ ਜਗ੍ਹਾ ਚੁਣੀ ਅਤੇ ਨਵਾਬ ਲਈ ਸੋਨੇ ਦੇ ਸਿੱਕਿਆਂ ਲਈ ਜ਼ਮੀਨ ਨੂੰ ਢੱਕ ਦਿੱਤਾ।

ਤਿੰਨਾਂ ਸ਼ਹੀਦਾਂ (ਸ਼ਹੀਦਾਂ) ਦੀਆਂ ਲਾਸ਼ਾਂ ਨੂੰ ਸਨਮਾਨ ਅਤੇ ਸਤਿਕਾਰ ਨਾਲ ਸਸਕਾਰ ਲਈ ਤਿਆਰ ਕੀਤਾ ਗਿਆ ਸੀ। ਦਸੰਬਰ 1704 ਵਿੱਚ, 5 ਅਤੇ 7 ਸਾਲ ਦੇ ਬਹਾਦਰ ਬੱਚਿਆਂ ਅਤੇ ਮਾਤਾ ਗੁਜਰੀ ਕੌਰ ਜੀ ਨੇ ਮਹਾਨ ਸ਼ਹਾਦਤ ਪ੍ਰਾਪਤ ਕੀਤੀ ਅਤੇ ਦੁਨੀਆ ਨੂੰ ਦਰਸਾ ਦਿੱਤਾ ਕਿ ਕੋਈ ਵੀ ਤਾਕਤ, ਸਰਕਾਰ ਜਾਂ ਡਰ ਜਾਂ ਲਾਲਚ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਨੂੰ ਹਿਲਾ ਨਹੀਂ ਸਕਦਾ ਅਤੇ ਨਾ ਹੀ ਕੰਬ ਸਕਦਾ ਹੈ।

# ਚੋਣ ਕਾਨੂੰਨ (ਸੋਧ) ਬਿੱਲ ਪਾਸ: ਵਿਰੋਧੀ ਧਿਰ ਦੇ ਵਿਰੋਧ ਦਰਮਿਆਨ ਲੋਕ ਸਭਾ ਨੇ ਵੋਟਰ ਆਈਡੀ, ਆਧਾਰ ਕਾਰਡਾਂ ਨੂੰ ਲਿੰਕ ਕਰਨ ਲਈ ਬਿੱਲ ਪਾਸ ਕੀਤਾ

ਚੋਣ ਸੁਧਾਰ ਬਿਲ ਪਾਸ: 20 ਦਸੰਬਰ- ਕੇਂਦਰੀ ਕਾਨੂੰਨ ਮੰਤਰੀ ਕਿਰਨ ਰਿਜਿਜੂ ਨੇ ਬਿੱਲ ਪੇਸ਼ ਕੀਤਾ ਜਦੋਂ ਕਿ ਕਾਂਗਰਸ, ਡੀਐਮਕੇ ਅਤੇ ਟੀਐਮਸੀ ਦੇ ਸੰਸਦ ਮੈਂਬਰ ਸਦਨ ਦੇ ਖੂਹ ਵਿੱਚ ਖੜ੍ਹੇ ਸਨ, ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰ ਰਹੇ ਸਨ। ਚੋਣ ਕਾਨੂੰਨ (ਸੋਧ) ਬਿੱਲ, 2021 ਜੋ ਵੋਟਰ ਸੂਚੀਆਂ ਨੂੰ ਆਧਾਰ ਨੰਬਰ ਨਾਲ ਜੋੜਨ ਦੀ ਕੋਸ਼ਿਸ਼ ਕਰਦਾ ਹੈ, ਨੂੰ ਵਿਰੋਧੀ ਧਿਰ ਦੇ ਮੈਂਬਰਾਂ ਦੇ ਲਗਾਤਾਰ ਵਿਰੋਧ ਦੇ ਵਿਚਕਾਰ ਸੋਮਵਾਰ ਨੂੰ ਲੋਕ ਸਭਾ ਵਿੱਚ ਪਾਸ ਕਰ ਦਿੱਤਾ ਗਿਆ। ਬਿੱਲ ਚੋਣਕਾਰ ਰਜਿਸਟ੍ਰੇਸ਼ਨ ਅਫਸਰਾਂ ਨੂੰ ਬਿਨੈਕਾਰ ਦੀ ਪਛਾਣ ਸਥਾਪਤ ਕਰਨ ਲਈ ਵੋਟਰਾਂ ਵਜੋਂ ਰਜਿਸਟਰ ਕਰਨ ਦੇ ਚਾਹਵਾਨ ਬਿਨੈਕਾਰਾਂ ਦੇ ਆਧਾਰ ਨੰਬਰ ਮੰਗਣ ਦੀ ਇਜਾਜ਼ਤ ਦਿੰਦਾ ਹੈ। ਕਾਨੂੰਨ ਮੰਤਰੀ ਕਿਰਨ ਰਿਜਿਜੂ ਨੇ ਹਾਲਾਂਕਿ ਸਪੱਸ਼ਟ ਕੀਤਾ ਕਿ ਆਧਾਰ ਨੂੰ ਚੋਣਕਾਰ ਫੋਟੋ ਪਛਾਣ ਪੱਤਰ ਨਾਲ ਲਿੰਕ ਕਰਨਾ ਸਵੈਇੱਛਤ ਹੈ।




ਇਹ ਅਧਿਕਾਰੀਆਂ ਨੂੰ ਵੋਟਰ ਸੂਚੀ ਵਿੱਚ ਐਂਟਰੀਆਂ ਦੀ ਪ੍ਰਮਾਣਿਕਤਾ ਦੇ ਉਦੇਸ਼ਾਂ ਲਈ ਵੋਟਰ ਸੂਚੀ ਵਿੱਚ ਪਹਿਲਾਂ ਤੋਂ ਸ਼ਾਮਲ ਵਿਅਕਤੀਆਂ ਤੋਂ ਨੰਬਰ ਮੰਗਣ ਅਤੇ ਇੱਕ ਤੋਂ ਵੱਧ ਵੋਟਰ ਸੂਚੀ ਵਿੱਚ ਇੱਕੋ ਵਿਅਕਤੀ ਦੇ ਨਾਮ ਦੀ ਰਜਿਸਟ੍ਰੇਸ਼ਨ ਦੀ ਪਛਾਣ ਕਰਨ ਦੀ ਆਗਿਆ ਦੇਣ ਦੀ ਵੀ ਕੋਸ਼ਿਸ਼ ਕਰਦਾ ਹੈ। ਚੋਣ ਖੇਤਰ ਜਾਂ ਇੱਕੋ ਹਲਕੇ ਵਿੱਚ ਇੱਕ ਤੋਂ ਵੱਧ ਵਾਰ।"ਚੋਣ ਕਾਨੂੰਨ (ਸੋਧ) ਬਿੱਲ, 2021, ਜੋ ਨਕਲ ਨੂੰ ਖਤਮ ਕਰਨ ਲਈ ਵੋਟਰ ਸੂਚੀਆਂ ਨੂੰ ਆਧਾਰ ਈਕੋਸਿਸਟਮ ਨਾਲ ਜੋੜਨ ਦੀ ਕੋਸ਼ਿਸ਼ ਕਰਦਾ ਹੈ, ਨੂੰ ਵਿਰੋਧੀ ਧਿਰ ਦੇ ਵਿਰੋਧ ਦੇ ਵਿਚਕਾਰ ਸੋਮਵਾਰ ਨੂੰ ਲੋਕ ਸਭਾ ਵਿੱਚ ਪਾਸ ਕਰ ਦਿੱਤਾ ਗਿਆ।ਬਿੱਲ ਨੂੰ ਪੇਸ਼ ਕਰਦੇ ਹੋਏ ਕੇਂਦਰੀ ਕਾਨੂੰਨ ਮੰਤਰੀ ਕਿਰਨ ਰਿਜਿਜੂ ਨੇ ਕਿਹਾ ਕਿ ਇਹ ਕਾਨੂੰਨ ਦੇਸ਼ ਵਿੱਚ ਜਾਅਲੀ ਵੋਟਿੰਗ ਨੂੰ ਖਤਮ ਕਰੇਗਾ ਅਤੇ ਚੋਣ ਪ੍ਰਕਿਰਿਆ ਨੂੰ ਵਧੇਰੇ ਭਰੋਸੇਯੋਗ ਬਣਾਏਗਾ। ਰਿਜਿਜੂ ਨੇ ਬਿੱਲ ਉਦੋਂ ਵੀ ਪੇਸ਼ ਕੀਤਾ ਜਦੋਂ ਕਾਂਗਰਸ, ਡੀਐਮਕੇ ਅਤੇ ਟੀਐਮਸੀ ਦੇ ਸੰਸਦ ਮੈਂਬਰਾਂ ਨੇ ਸਦਨ ਦੇ ਵੇਲ ਵਿੱਚ ਖੜ੍ਹੇ ਹੋ ਕੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ।

ਕਾਂਗਰਸ ਦੀ ਅਗਵਾਈ ਵਾਲੀ ਵਿਰੋਧੀ ਪਾਰਟੀਆਂ ਨੇ ਬਿੱਲ ਦਾ ਵਿਰੋਧ ਕਰਦਿਆਂ ਕਿਹਾ ਕਿ ਇਹ ਨਾਗਰਿਕਾਂ ਦੇ ਬੁਨਿਆਦੀ ਅਧਿਕਾਰਾਂ ਦੀ ਉਲੰਘਣਾ ਕਰੇਗਾ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਇਹ ਬਿੱਲ ਆਧਾਰ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਦੀ ਉਲੰਘਣਾ ਕਰੇਗਾ ਅਤੇ ਬਿੱਲ ਨੂੰ ਸਥਾਈ ਕਮੇਟੀ ਕੋਲ ਭੇਜਣ ਦੀ ਮੰਗ ਕੀਤੀ।

ਇਸ ਦੌਰਾਨ ਵਿਰੋਧੀ ਪਾਰਟੀਆਂ ਵੱਲੋਂ ਸਦਨ ਦੇ 12 ਮੈਂਬਰਾਂ ਦੀ ਮੁਅੱਤਲੀ ਸਮੇਤ ਵੱਖ-ਵੱਖ ਮੁੱਦਿਆਂ 'ਤੇ ਵਿਰੋਧ ਪ੍ਰਦਰਸ਼ਨ ਜਾਰੀ ਰੱਖਣ ਕਾਰਨ ਰਾਜ ਸਭਾ ਦੀ ਕਾਰਵਾਈ ਦੂਜੀ ਵਾਰ ਬਾਅਦ ਦੁਪਹਿਰ 3 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ।

# ਗਾਂ ਇੱਕੋ ਇੱਕ ਅਜਿਹਾ ਜਾਨਵਰ ਹੈ ਜੋ ਆਕਸੀਜਨ ਛੱਡਦੀ ਹੈ: ਇਲਾਹਾਬਾਦ ਹਾਈ ਕੋਰਟ

**'ਗਊ ਆਕਸੀਜਨ ਨੂੰ ਆਕਸੀਜਨ ਛੱਡਦੀ ਹੈ', 'ਚਮੜੀ ਤੋਂ ਚਮੜੀ', 'ਕੀ ਤੁਸੀਂ ਉਸ ਨਾਲ ਵਿਆਹ ਕਰੋਗੇ' ਅਤੇ 2021 ਦੀਆਂ ਹੋਰ ਵਿਵਾਦਿਤ ਨਿਆਂਇਕ ਟਿੱਪਣੀਆਂ।**





ਹਰਦੀਪ ਸਿੰਘ ਚੁੰਬਰ
+91-94636-01616

ਗਾਂ ਇੱਕੋ ਇੱਕ ਅਜਿਹਾ ਜਾਨਵਰ ਹੈ ਜੋ ਆਕਸੀਜਨ ਛੱਡਦੀ ਹੈ: ਇਲਾਹਾਬਾਦ ਹਾਈ ਕੋਰਟ ਨੇ ਗਊ ਹੱਤਿਆ ਦੇ ਇੱਕ ਮਾਮਲੇ ਵਿੱਚ ਜ਼ਮਾਨਤ ਦੀ ਅਰਜ਼ੀ ਦਾ ਫੈਸਲਾ ਕਰਦੇ ਹੋਏ ਇਲਾਹਾਬਾਦ ਹਾਈ ਕੋਰਟ ਦੇ ਜਸਟਿਸ ਸ਼ੇਖਰ ਕੁਮਾਰ ਯਾਦਵ ਨੇ ਰਾਏ ਦਿੱਤੀ ਕਿ ਗਾਂ ਨੂੰ ਭਾਰਤ ਦਾ ਰਾਸ਼ਟਰੀ ਜਾਨਵਰ ਐਲਾਨਿਆ ਜਾਣਾ ਚਾਹੀਦਾ ਹੈ।

ਹਿੰਦੀ ਵਿੱਚ ਲਿਖੇ ਹੁਕਮ ਵਿੱਚ, ਜਸਟਿਸ ਯਾਦਵ ਨੇ ਜੋਸ਼ ਨਾਲ ਗਾਂ ਦੇ ਕਈ ਗੁਣਾਂ ਦਾ ਵਰਣਨ ਕੀਤਾ, ਇਸ ਗੱਲ 'ਤੇ ਜ਼ੋਰ ਦੇਣ ਲਈ ਕਿ ਇਹ ਗਾਂ ਰਾਸ਼ਟਰੀ ਜਾਨਵਰਦੀ ਹੱਕਦਾਰ ਹੈ।ਵਿਗਿਆਨੀਆਂ ਦਾ ਮੰਨਣਾ ਹੈ ਕਿ ਗਾਂ ਹੀ ਇੱਕ ਅਜਿਹਾ ਜਾਨਵਰ ਹੈ ਜੋ ਆਕਸੀਜਨ ਨੂੰ ਸਾਹ ਲੈਂਦੀ ਹੈ ਅਤੇ ਬਾਹਰ ਕੱਢਦੀ ਹੈ, ਜਸਟਿਸ ਯਾਦਵ ਨੇ ਹੁਕਮ ਵਿੱਚ ਕਿਹਾ, "ਪੰਚਗਵਯ, ਜੋ ਕਿ ਗਾਂ ਦੇ ਦੁੱਧ, ਦਹੀਂ, ਘਿਓ, ਪਿਸ਼ਾਬ ਅਤੇ ਗੋਬਰ ਤੋਂ ਬਣਿਆ ਹੈ, ਕਈ ਲਾਇਲਾਜ ਬਿਮਾਰੀਆਂ ਦੇ ਇਲਾਜ ਵਿੱਚ ਮਦਦ ਕਰਦਾ ਹੈ।"

ਜੱਜ ਨੇ ਅੱਗੇ ਕਿਹਾ।ਉਸਨੇ ਅੱਗੇ ਕਿਹਾ ਕਿ ਭਾਰਤ ਵਿੱਚ ਯੱਗ ਦੌਰਾਨ ਗਾਂ ਦੇ ਦੁੱਧ ਦੇ ਘਿਓ ਦੀ ਵਰਤੋਂ ਕਰਨਾ ਇੱਕ ਪਰੰਪਰਾ ਹੈ ਕਿਉਂਕਿ "ਇਸ ਨਾਲ ਸੂਰਜ ਦੀਆਂ ਕਿਰਨਾਂ ਨੂੰ ਵਿਸ਼ੇਸ਼ ਊਰਜਾ ਮਿਲਦੀ ਹੈ, ਜੋ ਅੰਤ ਵਿੱਚ ਬਾਰਸ਼ ਦਾ ਕਾਰਨ ਬਣਦੀ ਹੈ" ਇਹਨਾਂ ਟਿੱਪਣੀਆਂ ਨੇ ਸਮਾਜ ਵਿੱਚ ਹਲਚਲ ਪੈਦਾ ਕਰ ਦਿੱਤੀ। ਮੀਡੀਆ, ਕਈ ਉਪਭੋਗਤਾਵਾਂ ਨੇ ਜੱਜ ਦੇ ਨਿਰੀਖਣਾਂ ਵਿੱਚ ਵਿਗਿਆਨਕ ਅਧਾਰ ਦੀ ਪੂਰੀ ਘਾਟ ਵੱਲ ਇਸ਼ਾਰਾ ਕੀਤਾ। ਜਸਟਿਸ ਯਾਦਵ ਨੇ ਆਦੇਸ਼ ਵਿੱਚ ਦੇਖਿਆ ਕਿ ਕੋਈ ਵੀ ਵਿਅਕਤੀ ਗਾਂ ਦਾ ਮਾਸ ਖਾਣ ਦੇ ਮੌਲਿਕ ਅਧਿਕਾਰ ਦਾ ਦਾਅਵਾ ਨਹੀਂ ਕਰ ਸਕਦਾ, ਅਤੇ "ਗਊ ਰੱਖਿਆ" ਦਾ ਐਲਾਨ ਕਰਨ ਲਈ ਇੱਕ ਕਾਨੂੰਨ ਬਣਾਉਣ ਦੀ ਮੰਗ ਕੀਤੀ। ਹਿੰਦੂਆਂ ਦਾ ਇੱਕ ਮੌਲਿਕ ਅਧਿਕਾਰ"।

# ਬੁਰਾਈ ਉੱਤੇ ਚੰਗਿਆਈ ਦੀ ਜਿੱਤ ਦਾ ਪ੍ਰਤੀਕ 25 ਦਸੰਬਰ ਦੀਆਂ ਦੋ ਘਟਨਾਵਾਂ

25 ਦਸੰਬਰ ਭਾਰਤ ਵਿੱਚ ਸਮਾਜਿਕ ਨਿਆਂ ਦੇ ਲੱਖਾਂ ਪ੍ਰੇਮੀਆਂ ਲਈ ਇੱਕ ਮਹੱਤਵਪੂਰਨ ਦਿਨ ਹੈ। ਅੱਜ ਦੇ ਦਿਨ 1927 ਵਿੱਚ ਬਾਬਾ ਸਾਹਿਬ ਅੰਬੇਡਕਰ ਨੇ ਮਨੂੰ ਸਮ੍ਰਿਤੀ ਨੂੰ ਸਾੜਿਆ ਸੀ ਅਤੇ ਅਇਸੇ ਹੀ ਦਿਨ 1954 ਵਿੱਚ, ਉਨ੍ਹਾਂ ਨੇ ਦੇਹੂ ਰੋਡ ਵਿੱਚ ਬੁੱਧ ਦੀ ਮੂਰਤੀ ਸਥਾਪਤ ਕੀਤੀ ਸੀ। ਇਸ ਲਈ ਇਹ ਦਿਨ ਜਾਤੀ ਵਿਵਸਥਾ ਤੋਂ ਮੁਕਤੀ ਦੀ ਮੰਗ ਕਰਨ ਵਾਲਿਆਂ ਦੇ ਜੀਵਨ ਵਿੱਚ ਬਹੁਤ ਮਹੱਤਵਪੂਰਨ ਹੈ।

ਜਿਵੇਂ ਕਿ ਬਾਬਾ ਸਾਹਿਬ ਅੰਬੇਡਕਰ ਨੇ ਭਾਰਤ ਦੇ ਇਤਿਹਾਸ ਦਾ ਵਰਣਨ ਕੀਤਾ ਹੈ, ਉਸ ਵਿੱਚ ਬੁੱਧ ਧਰਮ ਅਤੇ ਬ੍ਰਾਹਮਣਵਾਦ ਦੇ ਟਕਰਾਅ ਤੋਂ ਇਲਾਵਾ ਹੋਰ ਕੁਝ ਨਹੀਂ ਹੈ, ਮਨੂੰ ਦੇ ਕਾਨੂੰਨ ਦੀ ਕਿਤਾਬ ਦਾ ਸਾੜਨਾ ਅਤੇ ਬੁੱਧ ਦੀ ਮੂਰਤੀ ਦੀ ਸਥਾਪਨਾ ਅਛੂਤਾਂ ਦੀ ਮੁਕਤੀ ਦੀ ਲਹਿਰ ਵਿੱਚ ਪ੍ਰਤੀਕਾਤਮਕ ਸੰਕੇਤ ਹਨ। ਬਾਬਾ ਸਾਹਿਬ ਅੰਬੇਡਕਰ ਨੇ ਇਹ ਵੀ ਪਾਇਆ ਕਿ ਛੂਤ-ਛਾਤ ਦਾ ਅਭਿਆਸ ਬੁੱਧ ਧਰਮ ਅਤੇ ਬ੍ਰਾਹਮਣਵਾਦ ਵਿਚਕਾਰ ਟਕਰਾਅ ਦਾ ਨਤੀਜਾ ਹੈ। ਉਸਨੇ ਦੱਖਣੀ ਭਾਰਤ ਦੇ ਮਹਾਨ ਇਯੋਥੀ ਥਾਸ ਵਾਂਗ ਦਾਅਵਾ ਕੀਤਾ ਕਿ ਅਛੂਤ ਬੁੱਧ ਦੇ ਪੈਰੋਕਾਰ ਸਨ। ਜੇਕਰ ਅਸੀਂ ਭਾਰਤ ਵਿੱਚ ਜਾਤ-ਪਾਤ ਦੇ ਮੂਲ ਦੇ ਨਾਲ-ਨਾਲ ਛੂਤ-ਛਾਤ ਅਤੇ ਗੁਲਾਮੀ ਦੇ ਮੂਲ ਨੂੰ ਵੇਖੀਏ, ਤਾਂ ਅਸੀਂ ਸਮਝ ਸਕਦੇ ਹਾਂ ਕਿ ਇਹ ਆਪਸ ਵਿੱਚ ਜੁੜੇ ਹੋਏ ਹਨ।

ਬ੍ਰਾਹਮਣਵਾਦ ਦੁਆਰਾ ਜਿਨ੍ਹਾਂ ਨਿਯਮਾਂ ਦੀ ਵਕਾਲਤ ਕੀਤੀ ਗਈ ਸੀ, ਉਨ੍ਹਾਂ ਨੂੰ ਮਨੂ ਦੇ ਨਿਯਮਾਂ ਦੁਆਰਾ ਕੋਡਬੱਧ ਕੀਤਾ ਗਿਆ ਸੀ। ਮਨੂ ਦੇ ਕਾਨੂੰਨ ਸਭ ਤੋਂ ਭੈੜੀ ਕਿਸਮ ਦੀ ਬਿਮਾਰੀ ਹੈ ਜਿਸ ਨੇ ਭਾਰਤ ਨੂੰ ਕਈ ਸਦੀਆਂ ਤੋਂ ਪ੍ਰਭਾਵਿਤ ਕੀਤਾ ਹੈ ਅਤੇ ਇਹ ਅਜੇ ਵੀ ਭਾਰਤ ਨੂੰ ਪਰੇਸ਼ਾਨ ਕਰ ਰਿਹਾ ਹੈ। ਮਨੂ ਦਾ ਕੋਡ, ਹੋਰ ਕੋਡਾਂ ਦੇ ਮੇਜ਼ਬਾਨਾਂ ਦੇ ਨਾਲ, ਬਲ ਅਤੇ ਸਜ਼ਾ ਦੁਆਰਾ ਲਾਗੂ ਕੀਤਾ ਗਿਆ ਸੀ। ਮਨੂੰ ਸਮ੍ਰਿਤੀ




ਦੇ ਕਾਨੂੰਨ ਬੁਰਾਈ ਹੈ ਜਿਸ ਨੇ ਮਨੁੱਖਤਾ ਨੂੰ ਪੂਰੀ ਤਰ੍ਹਾਂ ਅਤੇ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਹੈ। ਜੇਕਰ ਭਾਰਤ ਦੀਆਂ ਔਰਤਾਂ ਮਨੂ ਸਮ੍ਰਿਤੀ ਪੜ੍ਹਦੀਆਂ ਹਨ ਤਾਂ ਉਹ ਨਾ ਸਿਰਫ਼ ਮਨੂ ਸਮ੍ਰਿਤੀ ਨੂੰ ਸਾੜ ਦੇਣਗੀਆਂ ਬਲਕਿ ਮਨੂ: ਬ੍ਰਾਹਮਣਵਾਦ ਦੇ ਸਰੋਤ ਨੂੰ ਵੀ ਨਸ਼ਟ ਕਰ ਦੇਣਗੀਆਂ। ਜੇਕਰ ਸ਼ੂਦਰ, ਓ।ਬੀ।ਸੀ, ਮਨੂ ਸਮ੍ਰਿਤੀ ਨੂੰ ਪੜ੍ਹ ਲੈਣ, ਤਾਂ ਉਹ ਤੁਰੰਤ ਇਸ ਵਿਰੁੱਧ ਆਪਣੀ ਕ੍ਰਾਂਤੀ ਸ਼ੁਰੂ ਕਰ ਦੇਣਗੇ।

ਪਰ ਸ਼ੂਦਰ ਅਤੇ ਔਰਤਾਂ ਬ੍ਰਾਹਮਣਾਂ ਦੇ ਜਾਦੂ ਵਿਚ ਇੰਨੇ ਜ਼ਿਆਦਾ ਬਿਮਾਰ ਹਨ ਕਿ ਉਹਨਾਂ ਨੂੰ ਇਹ ਨਹੀਂ ਪਤਾ ਕਿ ਉਹਨਾਂ ਨੂੰ ਮਨੂੰ ਸਮ੍ਰਿਤੀ ਅਤੇ ਬ੍ਰਾਹਮਣਵਾਦੀ ਕਿਤਾਬਾਂ ਦੇ ਪ੍ਰਸ਼ਾਰ ਪਸ਼ਾਰ ਨੇ ਬਹੁਤ ਨੁਕਸਾਨ ਕੀਤਾ ਹੈ। ਉਨ੍ਹਾਂ ਨੂੰ ਜੋ ਦੱਸਿਆ ਗਿਆ ਹੈ ਉਹ ਇਹ ਹੈ ਕਿ ਉਹ ਕਿਸੇ ਸ਼ਾਨਦਾਰ ਸੱਭਿਆਚਾਰ ਦਾ ਹਿੱਸਾ ਹਨ, ਇਹ ਇੱਕ ਬਦਨਾਮ ਸੱਭਿਆਚਾਰ ਹੈ ਜਿਸ ਦੀ ਜੜ੍ਹ ਵਿੱਚ ਅਣਮਨੁੱਖੀਤਾ ਹੈ।

ਬਾਬਾ ਸਾਹਿਬ ਅੰਬੇਡਕਰ ਨੇ ਬੁੱਧ ਦਾ ਮਾਰਗ ਆਪਣੇ ਲੋਕਾਂ ਲਈ ਇੱਕ ਸਪਸ਼ਟ ਅਧਿਆਤਮਿਕ ਮਾਰਗ ਦਾ ਚਿੱਤਰ ਬਣਾਇਆ। ਬੁੱਧ ਨੇ ਨਾ ਸਿਰਫ਼ ਮਨੁੱਖੀ ਮਨਾਂ ਅਤੇ ਮਨੁੱਖੀ ਸਮਾਜਾਂ ਨੂੰ ਆਜ਼ਾਦ ਕਰਨ ਦੇ ਤਰੀਕੇ ਸਿਖਾਏ ਬਲਕਿ ਅਤੀਤ ਵਿੱਚ ਬ੍ਰਾਹਮਣਵਾਦ ਨੂੰ ਵੀ ਨਸ਼ਟ ਕੀਤਾ ਅਤੇ ਬੁੱਧ ਦੀ ਕਮਾਲ ਦੀ ਕ੍ਰਾਂਤੀ ਦਾ ਮੁਕਾਬਲਾ ਪ੍ਰਤੀਕ੍ਰਾਂਤੀ ਨਾਲ ਕੀਤਾ ਗਿਆ। ਮਨੂ ਸਮ੍ਰਿਤੀ ਬੁੱਧ ਦੀ ਮਹਾਨ ਕ੍ਰਾਂਤੀ ਦੇ ਵਿਰੁੱਧ ਪ੍ਰਤੀਕ੍ਰਾਂਤੀ ਦੀ ਕਿਤਾਬ ਹੈ। ਬ੍ਰਾਹਮਣਾਂ ਦੀ ਬੁੱਧ ਧਰਮ ਵਿਰੁੱਧ ਪ੍ਰਤੀਕ੍ਰਿਆ ਦਾ ਮੁਕਾਬਲਾ ਕਿਵੇਂ ਕੀਤਾ ਜਾਵੇ, ਇਹ ਇੱਕ ਅਹਿਮ ਸਵਾਲ ਹੈ।

ਇਸ ਦਿਨ ਸ਼ਾਨਦਾਰ ਢੰਗ ਸਪੱਸ਼ਟ ਕੀਤਾ ਗਿਆ ਹੈ: ਵਿਚਾਰਾਂ ਦੇ ਸਰੋਤਾਂ ਨੂੰ ਸਾੜੋ ਜੋ ਹਿੰਦੂਆਂ ਦੇ ਵੱਡੇ ਸਮੂਹ ਨੂੰ ਪਿਆਰੇ ਸਮਝੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਗਿਆਨ ਅਤੇ ਆਜ਼ਾਦੀ ਦੇ ਮਾਰਗ 'ਤੇ ਲੈ ਜਾਂਦੇ ਹਨ। ਇਹ 25 ਦਸੰਬਰ ਦਾ ਦਿਨ ਈਸਾ ਮਸੀਹ ਦਾ ਜਨਮ ਦਿਨ ਵੀ ਹੈ, ਜਿਸ ਨੇ ਗਰੀਬਾਂ ਅਤੇ ਦੁਖੀ ਲੋਕਾਂ ਵਿੱਚ ਆਪਣੀ ਲਹਿਰ ਸ਼ੁਰੂ ਕੀਤੀ, ਖੁਦ ਤਰਖਾਣ ਦਾ ਪੁੱਤਰ ਸੀ, ਜੋ ਲੋਕਾਂ ਦੀਆਂ ਦੁਰਦਸ਼ਾਵਾਂ ਨੂੰ ਪਹਿਲਾਂ ਹੀ ਜਾਣਦਾ ਸੀ। ਸਾਡੇ ਵਿਚਲੇ ਦਲਿਤ ਈਸਾਈਆਂ ਕੋਲ ਹੋਰ ਬਿਹਤਰ ਅਤੇ ਮਨੁੱਖੀ ਸਮਾਜ ਲਈ ਮਸੀਹ ਦੀ ਭਾਵਨਾ ਨੂੰ ਮੁੜ ਖੋਜਣ ਦਾ ਵਧੀਆ ਮੌਕਾ ਹੈ।

# ਲੁਧਿਆਣਾ ਕੋਰਟ ਕੰਪਲੈਕਸ ’ਚ ਧਮਾਕਾ, 1 ਦੀ ਮੌਤ, ਕੇਂਦਰ ਨੇ ਮੰਗੀ ਰਿਪੋਰਟ

**ਲੁਧਿਆਣਾ 23 ਦਸੰਬਰ–** ਵੀਰਵਾਰ ਨੂੰ ਲੁਧਿਆਣਾ ਕੋਰਟ ਕੰਪਲੈਕਸ ਵਿੱਚ ਇੱਕ ਸ਼ੱਕੀ ਦੀਧਮਾਕੇ ਵਿੱਚ ਇੱਕ ਦੀ ਮੌਤ ਹੋ ਗਈ ਅਤੇ ਪੰਜ ਹੋਰ ਜ਼ਖਮੀ ਹੋ ਗਏ। ਇਹ ਧਮਾਕਾ ਕਥਿਤ ਤੌਰ 'ਤੇ 12:22 ਵਜੇ ਦੇ ਕਰੀਬ ਤੀਜੀ ਮੰਜ਼ਿਲ 'ਤੇ ਸਥਿਤ ਵਾਸ਼ਰੂਮ 'ਚ ਉਸ ਸਮੇਂ ਹੋਇਆ ਜਦੋਂ ਜ਼ਿਲ੍ਹਾ ਅਦਾਲਤ ਦਾ ਕੰਮ ਚੱਲ ਰਿਹਾ ਸੀ। ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ, “ਬਹੁਤ ਜਲਦੀ ਸੱਚ ਸਾਹਮਣੇ ਆ ਜਾਵੇਗਾ। ਕੋਈ ਆਪਣੇ ਆਪ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਦੀ ਵੀ ਜਾਂਚ ਕੀਤੀ ਜਾਵੇਗੀ। ਅਸੀਂ ਕਿਸੇ ਨੂੰ ਵੀ ਸੂਬੇ ਦੀ ਅਮਨ-ਕਾਨੂੰਨ ਅਤੇ ਸ਼ਾਂਤੀ ਭੰਗ ਨਹੀਂ ਕਰਨ ਦੇਵਾਂਗੇ। ਅਜਿਹਾ ਲੱਗਦਾ ਹੈ ਕਿ ਬੰਬ ਫਿੱਟ ਕਰਨ ਵਾਲਾ ਕੋਈ ਵਿਅਕਤੀ ਮਾਰਿਆ ਗਿਆ ਹੈ।

ਸੂਤਰਾਂ ਨੇ ਕਿਹਾ ਕਿ ਇਹ ਇੱਕ "ਜ਼ਬਰਦਸਤ ਧਮਾਕਾ" ਜਾਪਦਾ ਹੈ ਕਿਉਂਕਿ ਵਾਸ਼ਰੂਮ ਦੀਆਂ ਕੰਧਾਂ ਢਹਿ ਗਈਆਂ ਅਤੇ ਖਿੜਕੀਆਂ ਦੇ ਸ਼ੀਸ਼ੇ ਟੁੱਟ ਗਏ। ਉਨ੍ਹਾਂ ਨੇ ਅੱਗੇ ਕਿਹਾ ਕਿ ਹੋ ਸਕਦਾ ਹੈ ਕਿ ਬੰਬ ਵਾਸ਼ਰੂਮ ਵਿੱਚ ਫਟਿਆ ਹੋਵੇ ਕਿਉਂਕਿ ਇਹ ਸ਼ੱਕ ਹੈ ਕਿ ਉੱਥੇ ਆਈਈਡੀ ਡਿਵਾਈਸ ਨੂੰ ਇਕੱਠਾ ਕੀਤਾ ਜਾ ਰਿਹਾ ਸੀ। ਪੁਲਿਸ ਨੇ ਇਲਾਕੇ ਨੂੰ ਘੇਰ ਲਿਆ ਹੈ ਅਤੇ ਫਾਇਰ ਟੈਂਡਰ ਮੌਕੇ 'ਤੇ ਮੌਜੂਦ ਹਨ।ਲੁਧਿਆਣਾ ਦੇ ਸੀਪੀ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। “ਅਸੀਂ ਪੁਸ਼ਟੀ ਕਰ ਰਹੇ ਹਾਂ, ਪੰਜ ਲੋਕ ਜਖਮੀ ਹੋਏ ਹਨ। ਜ਼ਖਮੀਆਂ ਨੂੰ ਹਸਪਤਾਲ ਭੇਜਿਆ ਗਿਆ ਹੈ। ਬੰਬ ਨਿਰੋਧਕ ਦਸਤਾ ਪਹੁੰਚ ਰਿਹਾ ਹੈ। ਜਾਂਚ ਹੋਣ ਤੱਕ ਖੇਤਰ ਨੂੰ ਸੀਲ ਕਰ ਦਿੱਤਾ ਜਾਵੇਗਾ, ”ਉਸਨੇ ਕਿਹਾ, ਫੋਰੈਂਸਿਕ ਟੀਮਾਂ ਧਮਾਕੇ ਵਾਲੀ ਥਾਂ ਤੋਂ ਨਮੂਨੇ ਇਕੱਤਰ ਕਰਨਗੀਆਂ।

ਕਥਿਤ ਤੌਰ 'ਤੇ ਇਹ ਧਮਾਕਾ ਇਮਾਰਤ ਦੀ ਦੂਜੀ ਮੰਜ਼ਿਲ 'ਤੇ ਇਕ ਬਾਥਰੂਮ ਦੇ ਅੰਦਰ ਦੁਪਹਿਰ 12:22 'ਤੇ ਹੋਇਆ। ਧਮਾਕੇ ਨਾਲ ਬਾਥਰੂਮ ਦੀਆਂ ਕੰਧਾਂ ਨੂੰ ਨੁਕਸਾਨ ਪਹੁੰਚਿਆ ਅਤੇ ਇਮਾਰਤ ਦੇ ਇੱਕ ਹਿੱਸੇ ਨੂੰ ਫਟ ਗਿਆ, ਇਸ ਤੋਂ ਇਲਾਵਾ ਨੇੜਲੇ ਕਮਰਿਆਂ ਦੇ ਸ਼ੀਸ਼ੇ ਵੀ ਟੁੱਟ ਗਏ। ਜਦੋਂ ਧਮਾਕਾ ਹੋਇਆ ਤਾਂ ਜ਼ਿਲ੍ਹਾ ਅਦਾਲਤ ਵਿੱਚ ਭੀੜ ਸੀ ਅਤੇ ਕੰਮ ਚੱਲ ਰਿਹਾ ਸੀ।ਵਿਜ਼ੂਅਲ ਵਿੱਚ, ਜ਼ਖਮੀ ਲੋਕਾਂ ਨੂੰ ਇਮਾਰਤ ਤੋਂ ਬਾਹਰ ਕੱਢਿਆ ਗਿਆ ਸੀ ਅਤੇ ਪੁਲਿਸ ਕੰਪਲੈਕਸ ਤੋਂ ਲੋਕਾਂ ਨੂੰ ਹਟਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਜ਼ਖਮੀਆਂ 'ਚੋਂ ਦੋ ਔਰਤਾਂ ਅਤੇ ਤਿੰਨ ਪੁਰਸ਼ ਹਨ।



ਲੁਧਿਆਣਾ ਦੇ ਥਾਣਾ ਮੁਖੀ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਇੱਕ ਲਾਸ਼ ਬਰਾਮਦ ਹੋਈ ਹੈ। "ਸ਼ਾਇਦ ਉਹ ਵਿਅਕਤੀ ਜਾਂ ਤਾਂ ਵਿਸਫੋਟਕ ਲੈ ਕੇ ਜਾ ਰਿਹਾ ਸੀ ਜਾਂ ਉਸ ਦੇ ਬਹੁਤ ਨੇੜੇ ਸੀ। ਅਸੀਂ ਦਿੱਲੀ ਤੋਂ ਐਨਐਸਜੀ ਟੀਮ ਦੇ ਆਉਣ ਦੀ ਉਡੀਕ ਕਰ ਰਹੇ ਹਾਂ। ਚਾਰ ਜ਼ਖ਼ਮੀ ਖਤਰੇ ਤੋਂ ਬਾਹਰ ਹਨ," ਉਸਨੇ ਅੱਗੇ ਕਿਹਾ।ਇਹ ਘਟਨਾ ਲੁਧਿਆਣਾ ਸ਼ਹਿਰ ਦੇ ਮੱਧ ਵਿਚ ਡਿਪਟੀ ਕਮਿਸ਼ਨਰ ਆਫ਼ ਪੁਲਿਸ ਦੇ ਦਫ਼ਤਰ ਦੇ ਐਨ ਨੇੜੇ ਇਕ ਇਮਾਰਤ ਵਿਚ ਸੁਰੱਖਿਆ ਦੀ ਵੱਡੀ ਕਮੀ ਨੂੰ ਉਜਾਗਰ ਕਰਦੀ ਹੈ। ਜਾਂਚ ਇਸ ਗੱਲ 'ਤੇ ਕੇਂਦਰਿਤ ਕੀਤੀ ਜਾ ਰਹੀ ਹੈ ਕਿ ਸੁਰੱਖਿਆ ਦੇ ਬਾਵਜੂਦ ਅਦਾਲਤੀ ਕੰਪਲੈਕਸ ਵਿਚ ਵਿਸਫੋਟਕਾਂ ਦੀ ਤਸਕਰੀ ਕਿਵੇਂ ਕੀਤੀ ਗਈ।

ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਜਾਂ ਐਨਆਈਏ ਦੀ ਇਕ ਟੀਮ ਨੂੰ ਧਮਾਕੇ ਵਾਲੀ ਥਾਂ 'ਤੇ ਭੇਜਿਆ ਗਿਆ ਹੈ।ਮੁੱਖ ਮੰਤਰੀ ਚਰਨਜੀਤ ਚੰਨੀ ਨੇ ਧਮਾਕੇ ਦੀ ਨਿੰਦਾ ਕੀਤੀ ਹੈ ਅਤੇ ਲੋਕਾਂ ਨੂੰ ਸ਼ਾਂਤ ਰਹਿਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਜੋ ਵੀ ਸੂਬੇ ਦੀ ਸ਼ਾਂਤੀ ਅਤੇ ਸਦਭਾਵਨਾ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰੇਗਾ, ਉਸ 'ਤੇ ਕਾਰਵਾਈ ਕੀਤੀ ਜਾਵੇਗੀ।ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਇਸ ਘਟਨਾ 'ਤੇ ਸਭ ਤੋਂ ਪਹਿਲਾਂ ਪ੍ਰਤੀਕਿਰਿਆ ਦੇਣ ਵਾਲੇ ਲੋਕਾਂ ਵਿੱਚੋਂ ਸਨ, ਜੋ ਕਿ ਅਗਲੇ ਸਾਲ ਦੇ ਸ਼ੁਰੂ ਵਿੱਚ ਹੋਣ ਵਾਲੀਆਂ ਪੰਜਾਬ ਚੋਣਾਂ ਲਈ ਜ਼ੋਰਦਾਰ ਮੁਹਿੰਮ ਦੇ ਮੱਧ ਵਿੱਚ ਵਾਪਰੀ ਹੈ। ਇੱਕ ਟਵੀਟ ਵਿੱਚ ਸ਼੍ਰੀਮਾਨ ਸਿੰਘ ਨੇ ਪੰਜਾਬ ਪੁਲਿਸ ਨੂੰ ਘਟਨਾ ਦੀ ਬਾਰੀਕੀ ਨਾਲ ਜਾਂਚ ਕਰਨ ਲਈ ਕਿਹਾ ਹੈ।

ਇਸ ਸਾਲ ਦੇ ਸ਼ੁਰੂ ਵਿੱਚ ਮੁੱਖ ਮੰਤਰੀ ਵਜੋਂ, ਸ਼੍ਰੀਮਾਨ ਸਿੰਘ ਨੇ ਪਾਕਿਸਤਾਨ ਸਮਰਥਿਤ ਅੱਤਵਾਦੀ ਬਲਾਂ ਤੋਂ ਸੂਬੇ ਨੂੰ ਖ਼ਤਰੇ ਬਾਰੇ ਚਿੰਤਾ ਜ਼ਾਹਰ ਕੀਤੀ ਸੀ ਅਤੇ ਸੁਰੱਖਿਆ ਲਈਸੀਮਾ ਸੁਰੱਖਿਆ ਬਲ (ਬੀਐਸਐਫ) ਲਈ ਕੇਂਦਰੀ ਹਥਿਆਰਬੰਦ ਪੁਲਿਸ ਬਲਾਂ (ਸੀਏਪੀਐਫ) ਦੀਆਂ 25 ਕੰਪਨੀਆਂ ਅਤੇ ਡਰੋਨ ਵਿਰੋਧੀ ਯੰਤਰਾਂ ਦੀ ਮੰਗ ਕੀਤੀ ਸੀ।ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਟਵੀਟ ਕੀਤਾ, "ਪਹਿਲਾਂ ਬੇਅਦਬੀ, ਹੁਣ ਧਮਾਕਾ। ਕੁਝ ਲੋਕ ਪੰਜਾਬ ਦੀ ਸ਼ਾਂਤੀ ਨੂੰ ਤਬਾਹ ਕਰਨਾ ਚਾਹੁੰਦੇ ਹਨ ਪਰ ਅਸੀਂ ਅਜਿਹੇ ਮਨਸੂਬਿਆਂ ਨੂੰ ਕਾਮਯਾਬ ਨਹੀਂ ਹੋਣ ਦੇਵਾਂਗੇ। ਸਾਨੂੰ ਇਕੱਠੇ ਖੜੇ ਹੋਣਾ ਚਾਹੀਦਾ ਹੈ," ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਟਵੀਟ ਕੀਤਾ।2017 ਵਿੱਚ, ਇੱਕ ਕਾਂਗਰਸੀ ਉਮੀਦਵਾਰ ਦੇ ਚੋਣ ਪ੍ਰਚਾਰ ਸਥਾਨ ਦੇ ਨੇੜੇ ਇੱਕ ਧਮਾਕੇ ਵਿੱਚ ਤਿੰਨ ਬੱਚਿਆਂ ਸਮੇਤ ਛੇ ਵਿਅਕਤੀ ਮਾਰੇ ਗਏ ਸਨ।

ਆਏ ਦਿਨ ਅਸੀਂ ਨਸ਼ਿਆਂ ਦੇ ਦਲਾਲਾਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ, ਪਹਿਲਾਂ ਅੰਮ੍ਰਿਤਸਰ ਅਤੇ ਫਿਰ ਕਪੂਰਥਲਾ ਵਿੱਚ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ। ਕਪੂਰਥਲਾ ਵਿੱਚ ਕੋਈ ਬੇਅਦਬੀ ਨਹੀਂ ਹੋਈ। ਲੁਧਿਆਣਾ ਧਮਾਕੇ ਵਿੱਚ ਮਰਨ ਵਾਲਾ ਵਿਅਕਤੀ ਸ਼ਾਇਦ ਬੰਬ ਚਲਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਸਾਡੀਆਂ ਏਜੰਸੀਆਂ ਜਾਂਚ ਕਰ ਰਹੀਆਂ ਹਨ। ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਏਜੰਸੀਆ ਨੂੰ ਖਦਸ਼ਾ ਹੈ ਕਿ ਸੂਬੇ ਵਿੱਚ ਚੋਣਾਂ ਹੋਣ ਕਾਰਨ ਅਜਿਹੀਆਂ ਗਤੀਵਿਧੀਆਂ ਸੂਬੇ ਵਿੱਚ ਹੋ ਸਕਦੀਆਂ ਹਨ।

ਪੰਜਾਬ ਦੇ ਮੁੱਖ ਮੰਤਰੀ,ਸਾਰੇ ਪਹਿਲੂਆਂ 'ਤੇ ਹੋਵੇਗੀ ਜਾਂਚ: ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਲੁਧਿਆਣਾ ਬੰਬ ਧਮਾਕੇ ਦੀ ਘਟਨਾ 'ਤੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ, "ਅੱਜ ਦੀ ਬੰਬ ਧਮਾਕੇ ਦੀ ਘਟਨਾ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ ਪੰਜ ਹੋਰ ਜ਼ਖਮੀ ਹੋਏ ਹਨ, ਬਹੁਤ ਜਲਦੀ ਸੱਚਾਈ ਸਾਹਮਣੇ ਆ ਜਾਵੇਗੀ। ਕੋਈ ਆਪਣੇ ਆਪ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਅਜਿਹਾ ਵੀ ਹੋਵੇਗਾ। ਜਾਂਚ ਕੀਤੀ ਜਾਵੇ। ਅਸੀਂ ਕਿਸੇ ਨੂੰ ਵੀ ਸੂਬੇ ਦੀ ਅਮਨ-ਕਾਨੂੰਨ ਅਤੇ ਸ਼ਾਂਤੀ ਭੰਗ ਨਹੀਂ ਕਰਨ ਦੇਵਾਂਗੇ। ਲੱਗਦਾ ਹੈ ਕਿ ਬੰਬ ਫਿੱਟ ਕਰਨ ਵਾਲਾ ਕੋਈ ਵਿਅਕਤੀ ਮਾਰਿਆ ਗਿਆ ਹੈ।"

ਕੇਂਦਰੀ ਏਜੰਸੀਆਂ ਰੋਜ਼ਾਨਾ ਅਧਾਰ 'ਤੇ ਸਰਹੱਦੀ ਰਾਜ ਦੀ ਸਰਕਾਰ ਨੂੰ ਅਲਰਟ ਭੇਜ ਰਹੀਆਂ ਹਨ, ਸੂਤਰਾਂ ਨੇ ਕਿਹਾ ਕਿ ਹਾਲ ਹੀ ਵਿੱਚ ਕੱਟੜਪੰਥੀ ਸਮੂਹਾਂ ਦੁਆਰਾ ਸੰਭਾਵਿਤ ਦਖਲਅੰਦਾਜ਼ੀ 'ਤੇ ਇੰਟੈਲ ਭੇਜਿਆ ਗਿਆ ਸੀ।

# ਕੀ ਪੰਜਾਬ ਵੀ ਯੂ.ਪੀ. ਦੀਆਂ ਰਾਹਾਂ ਤੇ ਤੋਰ ਦਿੱਤਾ ਜਾਏਗਾ?



ਗੁਰਮੀਤ ਪਲਾਹੀ
91-98158-02070

ਵਾਰਾਨਸੀ 'ਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਹਿੰਦੂ ਧਰਮ ਅਤੇ ਭਗਵਾਨ ਸ਼ਿਵ ਦੇ ਦਾਰਸ਼ਨਿਕ ਪੱਖ ਦੀ ਗੱਲ ਨਹੀਂ ਕੀਤੀ, ਸਗੋਂ ਸਿੱਧੇ-ਸਿੱਧੇ ਔਰੰਗਜ਼ੇਬ ਅਤੇ ਸਾਲਾਰ ਮਸੂਦ ਦਾ ਨਾਂ ਲੈ ਕੇ ਸੰਪਰਦਾਇਕ ਵੰਡ ਦਾ ਦਾਅ ਚੱਲਿਆ ਹੈ। ਯੂ.ਪੀ. ਦੀਆਂ ਚੋਣਾਂ ਜਿੱਤਣ ਲਈਂ ਹਿੰਦੂ ਧਰਮ ਦੇ ਰਖਵਾਲੇ "ਡਬਲ ਇੰਜਨ" "ਮੋਦੀ ਤੇ ਜੋਗੀ" ਦੱਸ ਰਹੇ ਕਿ ਉਹਨਾ ਰਾਮ ਮੰਦਿਰ ਦਾ ਨਿਰਮਾਣ ਕੀਤਾ ਹੈ। ਵਿਸ਼ਵਾਨਾਥ ਮੰਦਿਰ ਦਾ ਵਿਹੜਾ ਸਜਾਇਆ ਹੈ

ਮੋਦੀ ਤੇ ਯੋਗੀ ਸੰਦੇਸ਼ ਦੇ ਰਹੇ ਹਨ ਕਿ ਧਾਰਮਿਕ ਆਸਥਾ ਤੋਂ ਬਿਨ੍ਹਾਂ ਦੇਸ਼ ਭਗਤੀ ਕਾਹਦੀ? ਉਹਨਾ ਦੇ ਇਹਨਾਂ ਪਰਵਚਨਾਂ ਤੋਂ ਪ੍ਰਭਾਵਤ ਹੋ ਕੇ ਅਰਧ ਸਿਖਿਅਤ ਹਿੰਦੂ, ਮੁਸਲਮਾਨਾਂ ਨੂੰ ਔਰੰਗਜ਼ੇਬ ਦੇ ਕੀਤੇ ਜ਼ੁਲਮਾਂ ਕਾਰਨ ਦੰਡਿਤ ਕਰਨਾ ਚਾਹੁੰਦੇ ਹਨ। ਮੋਦੀ ਤੇ ਜੋਗੀ ਯੂਪੀ ਦੇ ਲੋਕਾਂ ਨੂੰ ਇਹ ਅਹਿਸਾਸ ਕਰਾਉਣਾ ਚਾਹੁੰਦੇ ਹਨ ਅਤੇ ਕਹਿ ਰਹੇ ਹਨ ਭੁਲ ਜਾਉ ਯੂ.ਪੀ. ਵਾਲਿਓ ਕਿ ਕੁਝ ਮਹੀਨੇ ਪਹਿਲਾਂ ਗੰਗਾ ਜੀ 'ਚ ਲਾਸ਼ਾਂ ਵਹਿ ਰਹੀਆਂ ਸਨ। ਭੁਲ ਜਾਉ ਕਿ ਹਸਪਤਾਲਾਂ 'ਚ ਮਹਾਂਮਾਰੀ ਵੇਲੇ ਬਿਸਤਰ ਨਹੀਂ ਸਨ, ਦਵਾਈਆਂ ਨਹੀਂ ਸਨ, ਆਕਸੀਜਨ ਨਹੀਂ ਸੀ ਅਤੇ ਹਾਥਰਸ, ਲਖੀਮਪੁਰ ਦੀ ਘਟਨਾ ਵੀ ਭੁਲ ਜਾਉ। ਉਹ ਆਯੋਧਿਆ ਅਤੇ ਕਾਸ਼ੀ ਦਾ ਇੰਜ ਪ੍ਰਚਾਰ ਕਰ ਰਹੇ ਹਨ ਕਿ ਲੋਕਾਂ ਨੂੰ ਕੱਪੜੇ, ਮਕਾਨ, ਰੋਟੀ ਦੀ ਚਿੰਤਾ ਘੱਟ ਰਹੇ ਅਤੇ ਮਜ਼ਹਬ ਦੀ ਚਿੰਤਾ ਵੱਧ ਰਹੇ ਅਤੇ ਉਹ ਮੁਸਲਮਾਨ ਅਤੇ ਹੋਰ ਘੱਟ ਗਿਣਤੀਆਂ ਤੋਂ ਦੂਰੀ ਬਣਾਕੇ ਸਿਰਫ਼ ਤੇ ਸਿਰਫ਼ ਭਾਜਪਾ ਨੂੰ ਯੂ.ਪੀ. 'ਚ ਵੋਟ ਦੇਣ। ਇਸੇ ਕਿਸਮ ਦਾ ਧਾਰਮਿਕ ਧਰੁਵੀਕਰਨ ਮੋਦੀ ਦੀ ਭਾਜਪਾ ਨੇ ਪਿਛਲੀਆਂ ਚੋਣਾਂ 'ਚ ਪੈਦਾ ਕਰ ਦਿੱਤਾ ਸੀ ਅਤੇ ਵਿਧਾਨ ਸਭਾ ਚੋਣਾਂ ਵੇਲੇ ਵੀ ਅਤੇ ਲੋਕ ਸਭਾ ਚੋਣਾ ਵੇਲੇ ਵੀ ਵੱਡੀ ਜਿੱਤ ਪ੍ਰਾਪਤ ਕੀਤੀ ਸੀ।

**ਪੰਜਾਬ ਅਤੇ ਬੇਅਦਬੀ ਦੀਆਂ ਘਟਨਾਵਾਂ**

ਕੀ ਪੰਜਾਬ ਵੀ ਉਤੇ ਰਾਹ ਤੇ ਹਾਕਮਾਂ ਵਲੋਂ ਤੋਰ ਦਿੱਤਾ ਜਾਏਗਾ। ਸ੍ਰੀ ਗੁਰੂ ਗ੍ਰੰਥ ਸਹਿਬ ਦੀਆਂ ਬੇਅਦਬੀ ਦੀਆਂ ਘਟਨਾਵਾਂ ਕੀ ਇਹੋ ਸੰਦੇਸ਼ ਤਾਂ ਨਹੀਂ ਪ੍ਰਗਟ ਕਰ ਰਹੀਆਂ। ਸਰਬ ਪ੍ਰਵਾਨਤ ਸ੍ਰੀ ਹਰਮਿੰਦਰ ਸਾਹਿਬ 'ਚ ਘਿਨੌਣੇ ਢੰਗ ਨਾਲ ਬੇਅਦਬੀ ਦਾ ਯਤਨ, ਜਿਸ ਨਾਲ ਹਿਰਦੇ ਵਲੂੰਧਰੇ ਗਏ ਹਨ, ਕੀ ਕੋਈ ਡੂੰਘੀ ਸਾਜ਼ਿਸ਼ ਤਾਂ ਨਹੀਂ ਹੈ? ਪੰਜਾਬ ਵਿੱਚ ਪਹਿਲਾਂ ਵਾਪਰੀਆਂ ਹਿਰਦੇ ਵਰਧਕ ਬੇਅਦਬੀ ਦੀਆਂ ਘਟਨਾਵਾਂ 'ਚ ਸ਼ਾਮਲ ਲੋਕਾਂ ਨੂੰ ਸਾਹਮਣੇ ਲਿਆਉਣ ਦੀ ਥਾਂ ਸਿਆਸੀ ਖੇਡ ਖੇਡੀ ਜਾ ਰਹੀ ਹੈ। ਇੰਨੇ ਸਾਲ ਬੀਤਣ ਬਾਅਦ ਵੀ ਦੋਸ਼ੀਆਂ ਦੇ ਚਿਹਰੇ ਨੰਗੇ ਨਹੀਂ ਹੋਏ, ਉਹਨਾ ਨੂੰ ਸਜ਼ਾਵਾਂ ਨਹੀਂ ਦਿੱਤੀਆਂ ਗਈਆਂ ਸਿੱਟੇ ਵਜੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੀ ਅਤੇ ਫਿਰ ਕਪੂਰਥਲਾ ਦੇ ਪਿੰਡ ਨਿਜ਼ਾਮਪੁਰ 'ਚ ਵਾਪਰੀ ਘਟਨਾ ਕਾਰਨ ਲੋਕਾਂ 'ਚ ਭਾਰੀ ਰੋਹ ਵੇਖਣ ਨੂੰ ਮਿਲਿਆ ਅਤੇ ਉਥੇ ਹਾਜ਼ਰ ਲੋਕਾਂ ਨੇ ਪੁਲਿਸ ਪ੍ਰਸ਼ਾਸ਼ਨ ਜਾਂ ਸਰਕਾਰ ਉਤੇ ਯਕੀਨ ਕਰਨ ਦੀ ਥਾਂ, ਆਪ ਸਿੱਧੀ ਕਾਰਵਾਈ ਕਰਨ ਨੂੰ ਤਰਜ਼ੀਹ ਦਿੱਤੀ।

ਪੰਜਾਬ ਦਾ ਮਾਹੌਲ ਇਹਨਾ ਘਟਨਾਵਾਂ ਨਾਲ ਬਹੁਤ ਹੀ ਭਾਵੁਕ ਹੋ ਚੁੱਕਾ ਹੈ। ਇਹ ਪੰਜਾਬ ਦੇ ਸ਼ਾਂਤਮਈ ਮਾਹੌਲ ਨੂੰ ਭੰਗ ਕਰਨ ਦੀਆਂ ਕੋਸ਼ਿਸ਼ਾਂ ਹਨ। ਲੋਕ ਲਗਾਤਾਰ ਮੰਗ ਕਰ ਰਹੇ ਹਨ ਕਿ ਇਹ ਪਤਾ ਲਗਾਇਆ ਜਾਣਾ ਚਾਹੀਦਾ ਹੈ ਕਿ ਇਹਨਾ ਘਟਨਾਵਾਂ ਪਿੱਛੇ ਕਿਹੜੀਆਂ ਤਾਕਤਾਂ ਹਨ? ਉਹਨਾ ਦਾ ਪਰਦਾਫਾਸ਼ ਕੀਤਾ ਜਾਣਾ ਚਾਹੀਦਾ ਹੈ।


ਸਵਾਲ ਇਹ ਵੀ ਉੱਠਦਾ ਹੈ ਕਿ ਚੋਣਾਂ ਤੋਂ ਐਨ ਪਹਿਲਾਂ ਇਹੋ ਜਿਹੀਆਂ ਘਟਨਾਵਾਂ ਆਖ਼ਿਰ ਕਿਉਂ ਵਾਪਰਦੀਆਂ ਹਨ? ਮਾਹੌਲ ਨੂੰ ਫ਼ਿਰਕੂ ਰੰਗਤ ਦੇਣ ਜਾਂ ਸਰਹੱਦਾਂ ਉਤੇ ਮਾਹੌਲ 'ਚ ਤਣਾਅ ਕਿਉਂ ਵੱਧ ਜਾਂਦਾ ਹੈ? ਡਰੋਨ ਹਮਲੇ ਕਿਉਂ ਤੇਜ਼ ਹੋ ਜਾਂਦੇ ਹਨ? ਕੀ ਇਹ ਵਿਦੇਸ਼ੀ ਤਾਕਤਾਂ ਦਾ ਕੋਈ ਕਾਰਾ ਹੈ ਜਾਂ ਦੇਸੀ ਤਾਕਤਾਂ ਦਾ ਕਾਰਾ ਹੈ, ਜਿਹੜੀਆਂ ਸਿਆਸੀ ਲਾਹਾ ਲੈਣ ਦੀ ਤਾਕ ਵਿੱਚ ਬੈਠੀਆਂ ਹਨ ਅਤੇ ਪੰਜਾਬ ਦੀ ਧਰਤੀ ਦੇ ਲੋਕਾਂ ਨੂੰ ਫ਼ਿਰਕੂ ਰੰਗ 'ਚ ਰੰਗਕੇ ਇਥੋਂ ਦੇ ਭਾਈਚਾਰਕ ਤਾਣੇ-ਬਾਣੇ ਨੂੰ ਤਹਿਸ਼-ਨਹਿਸ਼ ਕਰਕੇ ਸਭ ਕੁਝ ਆਪਣੇ ਹੱਥਾਂ ਵਿੱਚ ਕਰ ਲੈਣਾ ਚਾਹੁੰਦੀਆਂ ਹਨ।

**ਸਿਆਸਤਦਾਨਾਂ ਦੀਆਂ ਚਾਲਾਂ**

ਅੱਜ ਪੰਜਾਬ ਸਿਆਸਤਦਾਨਾਂ ਦੀਆਂ ਸਿਆਸੀ ਚਾਲਾਂ ਕਾਰਨ ਬੁਰੀ ਤਰ੍ਹਾਂ ਤਬਾਹ ਹੋ ਰਿਹਾ ਹੈ। ਕੇਂਦਰੀ ਹਾਕਮਾਂ ਨੇ ਸਮੇਂ ਸਮੇਂ ਘੁੱਗ ਵਸਦੇ ਪੰਜਾਬ ਦੀ ਤਬਾਹੀ ਦੀ ਦਾਸਤਾਨ ਲਿਖੀ ਹੈ। ਪੰਜਾਬ ਲਈ '47 ਲਿਖਿਆ, '84 ਪੱਲੇ ਪਾਇਆ, ਖਾੜਕੂਵਾਦ ਵਾਲੇ ਹਾਲਾਤ ਪੈਦਾ ਕੀਤੇ, ਨੌਜਵਾਨਾਂ ਨੂੰ ਨਸ਼ਿਆਂ ਦੇ ਰਾਹ ਪਾਇਆ ਅਤੇ ਫਿਰ ਖੇਤੀ ਕਾਨੂੰਨ ਲਾਗੂ ਕਰਕੇ ਪੰਜਾਬ ਦੇ ਕਿਸਾਨਾਂ ਦੀ ਜ਼ਮੀਨ ਖੋਹਣ ਦੀ ਸਾਜ਼ਿਸ਼ ਰਚੀ। ਸਿੱਟੇ ਵਜੋਂ ਪੰਜਾਬ ਦੀ ਆਰਥਿਕਤਾ ਤਬਾਹੀ ਦੇ ਕੰਢੇ ਪਈ ਹੈ।

**ਪੰਜਾਬ ਦੀ ਡਾਵਾਂਡੋਲ ਆਰਥਿਕ ਸਥਿਤੀ**

ਪੰਜਾਬ ਦੀ ਆਰਥਿਕਤਾ ਅੱਜ ਐਨੀ ਡਾਵਾਂਡੋਲ ਹੋ ਗਈ ਹੈ ਕਿ ਵਿਦੇਸ਼ੀ ਨਿਵੇਸ਼, ਨਿਰਯਾਤ, ਘਰੇਲੂ ਉਤਪਾਦਨ, ਜੀ.ਡੀ.ਪੀ., ਬੇਰੁਜ਼ਗਾਰੀ ਤੇ ਜੀ.ਐਸ.ਟੀ. ਦੀ ਉਗਰਾਹੀ ਵਿੱਚ ਪੰਜਾਬ ਦੇਸ਼ ਦੇ ਹੋਰ ਰਾਜਾਂ ਤੋਂ ਪੱਛੜ ਗਿਆ ਹੈ। ਕਿਸਾਨਾਂ ਨੂੰ ਜਦੋਂ ਅੰਦੋਲਨ ਦੇ ਰਸਤੇ ਕੇਂਦਰ ਦੀ ਸਰਕਾਰ ਨੇ ਮਜ਼ਬੂਰਨ ਤੋਰ ਦਿੱਤਾ ਤਾਂ ਇਸ ਇੱਕ ਸਾਲ ਦੇ ਅਰਸੇ 'ਚ ਦੇਸ਼ ਦੇ ਸਨਅੱਤਕਾਰਾਂ, ਵਪਾਰੀਆਂ ਤੇ ਕਾਰੋਬਾਰੀਆਂ ਨੂੰ 60 ਹਜ਼ਾਰ ਕਰੋੜ ਦਾ ਨੁਕਸਾਨ ਹੋਇਆ। ਇਸ ਨੁਕਸਾਨ ਦਾ ਵੱਡਾ ਹਿੱਸਾ ਪੰਜਾਬ ਨੂੰ ਝੱਲਣਾ ਪਿਆ ਹੈ। ਇਸ ਵੇਲੇ ਪੰਜਾਬ ਦੀ ਸਲਾਨਾ ਮਿਸ਼ਰਤ ਵਿਕਾਸ ਦਰ 6.31 ਫ਼ੀਸਦੀ ਹੈ ਜਦਕਿ ਦਿੱਲੀ ਦੀ 7.70 ਫ਼ੀਸਦੀ ਅਤੇ ਉਤਰਪ੍ਰਦੇਸ਼ ਦੀ 11.39 ਫ਼ੀਸਦੀ ਹੈ। ਵਿਦੇਸ਼ੀ ਨਿਵੇਸ਼ ਹਰਿਆਣਾ ਵਿੱਚ 91.9 ਅਰਬ ਡਾਲਰ ਹੋਇਆ, ਦਿੱਲੀ ਵਿੱਚ 101.88 ਅਰਬ ਡਾਲਰ ਹੋਇਆ ਪਰ ਪੰਜਾਬ 'ਚ ਬਹੁਤਾ ਨਿਵੇਸ਼ ਨਹੀਂ ਹੋਇਆ।




ਪੰਜਾਬ 'ਚ 2017 ਵਿੱਚ ਘਰੇਲੂ ਉਤਪਾਦਨ 65.58 ਫ਼ੀਸਦੀ ਸੀ ਹੁਣ ਘਟਕੇ 64.99 ਫ਼ੀਸਦੀ ਹੈ ਜਦਕਿ ਹਰਿਆਣਾ ਵਿੱਚ 90.87 ਤੋਂ ਵੱਧਕੇ 94.30 ਫ਼ੀਸਦੀ ਹੋ ਗਿਆ ਹੈ। ਪੰਜਾਬ ਤੋਂ 5.29 ਅਰਬ ਡਾਲਰ, ਹਰਿਆਣਾ ਤੋਂ 11.60 ਅਰਬ ਡਾਲਰ ਅਤੇ ਉੱਤਰ ਪ੍ਰਦੇਸ਼ ਤੋਂ 12.93 ਅਰਬ ਡਾਲਰ ਨਿਰਯਾਤ ਹੁੰਦਾ ਹੈ। ਜਿਸ ਤੋਂ ਸਪਸ਼ਟ ਹੈ ਕਿ ਪੰਜਾਬ ਦੀ ਸਿੰਗਲ ਵਿੰਡੋ ਯੋਜਨਾ ਸਿਰਫ਼ ਅੱਖੀ ਘੱਟਾ ਪਾਉਣ ਵਾਲੀ ਹੈ, ਜਦਕਿ ਯੂ.ਪੀ., ਦਿੱਲੀ, ਹਰਿਆਣਾ ਵਿੱਚ ਇਹ ਸੁਚੱਜੇ ਢੰਗ ਨਾਲ ਚਲਦੀ ਹੈ।

**ਪੰਜਾਬ ਹਰ ਪੱਖੋਂ ਪਛੜਿਆ**

ਪੰਜਾਬ ਜੀ.ਡੀ.ਪੀ. 'ਚ ਇੱਕ ਨੰਬਰ ਤੋਂ 17ਵੇਂ ਨੰਬਰ ਤੇ ਪੁੱਜ ਗਿਆ। ਪ੍ਰਤੀ ਵਿਅਕਤੀ ਆਮਦਨ ਵਿੱਚ ਪੰਜਾਬ ਕਦੇ ਤੀਜੇ ਨੰਬਰ ਤੇ ਸੀ, ਹੁਣ ਪੱਛੜਕੇ 19ਵੇਂ ਨੰਬਰ ਤੇ ਚਲੀ ਗਈ ਹੈ। ਪੰਜਾਬ 'ਚ ਕਰਜ਼ੇ ਦਾ ਬੋਝ 2007 ਤੋਂ 2017 ਤੱਕ 51009 ਕਰੋੜ ਸੀ, ਜਦੋਂ ਹੁਣ 2018 ਤੋਂ 2021 ਤੱਕ 2,82,000 ਕਰੋੜ ਹੋ ਗਿਆ ਹੈ। ਪੰਜਾਬ ਬੇਰਜ਼ੁਗਾਰੀ ਵਿੱਚ ਉਪਰਲੇ ਪੰਜ ਸੂਬਿਆਂ 'ਚ ਸ਼ੁਮਾਰ ਹੋ ਗਿਆ ਹੈ। ਪੰਜਾਬ ਅੰਦਰ 2010 -11 ਵਿੱਚ ਵੈਟ ਦੀ ਉਗਰਾਹੀ 12,200 ਕਰੋੜ ਸੀ ਅਤੇ ਹਰਿਆਣਾ 'ਚ 11,082 ਕਰੋੜ। ਹੁਣ 2021 ਵਿੱਚ ਹਰਿਆਣਾ 'ਚ ਉਗਰਾਹੀ 66000 ਕਰੋੜ ਹੈ ਅਤੇ ਪੰਜਾਬ 'ਚ ਹਾਲੀ ਵੀ 16000 ਕਰੋੜ ਹੈ। ਭਾਰਤ ਤੇ ਹੋਰਨਾਂ ਰਾਜਾਂ ਵਿੱਚ ਬਿਜਲੀ ਡਿਊਟੀ ਤੋਂ ਆਮਦਨ ਤਿੰਨ ਫ਼ੀਸਦੀ ਹੈ ਜਦਕਿ ਪੰਜਾਬ ਵਿੱਚ ਬਿਜਲੀ ਡਿਊਟੀਆਂ ਤੇ ਹੋਰ ਖ਼ਰਚਿਆਂ ਤੋਂ 10 ਫ਼ੀਸਦੀ ਆਮਦਨ ਪ੍ਰਾਪਤ ਕਰਦਾ ਹੈ। ਇਸੇ ਕਰਕੇ ਸੂਬੇ ਪੰਜਾਬ ਅੰਦਰ 14000 ਤੋਂ ਵੱਧ ਸਨਅੱਤੀ ਬਿਜਲੀ ਕੁਨੈਕਸ਼ਨ ਘੱਟ ਗਏ ਹਨ। ਸਨਅੱਤਕਾਰ ਪੰਜਾਬ ਛੱਡ ਰਹੇ ਹਨ।

ਪੰਜਾਬ ਜਦੋਂ ਇਹੋ ਜਿਹੀ ਆਰਥਿਕ ਸਥਿਤੀ ਦਾ ਸਾਹਮਣਾ ਕਰ ਰਿਹਾ ਹੈ। ਬੇਰੁਜ਼ਗਾਰੀ ਸੂਬੇ ਵਿੱਚ ਅੰਤਾਂ ਦੀ ਹੈ। ਲੋਕਾਂ ਦਾ ਵਿਸ਼ਵਾਸ਼ ਸਰਕਾਰ, ਪ੍ਰਸ਼ਾਸ਼ਨ, ਸਿਆਸਤਦਾਨਾਂ ਤੋਂ ਉੱਠ ਗਿਆ ਹੈ ਤਾਂ ਲੋਕ ਪੰਜਾਬ ਵਿੱਚ ਕਿਸ ਆਸਰੇ ਜੀਊਣ? ਕਿਧਰ ਜਾਣ? ਪ੍ਰਵਾਸ ਨੇ ਉਹਨਾ ਦੇ ਮਨਾਂ 'ਚ ਥਾਂ ਮੱਲ ਲਈ ਹੋਈ ਹੈ। ਜੋ ਪੰਜਾਬੀਆਂ ਦੇ ਲਈ ਘਾਤਕ ਵੀ ਸਾਬਤ ਹੋ ਰਹੀ ਹੈ।

**ਪੰਜਾਬ ਅਤੇ ਫ਼ਿਰਕੂ ਤਾਕਤਾਂ**

ਆਰਥਿਕ ਪੱਖੋਂ ਕਮਜ਼ੋਰ, ਪ੍ਰਸ਼ਾਸ਼ਨਿਕ ਪੱਖੋਂ ਢਿੱਲਾ ਦਾ ਮਾਹੌਲ, ਮਜ਼ਹਬੀ, ਫ਼ਿਰਕੂ ਲੋਕਾਂ ਨੂੰ ਬਲ ਦੇ ਰਿਹਾ ਹੈ। ਲੋਕਾਂ 'ਚ ਉਪਰਾਮਤਾ ਵਧਣ ਕਾਰਨ ਆਪਸੀ ਵਿਸ਼ਵਾਸ਼ ਦਾ ਡਾਵਾਂਡੋਲ ਹੋਣਾ ਸੁਭਾਵਿਕ ਹੈ। ਇਹੋ ਜਿਹੀਆਂ ਹਾਲਤਾਂ 'ਚ ਵੱਖੋ-ਵੱਖਰੇ ਧਰਮਾਂ ਨੂੰ ਮੰਨਣ ਵਾਲੇ ਲੋਕਾਂ 'ਚ ਪਾੜਾ ਵਧਣ ਦੇ ਆਸਾਰ ਪੈਦਾ ਹੁੰਦੇ ਹਨ ਅਤੇ ਸਿਆਸੀ ਚਾਲਾਂ ਅਤੇ ਬੇਅਦਬੀ ਦੀਆਂ ਘਟਨਾਵਾਂ ਭਾਵੇਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੋਣ ਜਾਂ ਹਿੰਦੂਆਂ, ਕ੍ਰਿਸਚੀਅਨਾਂ, ਮੁਸਲਮਾਨਾਂ ਦੇ ਪਵਿੱਤਰ ਗ੍ਰੰਥਾਂ ਦੀਆਂ ਉਹ ਵੱਖੋ-ਵੱਖਰੇ ਧਰਮਾਂ ਨੂੰ ਮੰਨਣ ਵਾਲਿਆਂ ਨੂੰ ਇੱਕ-ਦੂਜੇ ਤੋਂ ਦੂਰ ਲੈ ਜਾਣਗੀਆਂ। ਇਹੋ ਗੱਲ ਦੇਸ਼ ਦੇ ਉਹ ਹਾਕਮ, ਸਿਆਸਤਦਾਨ ਚਾਹੁੰਦੇ ਹਨ, ਜਿਹਨਾ ਦਾ ਇਕੋ ਇੱਕ ਮੰਤਵ ਸਿਆਸੀ ਤਾਕਤ ਹਥਿਆਉਣਾ ਹੈ।

**ਦਿੱਲੀ ਦੇ ਹਾਕਮਾਂ ਦਾ ਪੰਜਾਬ ਨਾਲ ਵਿਤਕਰਾ**

ਉਂਜ ਵੀ ਦੇਸ਼ ਦਾ ਦਿੱਲੀ ਹਾਕਮ ਚਾਹੇ ਉਹ ਕਾਂਗਰਸ ਵੇਲੇ ਸੀ, ਜਾਂ ਹੁਣ ਭਾਜਪਾ ਵੇਲੇ "ਸੋਨੇ ਦੀ ਚਿੜੀ" ਪੰਜਾਬ ਨੂੰ ਸਬਕ ਸਿਖਾਉਣਾ ਚਾਹੁੰਦਾ ਹੈ। ਉਹ ਸਬਕ ਉਹਨਾ 1984 'ਚ ਵੀ ਸਿਖਾਇਆ ਅਤੇ ਸਮੇਂ-ਸਮੇਂ ਪੰਜਾਬ ਨੂੰ ਆਰਥਿਕ ਪੱਖੋਂ ਕੰਮਜ਼ੋਰ ਕਰਕੇ ਵੀ। ਪੰਜਾਬ ਨੂੰ ਕੋਈ ਵੱਡੀ ਸਨਅੱਤ ਨਹੀਂ ਦਿੱਤੀ। ਪੰਜਾਬ ਦੇ ਖੇਤੀ ਉਤਪਾਦਨ ਨੂੰ ਸੰਭਾਲਣ ਲਈ ਪਿੰਡਾਂ 'ਚ ਕੋਈ ਕਾਰਖ਼ਾਨੇ ਨਹੀਂ ਲਗਾਏ, ਸਿਰਫ਼ ਪੰਜਾਬ ਦੇ ਕੱਚੇ ਮਾਲ "ਖੇਤੀ ਉਪਜ" ਨੂੰ ਵਰਤਕੇ ਪੰਜਾਬ ਨੂੰ ਲੁੱਟਿਆ ਹੀ ਹੈ। ਇਸੇ ਗੱਲ ਦਾ ਸਿੱਟਾ ਹੀ ਹੈ ਕਿ ਅੱਜ ਪੰਜਾਬ ਤਬਾਹੀ ਦੀਆਂ ਬਰੂਹਾਂ ਤੇ ਖੜਾ ਵਿਖਾਈ ਦਿੰਦਾ ਹੈ।

ਸਵਾਰਥੀ ਸਿਆਸਤਦਾਨਾਂ ਦੀ ਦੌੜ, ਪੰਜਾਬ ਨੂੰ ਮੰਗ ਖਾਣੇ ਬਨਾਉਣ ਤੇ ਲੱਗੀ ਹੋਈ ਹੈ। ਪੰਜਾਬ ਦਾ ਮਾਹੌਲ ਖ਼ਰਾਬ ਕਰਕੇ, ਇਸਦੀ ਬੋਲੀ, ਇਸਦੇ ਸਭਿਆਚਾਰ, ਇਸਦੇ ਸਮਾਜਿਕ ਤਾਣੇ-ਬਾਣੇ, ਭਾਈਚਾਰਕ ਸਾਂਝ 'ਚ ਛੇਕ ਪਾਉਣ ਤੇ ਲੱਗੀ ਹੋਈ ਹੈ। ਪੰਜਾਬ ਦੇ ਲੋਕਾਂ ਦੀਆਂ ਆਪਸੀ ਪੀਡੀਆਂ ਗੰਢਾਂ ਨੂੰ ਤੋੜਨ ਤੇ ਲੱਗੀ ਹੋਈ ਹੈ ਅਤੇ ਪੰਜਾਬ ਨੂੰ ਜਾਤਾਂ, ਧਰਮਾਂ 'ਚ ਵੰਡਕੇ ਆਪਣੇ ਹਿੱਤ ਸਾਧਣ ਵੱਲ ਰੁਚਿਤ ਹੈ।

**ਪੰਜਾਬ ਦਾ ਮੌਜੂਦਾ ਚੋਣ ਦ੍ਰਿਸ਼**

ਅੱਜ ਪੰਜਾਬ ਦਾ ਚੋਣ ਦ੍ਰਿਸ਼ ਵੇਖਣ ਦੀ ਲੋੜ ਹੈ। ਸਿਆਸੀ ਪਾਰਟੀਆਂ ਲਈ ਪੰਜਾਬ ਦੇ ਮੁੱਦੇ, ਮਸਲੇ ਅਹਿਮ ਨਹੀਂ ਹਨ। ਪੰਜਾਬ ਦੀ ਕਾਂਗਰਸ ਲੋਕ ਹਿੱਤਾਂ ਦੀ ਗੱਲ ਕਰਦੀ ਹੈ, ਪਰ ਉਸ ਵਿੱਚ ਪਾਟੋ-ਧਾੜ ਹੈ, ਉਸਦੇ ਪੰਜ ਛੇ ਧੜੇ ਬਣੇ ਹੋਏ ਹਨ, ਜੋ ਸਿਰਫ਼ ਕੁਰਸੀ ਪ੍ਰਾਪਤੀ ਲਈ ਇੱਕ-ਦੂਜੇ ਦੀਆਂ ਲੱਤਾਂ ਖਿਚ ਰਹੇ ਹਨ। ਲੋਕ ਸਰੋਕਾਰ ਇਹਨਾ ਤੋਂ ਦੂਰ ਹਨ। ਸ਼੍ਰੋਮਣੀ ਅਕਾਲੀ ਦਲ ਤੇ ਬਸਪਾ ਦਾ ਆਪਸੀ ਗੱਠਜੋੜ ਬੇਜੋੜ ਹੈ, ਸਿਰਫ਼ ਆਪਸੀ ਹਿੱਤਾਂ ਦੀ ਪੂਰਤੀ ਕਰਕੇ ਸਿਆਸੀ ਤਾਕਤ ਹਥਿਆਉਣ ਤੱਕ ਸੀਮਤ ਹੈ। ਆਮ ਆਦਮੀ ਪਾਰਟੀ ਗਰੰਟੀ ਦੇਣ ਦੀ ਰਾਜਨੀਤੀ ਕਰਦੀ ਹੈ, ਦਿੱਲੀ ਦਾ ਮੁੱਖ ਮੰਤਰੀ ਪੰਜਾਬ 'ਚ ਔਰਤਾਂ ਨੂੰ ਇੱਕ ਇੱਕ ਹਜ਼ਾਰ ਮਹੀਨਾ ਦੇਣ ਦਾ ਵਾਅਦਾ ਕਰਦਾ ਹੈ, ਦੂਜੀਆਂ ਪਾਰਟੀਆਂ ਪੂਰੇ ਪਰਿਵਾਰ ਨੂੰ ਪੰਜ-ਪੰਜ ਹਜ਼ਾਰ ਦੇਣ ਦੀ ਗੱਲ ਕਰਦੀਆਂ ਹਨ। ਹਾਕਮ ਧਿਰ ਕਾਂਗਰਸ ਨੇ ਤਾਂ ਰਿਆਇਤਾਂ ਦੀ ਝੜੀ ਹੀ ਲਾ ਦਿੱਤੀ ਹੋਈ ਹੈ। ਇਹ ਪੈਸੇ ਕਿਥੋਂ ਆ ਰਹੇ ਹਨ? ਅੱਗੋਂ ਰਿਆਇਤਾਂ ਲਈ ਪੈਸੇ ਕਿਥੋਂ ਆਉਣਗੇ? ਕੇਜਰੀਵਾਲ ਭ੍ਰਿਸ਼ਟਾਚਾਰ ਮੁਕਤ ਪੰਜਾਬ ਦੀ ਗੱਲ ਕਰਦਾ ਹੈ, ਪਰ ਜੋ ਭ੍ਰਿਸ਼ਟਾਚਾਰ ਦਿੱਲੀ 'ਚ ਉਹਦੇ ਰਾਜ ਵਿੱਚ ਹੋ ਰਿਹਾ ਹੈ, ਉਸ ਬਾਰੇ ਚੁੱਪ ਹੈ। ਪੰਜਾਬ ਦੇ ਲੋਕਾਂ ਲਈ ਕਿਸਾਨ ਸੰਘਰਸ਼ ਦੌਰਾਨ ਵਰਜਿਤ ਭਾਜਪਾ ਹੁਣ ਦੂਜੀਆਂ ਪਾਰਟੀਆਂ 'ਚੋਂ ਨਿਰਾਸ਼, ਦਾਗੀ, ਸਿਆਸਤਦਾਨਾਂ ਨੂੰ ਨਿੱਤ ਦਿਹਾੜੇ ਆਪਣੇ ਨਾਲ ਜੋੜ ਰਹੀ ਹੈ। ਪੰਜਾਬ 'ਚ ਦਲਿਤ ਮੁੱਖ ਮੰਤਰੀ ਬਨਾਉਣ ਦਾ ਵਾਅਦਾ ਕਰਦੀ ਹੈ। ਪਰ ਨਾਲੋਂ ਨਾਲ ਕੈਪਟਨ ਅਮਰਿੰਦਰ ਸਿੰਘ ਦੀ ਪਾਰਟੀ ਪੰਜਾਬ ਲੋਕ ਕਾਂਗਰਸ ਨਾਲ ਗੱਠਜੋੜ ਕਰਦੀ ਹੈ ਅਤੇ ਸੁਖਦੇਵ ਸਿੰਘ ਢੀਂਡਸਾ ਦੀ ਪਾਰਟੀ ਨਾਲ ਵੀ। ਪਰ ਕੈਪਟਨ ਅਮਰਿੰਦਰ ਸਿੰਘ ਨੂੰ ਵੱਡਾ ਭਾਈ ਮੰਨ ਕੇ ਉਹ ਜਿੱਤਣ ਦੀ ਸੂਰਤ 'ਚ ਉਸ ਨੂੰ ਮੁੱਖ ਮੰਤਰੀ ਬਣਾਏਗੀ ਜਾਂ ਕਿਸੇ ਦਲਿਤ ਚਿਹਰੇ ਨੂੰ। ਉਂਜ ਪੰਜਾਬ ਦੀ ਸਿਆਸਤ 'ਚ ਇਸ ਵੇਰ ਦਾ ਮੁੱਲ ਬੁਹਤ ਖ਼ਤਰਨਾਕ ਹੈ। ਕਾਂਗਰਸ ਨੇ ਦਲਿਤ ਚਿਹਰਾ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਕੇ ਦਲਿਤਾਂ ਦੀ ਹਿਤੈਸ਼ੀ ਹੋਣ ਦਾ ਅਤੇ ਉਹਨਾ ਦੀਆਂ ਵੋਟਾਂ ਵਟੋਰਨ ਦਾ ਜਦੋਂ ਦਾਅ ਚੱਲਿਆ ਤਾਂ ਸ਼੍ਰੋਮਣੀ ਅਕਾਲੀ ਦਲ ਨੇ ਵੀ ਅਤੇ ਆਮ ਆਦਮੀ ਪਾਰਟੀ ਨੇ ਵੀ ਉਪ ਮੁੱਖ ਮੰਤਰੀ ਦਾ ਚਿਹਰਾ ਕਿਸੇ ਦਲਿਤ ਨੂੰ ਬਣਾਉਣ ਦਾ ਐਲਾਨ ਕਰ ਦਿੱਤਾ। ਅਸਲ ਵਿੱਚ ਭਾਜਪਾ ਵਲੋਂ ਮੁੱਖ ਮੰਤਰੀ ਦਾ ਚਿਹਰਾ ਦਲਿਤ ਐਲਾਨਣ ਨਾਲ ਪੰਜਾਬ ਵਿੱਚ ਜਾਤ ਦੇ ਨਾਮ ਉਤੇ ਸਿਆਸਤ ਦਾ ਆਰੰਭ ਹੋਇਆ। ਕੀ ਹੁਣ ਪੰਜਾਬ ਦੀ ਆਬੋ ਹਵਾ 'ਚ ਧਰਮ, ਜਾਤਾਂ ਦਾ ਵਖਰੇਵਾਂ ਪਾ ਕੇ ਯੂ.ਪੀ. ਵਾਂਗਰ ਚੋਣਾਂ ਜਿੱਤਣ ਲਈ ਪੰਜਾਬ ਦੇ ਮਾਹੌਲ ਨੂੰ ਖਰਾਬ ਕਰਨ ਦਾ ਕੋਝਾ ਯਤਨ ਤਾਂ ਨਹੀ ਹੋ ਰਿਹਾ? ਇਹ ਗੱਲ ਪੰਜਾਬੀਆਂ ਦੇ ਸਮਝਣ ਤੇ ਸੁਚੇਤ ਹੋਣ ਦੀ ਹੈ।

ਇਸ ਸਬੰਧੀ ਸਿਆਸੀ ਪਾਰਟੀਆਂ ਨੇ ਸੁਚੇਤ ਹੋ ਕੇ ਆਪਣੇ ਵਲੋਂ ਬਿਆਨ ਦਿੱਤੇ ਹਨ, ਜੋ ਸਮਝਣ ਵਾਲੇ ਹਨ। ਪੰਜਾਬ ਦੇ ਮੁੱਖ ਮੰਤਰੀ ਕਹਿੰਦੇ ਹਨ ਕਿ ਬੇਅਦਬੀ ਪਿੱਛੇ ਕੇਂਦਰੀ ਏਜੰਸੀਆਂ ਦਾ ਹੱਥ ਹੈ। ਚੋਣਾਂ ਦੇ ਦੌਰ 'ਚ ਪੂਰੇ ਸੂਬੇ ਵਿੱਚ ਕਾਂਗਰਸ ਦੇ ਹੱਕ 'ਚ ਹਵਾ ਚੱਲ ਰਹੀ ਹੈ। ਇਸ ਕਾਰਨ ਘਬਰਾਹਟ ਵਿੱਚ ਆ ਕੇ ਪ੍ਰਦੇਸ਼ ਵਿੱਚ ਮਾਹੌਲ ਖਰਾਬ ਕਰਨ ਦਾ ਯਤਨ ਹੋ ਰਿਹਾ ਹੈ। ਆਰ.ਐਸ.ਐਸ. ਦੇ ਆਗੂ ਸਰਕਾਰਜਵਾਹ ਦੱਤਾ ਤ੍ਰੇ ਹੋਸਬਾਲੇ ਨੇ ਕਿਹਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਪੰਰਪਰਾ ਸਾਡੀ ਸਾਰਿਆਂ ਦੀ ਸਾਂਝੀ ਵਿਰਾਸਤ ਤੇ ਸ਼ਰਧਾ ਦਾ ਵਿਸ਼ਾ ਹੈ। ਸਮਾਜ ਨੂੰ ਆਪਸ ਵਿੱਚ ਲੜਾਉਣ ਵਾਲੀਆਂ ਤਾਕਤਾਂ ਸਾਜ਼ਿਸ਼ਾਂ ਕਰ ਰਹੀਆਂ ਹਨ। ਅਜਿਹੇ ਚਾਲਬਾਜ਼ਾਂ ਦਾ ਪਰਦਾਫਾਸ਼ ਕਰਕੇ ਉਹਨਾ ਨੂੰ ਸਖ਼ਤ ਸਜ਼ਾ ਦੇਣੀ ਚਾਹੀਦੀ ਹੈ। ਪਰ ਸਿਆਸਤਦਾਨਾਂ ਦੇ ਬੋਲ ਕੀ ਸਚਮੁੱਚ ਦਿਲੋਂ-ਮਨੋਂ ਹਨ, ਜਾਂ ਫਿਰ ਉਹਨਾ ਦੇ ਮਨ ਅੰਦਰ ਕੋਈ ਹੋਰ ਗੱਲ ਵੀ ਲੁਕੀ ਹੋਈ ਹੈ, ਉਹ ਇਹ ਕਿ ਪੰਜਾਬ ਨੂੰ, ਪੰਜਾਬੀਆਂ ਨੂੰ ਕਿਵੇਂ ਕਾਬੂ ਕਰਨਾ ਹੈ, ਕਿਵੇਂ ਪੰਜਾਬ ਦਾ ਰਾਜ ਭਾਗ ਹਰ ਹੀਲੇ ਹਥਿਆਉਣਾ ਹੈ?

# ਭਾਜਪਾ, ਕੈਪਟਨ ਦੀ ਪਾਰਟੀ ਤੇ ਢੀਂਡਸਾ ਧੜੇ ਦੀ ਤਾਲਮੇਲ ਕਮੇਟੀ ਦਾ ਐਲਾਨ

**ਜਲੰਧਰ** – ਪੰਜਾਬ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸੂਬੇ 'ਚ ਸਿਆਸਤ ਗਰਮਾ ਗਈ ਹੈ। ਇਸ ਦੇ ਚਲਦਿਆਂ ਕੇਂਦਰੀ ਮੰਤਰੀ ਤੇ ਪੰਜਾਬ ਭਾਜਪਾ ਮਾਮਲਿਆਂ ਦੇ ਇੰਚਾਰਜ ਗਜੇਂਦਰ ਸਿੰਘ ਸ਼ੇਖਾਵਤ ਨੇ ਭਾਜਪਾ, ਕੈਪਟਨ ਅਮਰਿੰਦਰ ਸਿੰਘ ਦੀ ਪਾਰਟੀ ਪੰਜਾਬ ਲੋਕ ਕਾਂਗਰਸ ਤੇ ਸੁਖਦੇਵ ਸਿੰਘ ਢੀਂਡਸਾ ਦੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੀ 6 ਮੈਂਬਰੀ ਤਾਲਮੇਲ ਕਮੇਟੀ ਦਾ ਐਲਾਨ ਕਰ ਦਿੱਤਾ ਹੈ।ਕੀਤੇ ਐਲਾਨ ਮੁਤਾਬਕ ਭਾਜਪਾ ਤੋਂ ਕਮੇਟੀ ਵਿਚ ਸੁਭਾਸ਼ ਸ਼ਰਮਾ ਤੇ ਦਿਆਲ ਰਾਮ ਸੋਢੀ, ਕੈਪਟਨ ਦੀ ਪਾਰਟੀ ਤੋਂ ਰਣਇੰਦਰ ਸਿੰਘ ਟਿੱਕੂ ਤੇ ਜਨਰਲ ( (ਰਿਟਾ) ਟੀ ਐਸ ਸ਼ੇਰਗਿੱਲ ਅਤੇ ਢੀਂਡਸਾ ਧੜੇ ਤੋਂ ਜਸਟਿਸ ਨਿਰਮਲ ਸਿੰਘ ਤੇ ਸਾਬਕਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਇਸਦੇ ਮੈਂਬਰ ਬਣਾਏ ਗਏ ਹਨ। ਸਾਬਕਾ ਮੁੱਖ ਮੰਤਰੀ ਤੇ ਨਵੀਂ ਬਣੀ ਪਾਰਟੀ ਪੰਜਾਬ ਲੋਕ ਕਾਂਗਰਸ ਦੇ ਮੁਖੀ ਅਮਰਿੰਦਰ ਸਿੰਘ ਨੇ ਇਕ ਬਿਆਨ ਜਾਰੀ ਕਰ ਕੇ ਕਿਹਾ ਉਨ੍ਹਾਂ ਨੇ ਦੇਸ਼ ਦੀ ਸੁਰੱਖਿਆ ਅਤੇ ਪੰਜਾਬ ਦੇ ਵਿਕਾਸ ਲਈ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਗੱਠਜੋੜ ਕੀਤਾ ਹੈ।ਉਨ੍ਹਾਂ ਦਾਅਵਾ ਕੀਤਾ ਕਿ ਇਹ ਗੱਠਜੋੜ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਜਿੱਤ ਹਾਸਲ ਕਰੇਗਾ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਭਾਜਪਾ ਦੇ ਕੌਮੀ ਪ੍ਰਧਾਨ ਜੇ।ਪੀ। ਨੱਢਾ ਅਤੇ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨਾਲ ਦਿੱਲੀ ਵਿੱਚ ਮੁਲਾਕਾਤ ਮਗਰੋਂ ਅਮਰਿੰਦਰ ਸਿੰਘ ਨੇ ਕਿਹਾ, ''ਮੈਂ ਖੁਸ਼ ਹਾਂ ਕਿ ਦੇਸ਼ ਦੀ ਸੁਰ-ੱਖਿਆ, ਭਲਾਈ ਅਤੇ ਪੰਜਾਬ ਦੇ ਵਿਕਾਸ ਲਈ ਅਸੀਂ ਇਕੱਠੇ ਹਾਂ।''ਕੈਪਟਨ ਅਮਰਿੰਦਰ ਨੇ ਕਿਹਾ ਕਿ ਉਹ ਦੇਸ਼ ਦੀ ਸੁਰ-ੱਖਿਆ ਅਤੇ ਪੰਜਾਬ ਦੀ ਭਲਾਈ ਤੇ ਤਰੱਕੀ ਲਈ ਇਕੱਠੇ ਆ ਕੇ ਖੁਸ਼ ਹਨ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਉਹ ਖੁਸ਼ ਹਨ ਕਿ ਤਿੰਨੇ ਪਾਰਟੀਆਂ ਪੰਜਾਬ ਨੂੰ ਇੱਕ ਵਾਰ ਫਿਰ ਤੋਂ ਖੁਸ਼ਹਾਲੀ ਦੇ ਮਾਰਗ ਤੇ ਲਿਆਉਣ ਲਈ ਇਕੱਠੇ ਚੋਣ ਲੜਨ ਤੇ ਰਾਜ਼ੀ ਹੋ ਗਈਆਂ ਹਨ। ਉਨ੍ਹਾਂ ਕਿਹਾ ਕਿ ਕੇਂਦਰ ਤੇ ਪੰਜਾਬ ਚ ਭਾਜਪਾ ਦੀਆਂ ਸਰਕਾਰਾਂ ਨਾਲ ਡਬਲ ਇੰਜਨ ਰਾਹੀਂ ਪੰਜਾਬ ਇੱਕ ਵਾਰ ਫਿਰ ਤੋਂ ਤਰੱਕੀ ਅਤੇ ਵਿਕਾਸ ਦੇ ਮਾਰਗ ਤੇ ਪਰਤੇਗਾ। ਉਨ੍ਹਾਂ ਕਿਹਾ ਕਿ ਸੂਬੇ ਦੇ ਸਾਰੇ ਵਰਗਾਂ ਦੀਆਂ ਲੋੜਾਂ ਦੇ ਮੱਦੇਨਜ਼ਰ ਮੈਨੀਫੈਸਟੋ ਤਿਆਰ ਕੀਤਾ ਜਾ ਰਿਹਾ ਹੈ। ਕੈਪਟਨ ਅਮਰਿੰਦਰ ਨੇ ਸਪੱਸ਼ਟ ਕੀਤਾ ਕਿ ਤਿੰਨਾਂ ਪਾਰਟੀਆਂ ਵਿਚਾਲੇ ਸੀਟਾਂ ਸਬੰਧੀ ਤਾਲਮੇਲ ਜਲਦ ਹੀ ਪੂਰਾ ਕਰ ਲਿਆ ਜਾਵੇਗਾ। ਉਨ੍ਹਾਂ ਨੇ ਇਕ ਵਾਰ ਫਿਰ ਤੋਂ ਦੁਹਰਾਇਆ ਕਿ ਉਮੀਦਵਾਰਾਂ ਦੀ ਚੋਣ ਉਨ੍ਹਾਂ ਦੀ ਜਿੱਤਣ ਦੀ ਕਾਬਲੀਅਤ ਦੇ ਆਧਾਰ ਤੇ ਹੋਵੇਗੀ, ਨਾ ਕਿ ਉਹ ਕਿਸ ਪਾਰਟੀ ਤੋਂ ਚੋਣ ਲੜਦੇ ਹਨ। ਉਨ੍ਹਾਂ ਖੁਲਾਸਾ ਕੀਤਾ ਕਿ ਪਾਰਟੀ ਤੋਂ ਨਾਮਜ਼ਦਗੀ ਹਾਸਲ ਕਰਨ ਲਈ ਉਨ੍ਹਾਂ ਨੂੰ ਸੂਬੇ ਭਰ ਤੋਂ ਭਾਰੀ ਸਮਰਥਨ ਅਤੇ ਉਤਸ਼ਾਹ ਮਿਲ ਰਿਹਾ ਹੈ। ਉਨ੍ਹਾਂ ਭਰੋਸਾ ਹੈ ਕਿ ਪੰਜਾਬ 'ਚ ਨਵੀਂ ਸਿਆਸਤ ਦੀ ਸ਼ੁਰੂਆਤ ਹੋਵੇਗੀ। ਅਸੀਂ ਚੋਣਾਂ ਦੀ ਸ਼ਾਨਦਾਰ ਜਿੱਤ ਦਾ ਰਿਕਾਰਡ ਕਾਇਮ ਕਰਾਂਗੇ।ਇਸ ਦੌਰਾਨ ਉਨ੍ਹਾਂ ਨੇ ਨੌਜਵਾਨਾਂ ਅਤੇ ਕਿਸਾਨਾਂ ਸਣੇ ਪੰਜਾਬ ਦੇ ਸਾਰੇ ਵਰਗਾਂ ਪ੍ਰਤੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਉਨ੍ਹਾਂ ਦੇ ਹਿੱਤਾਂ ਦੀ ਕਿਸੇ ਵੀ ਕੀਮਤ ਤੇ ਰਾਖੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਖੇਤੀ ਪੰਜਾਬ ਦੀ ਤਰੱਕੀ ਦਾ ਇਕ ਅਭਿੰਨ ਅੰਗ ਹੈ ਅਤੇ ਇਸ ਖੇਤਰ ਤੇ ਜ਼ਿਆਦਾ ਜ਼ੋਰ ਦਿੱਤਾ ਜਾਵੇਗਾ।





# KB USED AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

ਪੰਜਾਬੀ ਭਰਾਵਾਂ ਲਈ ਸੇਲ
ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ
ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED
TIRES
WASH, LUBE, BRAKES

Call:
650-642-0697

3525 Highway 99, West Corning, CA 96021
Across the Street from TA Truck Stop